# ਸਰਦਾਰ ਸ਼ਾਮ ਸਿੰਘ ਅਟਾਰੀਵਾਲਾ

ਲੇਖਕ
ਗੰਡਾ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸਰਦਾਰ ਸ਼ਾਮ ਸਿੰਘ ਅਟਾਰੀਵਾਲਾ

ਗੰਡਾ ਸਿੰਘ

ਗਿਆਨੀ ਸਰੂਪ ਸਿੰਘ ਕੜਿਆਣਾ * ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ) *
ਮੋਬਾਇਲ
98150-03075

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਯੂਨੀਵਰਸਿਟੀ, ਪਟਿਆਲਾ

SARDAR SHAM SINGH ATTARIWALA *(Punjabi)*
GANDA SINGH

ISBN 81-7380-754-X

2001
ਦੂਜੀ ਵਾਰ : 1100
ਮੁੱਲ : 120/- ਰੁਪਏ

*ਲੇਜ਼ਰ ਸੈਟਿੰਗ* : ਪੈਸਮੈਨ ਗ੍ਰਾਫਿਕਸ, ਜੰਡ ਗਲੀ, ਪਟਿਆਲਾ

ਡਾ. ਬਲਬੀਰ ਸਿੰਘ ਭਾਟੀਆ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪਰਕਾਸ਼ਿਤ ਕੀਤੀ ਅਤੇ ਵਾਸੀ ਪ੍ਰਿੰਟਰਜ਼, ਦਿੱਲੀ ਵਿਖੇ ਛਪੀ।

ਗਿਆਨੀ ਸਰੂਪ ਸਿੰਘ ਕੰਡਿਆਣਾ * ਪਿੰਡ ਕੰਡਿਆਣਾ ਤਹਿ: ਫਿਲੌਰ (ਜਲੰਧਰ)
ਮੋਬਾਇਲ 98150-03075

# ਲੇਖ ਸੂਚੀ


ਆਰੰਭਕ ਸ਼ਬਦ (v)

1. ਖ਼ਾਨਦਾਨ 1
2. ਸਰਦਾਰ ਨਿਹਾਲ ਸਿੰਘ 6
3. ਮੁਲਤਾਨ ਦੀ ਲੜਾਈ 11
4. ਦੋਸਤ ਮੁਹੰਮਦ ਖ਼ਾਨ ਦੇ ਵਿਰੁੱਧ ਚੜ੍ਹਾਈ 14
5. ਕਸ਼ਮੀਰ ਦੀ ਮੁਹਿੰਮ 16
6. ਮਾਈ ਸਦਾ ਕੌਰ ਦਾ ਮਾਮਲਾ 19
7. ਅਟਕ ਉੱਤੇ ਚੜ੍ਹਾਈ 21
8. ਸੱਯਦ ਅਹਿਮਦ ਬਰੇਲਵੀ ਦੇ ਵਿਰੁੱਧ ਮੁਹਿੰਮ 23
9. ਲੈਫ਼ਟਿਨੈਂਟ ਅਲੈਗਜ਼ੈਂਡਰ ਬਰਨਜ਼ ਦੀ ਆਓ-ਭਗਤ 28
10. ਰੋਪੜ ਦੀ ਮੁਲਾਕਾਤ 34
11. ਅਲੈਗਜ਼ੈਂਡਰ ਬਰਨਜ ਦਾ ਮੁੜ ਸੁਆਗਤ 37
12. ਸੰਗੜ (ਡੇਰਾ ਗਾਜ਼ੀ ਖ਼ਾਨ) ਦੀ ਮੁਹਿੰਮ 39
13. ਮਹਾਰਾਜੇ ਦੀ ਨਾਰਾਜ਼ਗੀ 41
14. ਬਨੂੰ ਦੀ ਮੁਹਿੰਮ 42
15. ਪਿਸ਼ਾਵਰ ਦੀ ਮੁਹਿੰਮ 44
16. ਬੀਬੀ ਨਾਨਕੀ ਦੀ ਮੰਗਣੀ 46
17. ਖੇਮ ਕਰਨੀਆਂ ਦੀ ਸ਼ਿਕਾਇਤ 48
18. ਗੁਰਦੁਆਰਾ ਬਾਬਾ ਅਟੱਲ ਸਾਹਿਬ ਦੀ ਸੇਵਾ 49
19. ਬੀਬੀ ਨਾਨਕੀ ਤੇ ਕੰਵਰ ਨੌਨਿਹਾਲ ਸਿੰਘ ਦਾ ਵਿਆਹ 50
20. ਪਿਸ਼ਾਵਰ ਨੂੰ ਕੂਚ 54
21. ਹਜ਼ਾਰੇ ਨੂੰ 56
22. ਕੰਵਰ ਦਲੀਪ ਸਿੰਘ ਦਾ ਜਨਮ 57
23. ਸ਼ਾਹ ਸ਼ੁਜਹਾ ਨਾਲ ਤ੍ਰਿਪਾਸਾ ਅਹਿਦਨਾਮਾ 60
24. ਕਾਬਲ ਵੱਲ ਚੜ੍ਹਾਈ 62
25. ਸਰ ਜੌਨ ਕੀਨ ਦੀ ਆਓ-ਭਗਤ 65

26. ਕੰਵਰ ਨੌਨਿਹਾਲ ਸਿੰਘ ਦੀ ਬੀਮਾਰੀ 66
27. ਪਾਇੰਦਾ ਖ਼ਾਨ ਦੀ ਸ਼ੋਰਸ਼ 67
28. ਮਾਹਾਰਾਜਾ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਦੀ ਮੌਤ 68
29. ਮਹਾਰਾਣੀ ਚੰਦ ਕੋਰ ਨੇ ਰਾਜ ਸੰਭਾਲਣਾ 72
30. ਕੰਵਰ ਸ਼ੇਰ ਸਿੰਘ ਰਾਜ-ਗੱਦੀ ਉੱਤੇ 74
31. ਡੋਗਰਾ ਸਾਜ਼ਸ਼ੀਆਂ ਦੇ ਵਿਰੁੱਧ ਨਾ-ਕਾਮਯਾਬ ਯਤਨ 75
32. ਕੰਵਰ ਪ੍ਰਤਾਪ ਸਿੰਘ ਤੇ ਲਾਰਡ ਐਲਨਬਰੋ ਦੀ ਮੁਲਾਕਾਤ 77
33. ਮਹਾਰਾਜਾ ਸ਼ੇਰ ਸਿੰਘ ਦਾ ਕਤਲ 80
34. ਮਹਾਰਾਜਾ ਦਲੀਪ ਸਿੰਘ ਦਾ ਜ਼ਮਾਨਾ
—ਹੀਰਾ ਸਿੰਘ ਤੇ ਪੰਡਤ ਜਲ੍ਹੇ ਦਾ ਮਾਰਿਆ ਜਾਣਾ 84
35. ਜਸਰੋਟੇ ਤੇ ਜੰਮੂ ਦੀ ਮੁਹਿੰਮ 87
36. ਰਾਜਾ ਗੁਲਾਬ ਸਿੰਘ ਦੀ ਹਾਜ਼ਰ ਜ਼ਮਾਨਤ 92
37. ਵਜ਼ੀਰ ਜਵਾਹਰ ਸਿੰਘ ਦੀ ਮੌਤ 95
38. ਕਕਰਾਲੇ ਤੋਂ ਵਾਪਸ 99
39. ਈਸਟ ਇੰਡੀਆ ਕੰਪਨੀ ਦੀਆਂ ਪੰਜਾਬ ਸੰਬੰਧੀ ਤਿਆਰੀਆਂ 101
40. ਅੰਗ੍ਰੇਜ਼ਾਂ ਤੇ ਸਿੰਘਾਂ ਦੀ ਲੜਾਈ—ਮੁਦਕੀ ਦੇ ਮੈਦਾਨ ਵਿਚ 107
41. ਫੇਰੂ ਸ਼ਹਿਰ ਦੀ ਲੜਾਈ 115
42. ਸਰਦਾਰ ਸ਼ਾਮ ਸਿੰਘ ਨੂੰ ਸੱਦਾ 118
43. ਅਲੀਵਾਲ ਦੀ ਝੜਪ 120
44. ਸਭਰਾਵਾਂ ਦੀ ਲੜਾਈ—ਸਰਦਾਰ ਸ਼ਾਮ ਸਿੰਘ ਦੀ ਸ਼ਹੀਦੀ 123
45. ਸਰਦਾਰ ਸ਼ਾਮ ਸਿੰਘ ਦਾ ਸੰਸਕਾਰ 135
46. ਸਰਦਾਰ ਸ਼ਾਮ ਸਿੰਘ ਦਾ ਬੰਸ 137
—ਕੁਰਸੀ-ਨਾਮਾ 138
47. ਆਧਾਰ ਸੂਚੀ 139

# ਦੂਜੇ ਐਡੀਸ਼ਨ ਬਾਰੇ

ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਪੰਜਾਬ ਦੇ ਪਰਸਿੱਧ ਇਤਿਹਾਸਕਾਰ ਡਾ ਗੰਡਾ ਸਿੰਘ ਜੀ ਦੀ ਮਹਾਨ ਇਤਿਹਾਸਕ ਰਚਨਾ ਹੈ। ਇਹ ਉਨ੍ਹਾਂ ਨੇ 1946 ਵਿਚ ਤਿਆਰ ਕੀਤੀ ਸੀ ਅਤੇ ਪਬਲੀਕੇਸ਼ਨ ਬਿਊਰੋ ਨੇ ਇਸ ਨੂੰ 1990 ਵਿਚ ਛਾਪਿਆ ਸੀ। ਇਸ ਦੀਆਂ ਗਿਆਰਾਂ ਸੋ ਕਾਪੀਆਂ ਬੜੀ ਤੇਜ਼ੀ ਨਾਲ ਵਿਕ ਗਈਆਂ ਸਨ। ਬੜੇ ਚਿਰਾਂ ਤੋਂ ਇਹ ਪੁਸਤਕ ਸਟਾਕ ਵਿਚੋਂ ਖਤਮ ਹੋਈ ਪਈ ਸੀ। ਪਾਠਕਾਂ ਦੀ ਪੁਰਜ਼ੋਰ ਮੰਗ ਤੇ ਇਸ ਨੂੰ ਦੂਜੀ ਵਾਰ ਛਾਪਿਆ ਜਾ ਰਿਹਾ ਹੈ।

ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਪੰਜਾਬ ਦੇ ਇਕ ਐਸੇ ਸੂਰਬੀਰ ਜਰਨੈਲ ਸਨ ਜਿਨ੍ਹਾਂ ਨੇ ਆਪਣੀ ਸਰਕਾਰੀ ਸੇਵਾ ਤੋਂ ਰਿਟਾਇਰਮੈਂਟ ਲੈਣ ਦੇ ਅਨੇਕਾਂ ਸਾਲਾਂ ਬਾਅਦ ਅੱਸੀ ਸਾਲਾਂ ਦੀ ਬਜ਼ੁਰਗ ਅਵਸਥਾ ਵਿਚ ਖ਼ਾਲਸਾ ਫ਼ੌਜ ਦੀ ਅਗਵਾਈ ਕਰਕੇ ਅੰਗਰੇਜ਼ਾ ਦੇ ਐਸੇ ਦੰਦ ਖੱਟੇ ਕੀਤੇ ਸਨ ਕਿ ਪੰਜਾਬ ਦਾ ਇਕ ਸਮਕਾਲੀ ਮੁਸਲਿਮ ਕਵੀ ਵੀ ਇਹ ਲਿਖ ਗਿਆ ਸੀ :

*ਸ਼ਾਮ ਸਿੰਘ ਸਰਦਾਰ ਅਟਾਰੀਵਾਲੇ ਬੰਨ ਸ਼ਸਤ੍ਰੀਂ ਜੋੜ ਵਿਛੋੜ ਸੁੱਟੇ।*
*ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।*

ਪੰਜਾਬ ਦੀ ਸੁਤੰਤਰਤਾ ਲਈ ਜੰਗੇ ਮੈਦਾਨ ਵਿਚ ਇਹ ਸੂਰਮਾ ਸੈਂਕੜੇ ਅੰਗਰੇਜ਼ਾਂ ਦੇ ਆਹੂ ਲਾਹ ਕੇ ਸ਼ਹੀਦ ਹੋ ਗਿਆ ਸੀ। ਇਹ ਦੂਜੀ ਐਡੀਸ਼ਨ ਇਸ ਮਹਾਨ ਸੂਰਬੀਰ ਦੀ ਸ਼ਹਾਦਤ ਨੂੰ ਇਕ ਸ਼ਰਧਾ-ਪੂਰਨ ਸ਼ਰਧਾਂਜਲੀ ਹੈ।

ਪਬਲੀਕੇਸ਼ਨ ਬਿਊਰੋ, ਡਾ. ਸੁਖਦਿਆਲ ਸਿੰਘ
ਪੰਜਾਬੀ ਯੂਨੀਵਰਸਿਟੀ, ਪਟਿਆਲਾ। *ਮੁਖੀ*

# ਆਰੰਭਕ ਸ਼ਬਦ

5 ਦਸੰਬਰ 1939 ਨੂੰ ਮੇਰੇ ਮਿੱਤਰ ਸਰਦਾਰ ਈਸ਼ਰ ਸਿੰਘ ਮਝੈਲ ਨੇ ਮੈਨੂੰ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੇ ਜੀਵਨ ਉੱਤੇ ਇਕ ਦੁਫ਼ਰਮੀ ਟਰੈਕਟ ਲਿਖਣ ਲਈ ਪ੍ਰੇਰਨਾ ਕੀਤੀ ਤਾਂ ਕਿ 10 ਫ਼ਰਵਰੀ 1940 ਨੂੰ ਪਿੰਡ ਅਟਾਰੀ ਵਿਚ ਕੀਤੀ ਜਾ ਰਹੀ ਕਾਨਫ਼ਰੰਸ ਉੱਤੇ ਵੰਡਿਆ ਜਾ ਸਕੇ। ਇਨ੍ਹਾਂ ਦੀ ਆਗਿਆ ਨੂੰ ਪ੍ਰਵਾਨ ਕਰ ਕੇ ਮੈਂ ਇਕ ਸੰਖੇਪ ਲੇਖ ਧਰੂ ਕੱਢਿਆ, ਪਰ ਕਈ ਕਾਰਣਾਂ ਕਰਕੇ ਇਹ ਪ੍ਰਕਾਸ਼ਿਤ ਨਾ ਹੋ ਸਕਿਆ। ਫੇਰ ਸਰਦਾਰ ਈਸ਼ਰ ਸਿੰਘ ਜੇਲ੍ਹ ਚਲੇ ਗਏ ਅਤੇ ਦੂਸਰੇ ਪਾਸੇ ਸੰਸਾਰ-ਯੁੱਧ ਦੇ ਕਾਰਨ ਹਾਲਾਤ ਕੁਝ ਐਸੇ ਪੈਦਾ ਹੋ ਗਏ ਕਿ ਅਲੀਗੜ੍ਹ ਜਾ ਕੇ ਇਸ ਦਾ ਦੋਬਾਰਾ ਲਿਖਿਆ ਵੱਡਾ ਖਰੜਾ ਵੀ ਨਾ ਛਾਪਿਆ ਜਾ ਸਕਿਆ। ਮੈਂ ਸਮਝਦਾ ਹਾਂ ਕਿ ਇਹ ਸਭ ਕੁਝ ਚੰਗਾ ਹੀ ਹੋ ਰਿਹਾ ਸੀ ਕਿਉਂਕਿ ਸਮਾਂ ਪੈ ਜਾਣ ਨਾਲ ਕੀਤੇ ਗਏ ਵਾਧਿਆਂ ਪਿੱਛੋਂ ਹੁਣ ਇਹ ਪੁਸਤਕ ਜ਼ਰਾ ਹੋਰ ਚੰਗੀ ਸ਼ਕਲ ਵਿਚ ਪਾਠਕਾਂ ਦੇ ਹੱਥਾਂ ਵਿਚ ਜਾ ਰਹੀ ਹੈ।

ਇਸ ਪੁਸਤਕ ਵਿਚ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਖ਼ਾਲਸਾ ਜੀ ਦੀ ਜ਼ਿੰਦਗੀ ਦੇ ਤਿੰਨ ਝਲਕਾਰੇ ਨਜ਼ਰ ਆਉਂਦੇ ਹਨ। ਪਹਿਲਾ ਉਹ ਜਦ ਕਿ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਰਣ-ਤੱਤੇ ਵਿਚ ਛਾਲੀਂ ਕੁੱਦਦੇ ਸਨ ਅਤੇ ਪੰਥ ਦੀ ਆਨ-ਸ਼ਾਨ ਨੂੰ ਕਾਇਮ ਰੱਖਣ ਲਈ ਹਰ ਵੇਲੇ ਆਪਣੇ ਆਪ ਨੂੰ ਘੋਲ-ਘੁਮਾ ਦੇਣ ਲਈ ਤਿਆਰ-ਬਰ-ਤਿਆਰ ਰਹਿੰਦੇ ਸਨ। ਖੁਦ ਟੁਕੜੇ-ਟੁਕੜੇ ਹੋ ਜਾਣਾ ਖਿੜੇ ਮੱਥੇ ਪ੍ਰਵਾਨ ਕਰਦੇ ਸਨ ਪਰ ਕੌਮ ਦੀ ਹੇਠੀ ਹੋਣ ਦੇ ਖ਼ਿਆਲ ਨੂੰ ਵੀ ਨਹੀਂ ਸਨ ਸਹਾਰ ਸਕਦੇ। ਕੰਵਰ ਨੌਨਿਹਾਲ ਸਿੰਘ ਨੂੰ ਭਾਵੇਂ ਡੋਗਰਿਆਂ ਨੇ ਕੁਰਾਹੇ ਹੀ ਪਾ ਦਿੱਤਾ ਸੀ, ਪਰ ਦੇਸ਼ ਦੇ ਫ਼ਰੰਗੀਆਂ ਦੇ ਹੱਥ ਚਲੇ ਜਾਣ ਦੇ ਖ਼ਿਆਲ ਨੇ ਉਸ ਨੂੰ ਆਪਣੇ ਪਿਤਾ ਮਹਾਰਾਜਾ ਖੜਕ ਸਿੰਘ ਤਕ ਦੇ ਵਿਰੁੱਧ ਹੋ ਜਾਣ ਉੱਤੇ ਵੀ ਮਜਬੂਰ ਕਰ ਦਿੱਤਾ। ਜਦ ਡੋਗਰਿਆਂ ਦੀ ਸਾਜ਼ਿਸ਼ ਨਾਲ ਕੰਵਰ ਨੌਨਿਹਾਲ ਸਿੰਘ ਜ਼ਖ਼ਮੀ ਹੋ ਜਾਂਦਾ ਹੈ ਅਤੇ ਅੰਦਰ ਲਿਜਾ ਕੇ ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ ਹਨ, ਤਾਂ ਸਰਦਾਰਾਂ ਨੂੰ ਧੱਕੇ ਮਾਰ ਕੇ ਪਿੱਛੇ ਹਟਾ ਦਿੱਤਾ ਜਾਂਦਾ ਹੈ, ਮਹਾਰਾਣੀ ਚੰਦ ਕੌਰ ਰੋਂਦੀ-ਪਿਟਦੀ ਆਉਂਦੀ ਹੈ, ਦਰਵਾਜੇ ਨਾਲ ਹੱਥ ਮਾਰ-ਮਾਰ ਕੇ ਲਹੂ-ਲੁਹਾਣ ਕਰ ਲੈਂਦੀ ਹੈ, ਪਰ ਕੋਈ ਸਰਦਾਰ ਡੋਗਰਿਆਂ ਦੇ ਵਿਰੁੱਧ ਹੀਆ ਨਹੀਂ ਕਰਦਾ। ਕੰਵਰ ਨੌਨਿਹਾਲ ਸਿੰਘ ਮਾਰ ਦਿੱਤਾ ਜਾਂਦਾ ਹੈ, ਪਰ ਸਰਦਾਰਾਂ ਉੱਤੇ ਮੁਰਦਨੀ ਛਾਈ ਰਹਿੰਦੀ ਹੈ।

ਫਿਰ ਉਹ ਦਿਨ ਆਏ ਕਿ ਪਰਾਇਆਂ ਦੇ ਅੱਡੇ ਲੱਗ ਕੇ ਸੂਰਮਿਆਂ ਨੇ ਆਪਣਿਆਂ

ਦੇ ਹੀ ਪਰਨਾਲੇ ਢਾਹੁਣੇ ਸ਼ੁਰੂ ਕਰ ਦਿੱਤੇ ਤੇ ਦੁਨਾਲੀਆਂ ਆਪਣੇ ਹੀ ਮਹਾਰਾਜੇ ਦੀ ਛਾਤੀ ਵਿਚ ਦਾਗੀਆਂ ਅਤੇ ਵੱਡੇ ਬਹਾਦੁਰਾਂ ਦੀਆਂ ਤਲਵਾਰਾਂ ਮਾਸੂਮ ਸ਼ਾਹਜ਼ਾਦੇ ਦੀ ਗਰਦਨ ਉੱਤੇ ਚਲੀਆਂ। ਖ਼ੂਨ-ਖ਼ਰਾਬੇ ਦਾ ਦੌਰ ਸ਼ੁਰੂ ਹੋ ਗਿਆ। ਡੋਗਰਾ ਹੀਰਾ ਸਿੰਘ ਵਜ਼ੀਰ ਅਤੇ ਉਸ ਦਾ ਭੂਤਰਿਆ ਹੋਇਆ ਯਾਰ ਜੱਲ੍ਹਾ ਮਨ-ਆਈਆਂ ਕਰਨ ਲੱਗਾ। ਰਾਜ-ਰੌਲਾ ਜਿਹਾ ਪੈ ਗਿਆ। ਹੀਰਾ ਸਿੰਘ ਤੇ ਜੱਲ੍ਹਾ ਸਰਕਾਰ ਲਾਹੌਰ ਦੀ ਦੌਲਤ ਲੈ ਕੇ ਪਹਾੜਾਂ ਨੂੰ ਨਿਕਲ ਜਾਣ ਲਈ ਦੌੜੇ ਜਾਂਦੇ ਮਾਰੇ ਗਏ। ਨਵਾਂ ਬਣਿਆ ਵਜ਼ੀਰ ਸਰਦਾਰ ਜਵਾਹਰ ਸਿੰਘ ਵੀ ਮਾਰਿਆ ਗਿਆ। ਰਾਜ ਦੀ ਵਾਂਗ-ਡੋਰ ਬ੍ਰਾਹਮਣ ਵਜ਼ੀਰ ਤੇ ਪੂਰਬੀਏ ਕਮਾਂਡਰ-ਇਨ-ਚੀਫ਼ ਦੇ ਹੱਥੀਂ ਆ ਗਈ। ਇਹ ਆਪਣੀ ਲਾਲਚੀਂ ਫ਼ਸ ਕੇ ਪੰਜਾਬ ਉੱਤੇ ਕਬਜ਼ਾ ਕਰਨ ਦੀ ਨੀਅਤ ਧਾਰੀ ਬੈਠੇ ਈਸਟ ਇੰਡੀਆ ਕੰਪਨੀ ਦੇ ਅਫ਼ਸਰਾਂ ਨਾਲ ਰਲ ਗਏ।

ਜਦ ਸਿੰਘਾਂ ਨੂੰ ਅੰਗ੍ਰੇਜ਼ਾਂ ਦੀਆਂ ਅੰਦਰੋਂ-ਅੰਦਰ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਪਤਾ ਲੱਗਾ ਤਾਂ ਉਨ੍ਹਾਂ ਦੀਆਂ ਸੁੱਤੀਆਂ ਕਲਾਂ ਜਾਗ ਪਈਆਂ ਅਤੇ ਉਨ੍ਹਾਂ ਦੀ ਜ਼ਿੰਦਗੀ ਦਾ ਤੀਸਰਾ ਝਲਕਾਰਾ ਦਿਸਣ ਲੱਗਾ। 'ਜਬੈ ਬਾਣ ਲਾਗੈ, ਤਬੈ ਰੋਸ ਜਾਗੈ'। ਦੇਸ਼ ਦੀ ਆਜ਼ਾਦੀ ਨੂੰ ਸਾਮ੍ਹਣਿਉਂ ਆ ਰਹੇ ਖ਼ਤਰੇ ਵਿਚ ਪੈਂਦਾ ਦੇਖ ਕੇ ਉਹ ਹੋਰ ਸਭ ਕੁਝ ਭੁੱਲ ਗਏ। ਵੈਰ ਵਿਰੋਧ ਠੱਪ ਦਿੱਤੇ। ਵੱਖੋ-ਵੱਖ ਬਣੀਆਂ ਹੋਈਆਂ ਫ਼ੌਜੀ ਤੇ ਦੂਸਰੀਆਂ ਪੰਚਾਇਤਾਂ ਤੇ ਕਮੇਟੀਆਂ ਤੋੜ ਦਿੱਤੀਆਂ, ਅਤੇ ਇਕ-ਮੁੱਠ ਅਤੇ ਇਕ-ਜਾਨ ਹੋ ਕੇ ਕੰਪਨੀ ਦੀਆਂ ਵਧਦੀਆਂ ਚਲੀਆਂ ਆ ਰਹੀਆਂ ਗੋਰਿਆਂ ਦੇ ਹਿੰਦੁਸਤਾਨੀਆਂ ਦੀਆਂ ਫ਼ੌਜਾਂ ਦੇ ਟਾਕਰੇ ਲਈ ਛਾਲਾਂ ਮਾਰਦੇ ਮੈਦਾਨ ਵਿਚ ਕੁੱਦ ਪਏ। ਜਿਸ ਦਲੇਰੀ ਤੇ ਬਹਾਦੁਰੀ ਨਾਲ ਸਿੰਘ ਮੁਦਕੀ, ਫੇਰੂ ਸ਼ਹਿਰ ਤੇ ਸਭਰਾਵਾਂ ਦੀਆਂ ਜੰਗਾਂ ਵਿਚ ਸਨਮੁਖ ਹੋ ਕੇ ਜੂਝੇ, ਉਨ੍ਹਾਂ ਨਾਲ ਇਤਿਹਾਸ ਦੇ ਪੱਤਰੇ ਰਹਿੰਦੀ ਦੁਨੀਆਂ ਤਕ ਚਮਕਦੇ ਰਹਿਣਗੇ। ਜਿਵੇਂ ਇਕ ਘੋੜ-ਚੜ੍ਹੇ ਸਿੰਘ ਨੇ ਅੰਗ੍ਰੇਜ਼ਾਂ ਦੇ ਕਮਾਂਡਰ-ਇਨ-ਚੀਫ਼ ਸਰ ਹੀਊ ਗੌਫ਼ ਨੂੰ ਕਿਹਾ ਸੀ ਕਿ ਭਾਵੇਂ ਖ਼ਾਲਸਿਆਂ ਨੂੰ (ਉਨ੍ਹਾਂ ਦੇ ਪੂਰਬੀਏ ਕਮਾਂਡਰ-ਇਨ-ਚੀਫ਼ ਦੀ ਗ਼ੱਦਾਰੀ ਦੇ ਕਾਰਨ) ਕਈ ਵਾਰੀ ਹਾਰ ਹੋ ਗਈ ਹੈ, ਪਰ ਉਹ ਮੁੜ ਯੁੱਧ ਲਈ ਡਟੇ ਹੋਏ ਹਨ ਅਤੇ ਇਹ ਕਦੀ ਵੀ ਖ਼ਿਆਲ ਨਾ ਕੀਤਾ ਜਾਏ ਕਿ ਉਹ ਕਦੀ ਕੋਈ ਨਮਕ-ਹਰਾਮੀ ਕਰਨਗੇ ਜਾਂ ਛੱਡ ਕੇ ਭੱਜ ਨਿਕਲਣਗੇ, ਇਸ ਬਚਨ ਨੂੰ ਸੱਚ ਕਰ ਵਿਖਾਇਆ। (ਮੈਗਰੈਗਰ, *ਹਿਸਟਰੀ ਔਫ਼ ਦੀ ਸਿੱਖਸ*, ਜਿਲਦ ਦੂਸਰੀ, 146) ਉਹ ਟੋਟੇ-ਟੋਟੇ ਹੋ ਕਟ ਮਰੇ ਪਰ ਕੀ ਮਜਾਲ ਕਿ ਕਿਸੇ ਨੇ ਪਿੱਠ ਵਖਾਈ ਹੋਵੇ। ਸਿੰਘਾਂ ਦੀ ਦ੍ਰਿੜ੍ਹਤਾ ਦਾ ਜ਼ਿਕਰ ਕਰਦਾ ਹੋਇਆ ਕਨਿੰਘਮ ਲਿਖਦਾ ਹੈ ਕਿ "ਭਾਵੇਂ (ਸਭਰਾਵਾਂ ਦੇ ਆਖ਼ਰੀ ਯੁੱਧ ਵਿਚ) ਅੰਗ੍ਰੇਜ਼ਾਂ ਦੇ ਘੋੜ-ਚੜ੍ਹੇ ਰਸਾਲੇ ਅਤੇ ਪੈਦਲ ਪਲਟਣਾਂ ਸਿੰਘਾਂ ਉੱਤੇ ਹਰ ਪਾਸਿਓਂ ਚੜ੍ਹੀਆਂ ਆ ਰਹੀਆਂ ਤੇ ਹੱਲੇ ਕਰ ਰਹੀਆ ਸਨ ਪਰ ਕਿਸੇ ਇਕ ਸਿੱਖ ਨੇ ਵੀ ਈਨ ਮੰਨਣੀ ਪ੍ਰਵਾਨ ਨਾ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਦੇ ਕਿਸੇ ਵੀ ਨਾਮ-ਲੇਵਾ ਨੇ ਪਨਾਹ ਨਾ ਮੰਗੀ। ਹਰ ਥਾਂ ਤੇ ਉਨ੍ਹਾਂ ਨੇ ਵਿਜਈਆਂ ਦਾ ਸਨਮੁਖ ਟਾਕਰਾ ਕੀਤਾ......ਕਈ ਇਕੱਲੇ-ਇਕੱਲੇ ਹੀ ਅਨੇਕਾਂ ਨਾਲ ਜੂਝ ਕੇ ਸਾਹਮਣੇ ਖੜੀ ਦਿਸ ਰਹੀ ਮੌਤ ਦਾ ਸਵਾਗਤ ਕਰਨ ਲਈ ਕੁੱਦ ਪਏ। ਵਿਜਈ ਬਿਨ੍ਹਾਂ 'ਹਾਰਿਆ'

ਹੋਇਆਂ ਦੀ ਇਕ ਨਾ ਜਿੱਤੀ ਜਾ ਸਕਣ ਵਾਲੀ ਦਲੇਰੀ ਨੂੰ ਵੇਖ ਕੇ ਅਜੀਬ ਤਰ੍ਹਾਂ ਹੈਰਾਨ ਹੋ ਰਹੇ ਸਨ ਅਤੇ ਜਦ ਸਿੰਘ ਬੇਬੱਸ ਤੇ ਮਰ ਰਹੇ ਵੀ ਵੈਰੀ ਅੱਗੇ ਰਹਿਮ ਲਈ ਲਿਲਕੜੀਆਂ ਕੱਢਣ ਦੀ ਥਾਂ ਨਫ਼ਰਤ ਨਾਲ ਘੂਰੀਆਂ ਤੇ ਤੀਊੜੀਆਂ ਵਟਦੇ ਸਨ ਤਾਂ ਵਿਜਈ (ਇਸ ਹੈਰਾਨੀ ਦੇ ਕਾਰਣ) ਉਨ੍ਹਾਂ ਉੱਤੇ ਵਾਰ ਕਰਨੋਂ ਰੁਕ ਜਾਂਦੇ ਸਨ।"

[*ਹਿਸਟਰੀ ਔਫ ਦੀ ਸਿੱਖਸ* (1849), 328.]

ਖ਼ੁਦ ਸਰਦਾਰ ਸ਼ਾਮ ਸਿੰਘ ਵੀ ਭਾਵੇਂ ਸੰਮਤ 1902, ਸੰਨ 1845-46 ਦੀ ਅੰਗ੍ਰੇਜ਼ਾਂ ਨਾਲ ਲੜਾਈ ਦੇ ਵਿਰੁੱਧ ਸਨ, ਪਰ ਜਦ ਰਾਜ-ਮਾਤਾ ਮਹਾਰਾਣੀ ਜਿੰਦਰ ਕੌਰ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਰਣ-ਭੂਮੀ ਵਿਚ ਆ ਉੱਤਰੇ ਤਾਂ ਜਿਸ ਅਡੋਲਤਾ ਅਤੇ ਸੂਰਮਗਤੀ ਨਾਲ ਉਨ੍ਹਾਂ ਨੇ ਆਪਣੇ ਦੇਸ਼ ਦੀ ਰੱਖਿਆ ਲਈ ਤੇਗ ਵਾਹੀ ਅਤੇ ਅੰਤ ਆਪਣੀ ਜਾਨ ਵੀ ਘੋਲ ਘੁਮਾਈ ਉਸ ਨੇ ਇਸ ਕੌਮੀ ਸੂਰਬੀਰ ਨੂੰ ਅਮਰ ਕਰ ਦਿੱਤਾ ਅਤੇ ਖ਼ਾਲਸੇ ਲਈ ਇਕ ਹੋਰ ਮਿਸਾਲ ਕਾਇਮ ਕਰ ਦਿੱਤੀ।

'ਸਰਦਾਰ ਸ਼ਾਮ ਸਿੰਘ ਅਟਾਰੀਵਾਲਾ' ਇਕ ਇਤਿਹਾਸਕ ਜੀਵਨੀ ਹੈ, ਅਤੇ ਵਿਗਿਆਨਕ ਇਤਿਹਾਸ ਦੇ ਤੌਰ ਤੇ ਹੀ ਪੇਸ਼ ਕੀਤੀ ਗਈ ਹੈ। ਇਸ ਵਿਚ ਜਜ਼ਬਾਤ ਤੇ ਵਲਵਲੇ ਨਹੀਂ ਹਨ। ਜਜ਼ਬਾਤ ਅਤੇ ਵਲਵਲੇ ਮਨੁੱਖ ਦੇ ਆਪਣੇ ਮਨ ਦੇ ਖ਼ਿਆਲ, ਝੁਕਾਓ, ਰੇੜ੍ਹ ਅਤੇ ਹਿਲੋਰੇ ਹੁੰਦੇ ਹਨ। ਇਤਿਹਾਸ ਕੇਵਲ ਜਿਵੇਂ ਕੋਈ ਗੱਲ ਬੀਤੀ ਹੈ ਐਨ੍ਹ ਉਸੇ ਤਰ੍ਹਾਂ ਉਸ ਦੇ ਬਿਆਨ ਦਾ ਨਾਮ ਹੈ। ਇਸ ਵਿਚ ਕਿਸੇ ਨੇ ਆਪਣੇ ਭਾਵਾਂ ਦਾ ਦਾਖ਼ਲ ਹੋ ਜਾਣਾ ਜਾਂ ਇਸ ਨੂੰ ਆਪਣੇ ਮਨ ਦੀ ਰੁੱਚੀ ਅਨੁਸਾਰ ਕਿਸੇ ਖ਼ਾਸ ਕਿਸਮ ਦੀ ਰੰਗਤ ਦੇ ਕੇ ਪੇਸ਼ ਕਰਨਾ, ਇਸ ਵਿਚ ਮਿਲਾਵਟ ਮਿਲਾਉਣਾ ਜਾਂ ਰਲਾ ਪਾਉਣਾ ਹੈ, ਜਿਸ ਨਾਲ ਕਿ ਉਹ ਉਤਨਾ ਹੀ ਸੱਚਾਈ ਤੋਂ ਦੂਰ ਹੋ ਜਾਂਦਾ ਹੈ। ਕਈ ਵਿਦਵਾਨਾਂ ਦਾ ਮੱਤ ਹੈ ਕਿ ਇਤਿਹਾਸਕਾਰ ਦਾ ਕੰਮ ਆਪਣੀ ਉਪਜਾਊ ਅਨੁਮਾਨ-ਸ਼ਕਤੀ (imagination) ਤੋਂ ਮਸਾਲੇ ਦੇ ਘਾਟੇ ਨੂੰ ਪੂਰਾ ਕਰ ਕੇ ਜਜ਼ਬਾਤ ਅਤੇ ਸ਼ਬਦ-ਰਚਨਾ ਦੀ ਕਾਰੀਗਰੀ ਨਾਲ ਆਪਣੇ ਲੇਖ ਦੇ ਪਾਤਰ ਨੂੰ ਜਾਨ ਪਾ ਕੇ ਜੀਊਂਦਿਆਂ ਜਾਗਦਿਆਂ ਦੀ ਤਰ੍ਹਾਂ ਮੂਰਤੀਮਾਨ ਕਰਨਾ ਹੈ। ਪਰ ਇਹ ਮਤ ਕੇਵਲ ਨਾਵਲ ਲਿਖਾਰੀ ਲਈ ਹੀ ਠੀਕ ਹੋ ਸਕਦਾ ਹੈ ਜਿਸ ਨੇ ਆਪਣੀ ਕਥਾ ਦੇ ਪਲਾਟ ਦੀ ਉਸਾਰੀ ਆਪਣੇ ਦਿਮਾਗ਼ ਵਿਚ ਕੀਤੀ ਹੋਈ ਘਾੜਤ ਤੋਂ ਕਰਨੀ ਹੈ। ਵਿਗਿਆਨਕ ਇਤਿਹਾਸਕਾਰ ਨੂੰ ਇਸ ਪ੍ਰਕਾਰ ਦੀ ਖੁਲ੍ਹ ਨਹੀਂ ਹੈ। ਉਸ ਨੇ ਕੇਵਲ ਉਸ ਹੱਦ ਤਕ ਹੀ ਜਾਣਾ ਹੈ ਜਿੱਥੇ ਤਕ ਕਿ ਉਸ ਨੂੰ ਉਸ ਦੇ ਸਾਮ੍ਹਣੇ ਆਇਆ ਭਰੋਸੇ-ਯੋਗ ਮਸਾਲਾ ਲੈ ਜਾਂਦਾ ਹੈ। ਕਿਸੇ ਘਾਪੇ ਨੂੰ ਪੂਰਾ ਕਰਨ ਲਈ ਉਸ ਨੂੰ ਆਪਣੇ ਮਨੋਂ ਕੋਈ ਗੱਲ ਘੜ ਕੇ ਵਿਚ ਰਲਾਉਣ ਦੀ ਆਗਿਆ ਨਹੀਂ, ਕਿਉਂਕਿ ਹੋ ਸਕਦਾ ਹੈ ਕਿ ਜੋ ਗੱਲ ਉਸ ਨੇ ਆਪ ਘੜ ਕੇ ਰਲਾਈ ਹੈ ਉਹ ਅਸਲੀਅਤ ਦੇ ਵਿਰੁੱਧ ਹੋਵੇ ਅਤੇ ਇਸ ਨਾਲ ਉਸ ਦੀ ਤੁਰੀ ਆ ਰਹੀ ਸੱਚੀ ਕਥਾ ਦੇ ਦੁੱਧ ਵਿਚ ਕਾਂਜੀ ਦੀ ਛਿੱਟ ਪੈ ਕੇ ਸਾਰੇ ਦਾ ਹੀ ਕੁਝ ਹੋਰ ਦਾ ਹੋਰ ਬਣ ਜਾਏ।

ਇਸ ਪ੍ਰਕਾਰ ਦੇ ਵਿਗਿਆਨਕ ਨੁਕਤਾ-ਨਿਗਾਹ ਦੇ ਘਾਟੇ ਨੇ ਹੀ ਸਾਡੀਆਂ ਕਈ

ਇਕ ਪੁਰਾਤਨ ਪੁਸਤਕਾਂ ਨੂੰ ਅੱਜ-ਕੱਲ ਦੇ ਛਾਣ-ਬੀਨੀ ਪਾਰਖੂਆਂ ਦੀ ਨਜ਼ਰ ਵਿਚ 'ਇਤਿਹਾਸ' ਨਹੀਂ ਜਚਣ ਦਿੱਤਾ। ਅਸਲ ਗੱਲ ਇਹ ਹੈ ਕਿ ਇਹ ਨੁਕਤਾ-ਨਿਗਾਹ ਸਾਡੇ ਦੇਸ਼ ਵਿਚ ਹੈ ਹੀ ਨਹੀਂ ਸੀ। ਸਾਡੇ ਪੁਰਾਤਨ ਵਿਦਵਾਨ ਰਾਮਾਇਣ, ਮਹਾਭਾਰਤ ਅਤੇ ਪੁਰਾਣਾਂ ਜਾਂ ਉਛਾਲੇਦਾਰ ਵਾਰਾਂ ਉੱਤੇ ਪਲੇ ਹੋਏ ਸਨ, ਜਿਨ੍ਹਾਂ ਵਿਚ ਕਿ ਮਨੋ-ਕਲਪਨਾ ਪ੍ਰਧਾਨ ਹੈ, ਅਤੇ ਇਹੋ ਹੀ ਲਿਖਤ-ਢੰਗ ਉਨ੍ਹਾਂ ਦਾ ਆਪਣਾ ਬਣ ਜਾਣਾ ਇਕ ਕੁਦਰਤੀ ਗੱਲ ਸੀ। ਕਿਸੇ ਗੱਲ ਨੂੰ ਜਿਉਂ ਦਾ ਤਿਉਂ ਬਿਆਨ ਕਰਨ ਦਾ ਢੰਗ ਮੁਸਲਮਾਨ ਰੋਜ਼ਨਾਮਚਾ-ਲਿਖਾਰੀਆਂ ਤੋਂ ਵਧਿਆ ਤੇ ਪ੍ਰਫੁੱਲਤ ਹੋਇਆ ਹੈ, ਅਤੇ ਯੂਰਪ ਦੇ ਖੁਸ਼ਕ ਹਿਸਾਬੀ-ਠੀਕਤਾ (exactness) ਭਰੇ ਏਧਰ ਓਧਰ ਨਾ ਹਿੱਲਣ ਵਾਲੇ ਦਿਮਾਗ਼-ਦਾਰ ਮਨੁੱਖਾਂ ਨੇ ਇਸ ਨੂੰ ਇਕ ਸਾਇੰਸ ਜਿਹੀ ਬਣਾ ਦਿੱਤਾ ਹੈ ਜਿਸ ਵਿਚ ਮਨ-ਘੜਤ ਜਾਂ ਜਜ਼ਬਾਤੀ ਮਿਲਾਵਟਾਂ ਦੀ ਗੁੰਜਾਇਸ਼ ਨਹੀਂ ਰਹੀ।

'ਸਰਦਾਰ ਸ਼ਾਮ ਸਿੰਘ ਅਟਾਰੀਵਾਲਾ' ਵਿਚ ਜੋ ਕੁਝ ਵੀ ਲਿਖਿਆ ਗਿਆ ਹੈ, ਹਰ ਇਕ ਗੱਲ ਲਈ ਭਰੋਸੇ-ਯੋਗ ਲਿਖਤੀ ਸਬੂਤ ਮੌਜੂਦ ਹਨ ਅਤੇ ਯਤਨ ਕੀਤਾ ਗਿਆ ਹੈ ਕਿ ਉਨ੍ਹਾਂ ਦੇ ਬਹੁ-ਪਤੇ ਫੁਟ-ਨੋਟਾਂ ਵਿਚ ਦੇ ਦਿੱਤੇ ਜਾਣ। ਪਰ ਕਈ ਥਾਈਂ ਕਿਤਾਬ ਨੂੰ ਜ਼ਿਆਦਾ ਬੋਝਲ ਨਾ ਹੋਣ ਦੇਣ ਲਈ ਫੁਟ-ਨੋਟਾਂ ਨੂੰ ਜ਼ਰਾ ਹੋਲਾ ਰੱਖਿਆ ਹੈ। ਜਿਨ੍ਹਾਂ ਪੁਸਤਕਾਂ ਅਤੇ ਲਿਖਤਾਂ ਦੇ ਆਧਾਰ ਉੱਤੇ ਇਹ ਜੀਵਨੀ ਰਚੀ ਗਈ ਹੈ ਉਨ੍ਹਾਂ ਦੀ ਸੂਚੀ ਅੰਤ ਵਿਚ ਦੇ ਦਿੱਤੀ ਗਈ ਹੈ।

ਖ਼ਾਲਸਾ ਕਾਲਜ, ਅੰਮ੍ਰਿਤਸਰ **ਗੰਡਾ ਸਿੰਘ**

10 ਫ਼ਰਵਰੀ, 1946

# ਖਾਨਦਾਨ

ਹੋਰ ਦੂਸਰੇ ਸਿੱਧੂ ਜਾਂ ਸਿੱਧੂ-ਬਰਾੜ ਜੱਟਾਂ[1] ਵਾਙ ਅਟਾਰੀਵਾਲੇ ਸਰਦਾਰ ਭੀ ਆਪਣਾ ਪਿੱਛਾ ਜੈਸਲਮੇਰ ਦੇ ਮੋਢੀ ਜੈਸਲ ਭੱਟੀ-ਰਾਜਪੂਤ ਨਾਲ ਜਾ ਮੇਲਦੇ ਹਨ। ਜਗ ਮੱਲ ਦਾ ਪੁੱਤਰ ਧੀਰਾ ਇਸ ਖ਼ਾਨਦਾਨ ਦਾ ਪਹਿਲਾ ਬੰਦਾ ਸੀ ਜੋ ਰਾਜਪੂਤਾਨਿਓਂ ਉੱਠ ਕੇ ਪੰਜਾਬ ਨੂੰ ਆਇਆ ਅਤੇ ਸੰਨ 1580 ਦੇ ਕਰੀਬ ਮਾਲਵੇ ਵਿਚ ਫੂਲ ਮਹਿਰਾਜ ਆ ਕੇ ਆਬਾਦ ਹੋਇਆ। ਇਹ ਆਪਣੇ ਸਮੇਂ ਦਾ ਇਕ ਚੰਗਾ ਰਾਗੀ ਸੀ ਅਤੇ ਰਾਗ-ਵਿੱਦਿਆ ਦੇ ਜਾਣੂ ਹਾਲ ਤਕ ਭੀ ਉਸ ਨੂੰ ਬੜੇ ਸਤਿਕਾਰ ਨਾਲ ਯਾਦ ਕਰਦੇ ਹਨ।[2]

ਸੰਨ 1735 ਦੇ ਕ਼ਰੀਬ ਇਸ ਖ਼ਾਨਦਾਨ ਵਿਚ ਇਕ ਵਾਰੀ ਹਿਲ-ਜੁੱਲ ਹੋਈ ਤੇ ਇਨ੍ਹਾਂ ਵਿਚੋਂ ਕੁਝ ਫੂਲ ਮਹਿਰਾਜ ਪਿੰਡ ਤੋਂ ਉੱਠ ਕੇ ਲੁਧਿਆਣੇ ਦੇ ਜ਼ਿਲੇ ਅਲਾਕਾ ਜਗਰਾਓਂ ਵਿਚ ਇੰਦਗੜ੍ਹ (ਕਾਓਂਕੇ) ਆ ਵਸੇ। ਇਸ ਖ਼ਾਨਦਾਨ ਦੇ ਇਸ ਵੇਲੇ ਦੇ ਇਤਿਹਾਸ ਸੰਬੰਧੀ ਕੁਝ ਪਤਾ ਨਹੀਂ ਚਲਦਾ। ਸਿਰਫ਼ ਇਤਨਾ ਹੀ ਪਤਾ ਲੱਗਦਾ ਹੈ ਕਿ ਕਾਓਂਕੇ ਦੇ ਚੋਧਰੀ ਕਾਨ੍ਹ ਚੰਦ ਦੇ ਦੋ ਪੁੱਤਰ ਗੌਹਰ ਤੇ ਕੌਰ ਚੰਗੇ ਰਾਠ ਨਿਕਲੇ ਤੇ ਆਪਣੀ ਕਿਸਮਤ ਅਜਮਾਉਣ ਲਈ ਪੰਝੀ ਕੁ ਸਵਾਰ ਲੈ ਕੇ ਮਾਝੇ ਵੱਲ ਆਏ। ਇੱਥੇ ਇਨ੍ਹਾਂ ਨੇ ਅਟਾਰੀ ਤੋਂ ਚੜ੍ਹਦੇ ਵੱਲ ਅੱਧ ਕੁ ਮੀਲ ਦੀ ਵਿੱਥ ਤੇ ਆ ਮੋੜ੍ਹੀ ਗੱਡੀ ਤੇ ਨਵੇਂ ਪਿੰਡ ਦਾ ਨਾਓਂ ਆਪਣੇ ਪਿਛਲੇ ਪਿੰਡ ਦੇ ਨਾਓਂ ਉੱਤੇ ਕਾਓਂਕੇ ਰਖਿਆ। ਇਹ ਪਿੰਡ ਹਾਲ ਤਕ ਉੱਥੇ ਆਬਾਦ ਹੈ।[3]

---

1. "Sidhu, with its branch the Barar, or Sidhu-Barar, is the largest and most important of the Jat tribes of the Punjab, for from it have sprung the great Phulkian families of Patiala, Nabha and Jind and the Barar family of Faridkot. The Sidhu trace their origin to Jaisal, a Bhatti Rajput and founder of Jaisalmer......The pure Bhatti Rajputs of Bhattiana still admit their relationship with the Sidhu and Barar." Rose, H. A.—*A Glossary of the Tribes and Castes of the Punjab and N. W. F. P.*, iii 421.
2. ਸੱਯਦ ਹਾਦੀ ਹਸਨ ਤੇ ਸੱਯਦ ਰਜਬ ਅਲੀ, *ਰਈਸਾਨਿ ਪੰਜਾਬ*, 60-1; ਲੈਪਲ ਗ੍ਰਿਫ਼ਿਨ, *ਪੰਜਾਬ ਚੀਫਸ* (1890), ਜਿਲਦ 1, 238.
3. ਹਾਦੀ ਹਸਨ ਤੇ ਰੱਜਬ ਅਲੀ, *ਰਈਸਾਨਿ-ਪੰਜਾਬ*, 61; *ਪੰਜਾਬ ਚੀਫਸ*, (1890) 238। *ਪੰਥ ਪ੍ਰਕਾਸ਼* ਵਿਚ ਲਿਖਿਆ ਹੈ ਕਿ ਗੋਰੇ ਨੇ ਸੰਮਤ 1794 ਨੂੰ ਧਨੇਸ਼ਟਾ ਦੇ ਲਾਗੇ ਇਕ ਪਿੰਡ ਵਸਾਇਆ ਤੇ ਉਸ ਦਾ ਨਾਮ ਗੋਰਪੁਰਾ ਰੱਖਿਆ। *ਪੰਥ ਪ੍ਰਕਾਸ਼*, ਦੂਜੀ ਐਡੀਸ਼ਨ, 835।

ਇਹ ਦਿਨ ਖ਼ਾਲਸੇ ਲਈ ਬੜੇ ਬਿਖੜੇ ਸਨ। ਸੈਫੁੱਦੌਲਾ ਨਵਾਬ ਅਬਦੁਲ ਸਮੱਦ ਖ਼ਾਨ ਦਿਲੇਰਿ-ਜੰਗ ਦਾ ਪੁੱਤਰ ਜ਼ਕਰੀਆ ਖ਼ਾਨ ਜੋ ਇਤਿਹਾਸ ਵਿਚ 'ਖ਼ਾਨ ਬਹਾਦਰ' ਕਰਕੇ ਪ੍ਰਸਿੱਧ ਹੈ ਲਾਹੌਰ ਦਾ ਸੂਬੇਦਾਰ ਸੀ। ਸਿੰਘਾਂ ਦੀ ਕਤਲ-ਆਮ ਤਾਂ ਇਸ ਦੇ ਪਿਉ ਦੇ ਜ਼ਮਾਨੇ ਤੋਂ ਹੀ ਇਕ ਸ਼ਾਹੀ ਫ਼ਰਮਾਨ ਨਾਲ ਜਾਰੀ ਹੋ ਚੁੱਕੀ ਹੋਈ ਸੀ ਜਦ ਇਹ ਹੁਕਮ ਹੋ ਗਿਆ ਸੀ ਕਿ ਜਿੱਥੇ ਕਿਧਰੇ ਭੀ ਕੋਈ ਸਿੱਖ ਮਿਲੇ ਬਿਨਾਂ ਪੁੱਛ ਪ੍ਰਤੀਤ ਦੇ ਕਤਲ ਕਰ ਦਿੱਤਾ ਜਾਵੇ।[1] ਇਸ ਮਤਲਬ ਲਈ ਲਾਹੌਰ ਤੋਂ ਖ਼ਾਨ ਬਹਾਦਰ ਦੀਆਂ ਗਸ਼ਤੀ ਫ਼ੌਜਾਂ ਨਿਕਲਦੀਆਂ ਤੇ ਸਿੱਖਾਂ ਦੀ ਟੋਲ ਭਾਲ ਵਿਚ ਪਿੰਡੋਂ ਪਿੰਡ ਫਿਰਦੀਆਂ। ਜਿੱਥੇ ਕਿਧਰੇ ਸਿੰਘਾਂ ਦਾ ਪਤਾ ਲਗਦਾ ਉੱਥੇ ਜਾ ਛਾਪਾ ਮਾਰਦੀਆਂ ਤੇ ਉਨ੍ਹਾਂ ਨੂੰ ਫੜ ਕੇ ਲਾਹੌਰ ਪਹੁੰਚਾ ਦਿੰਦੀਆਂ। ਇਨ੍ਹਾਂ ਗਸ਼ਤੀ ਦਸਤਿਆਂ ਨੇ ਮਾਝੇ ਤੇ ਰਿਆੜਕੀ ਦਾ ਸਾਰਾ ਇਲਾਕਾ ਗਾਹ ਮਾਰਿਆ। ਕਈ ਵਾਰੀ ਦੁਾਬੇ ਤੇ ਨੱਕੇ ਦੇ ਉਪਰਲੇ ਹਿੱਸਿਆਂ ਤਕ ਭੀ ਇਹ ਜਾ ਪੁੱਜਦੇ। ਇਸ ਤਰ੍ਹਾਂ ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਪਕੜੀਜ ਪਕੜੀਜ ਕੇ ਲਾਹੌਰ ਪੁੱਜਦੇ ਰਹਿੰਦੇ। ਜਿੱਥੇ ਉਹ ਦਿੱਲੀ ਦਰਵਾਜੇ ਦੇ ਚੜ੍ਹਦੀ ਵੱਲ ਬਾਜ਼ਾਰ ਨਖ਼ਾਸ ਵਿਚ ਲੰਡੇ ਬਾਜ਼ਾਰ ਦੀ ਥਾਂ ਤੇ ਸ਼ਹੀਦ ਕਰ ਦਿੱਤੇ ਜਾਂਦੇ। ਕਈਆਂ ਨੂੰ ਤਲਵਾਰ ਨਾਲ ਕਤਲ ਕੀਤਾ, ਕਈਆਂ ਨੂੰ ਚਰਖੜੀਆਂ ਤੇ ਚਾੜ੍ਹਕੇ ਉਨ੍ਹਾਂ ਦੀਆਂ ਹੱਡੀਆਂ ਕੜਕਾ ਦਿੱਤੀਆਂ, ਕਈਆਂ ਨੂੰ ਮੁੰਗਲੀਆਂ ਨਾਲ ਕੁਟਵਾ ਕੇ ਮਰਵਾ ਦਿੱਤਾ ਅਤੇ ਕਈਆਂ ਨੂੰ ਹੋਰ ਕਈ ਪ੍ਰਕਾਰ ਦੇ ਤਸੀਹੇ ਦੇ ਕੇ ਮਾਰ ਮੁਕਾਇਆ। ਉਨ੍ਹਾਂ ਦੇ ਸਿਰ ਦੇ ਮੁਨਾਰੇ ਚੁਣੇ ਜਾਂਦੇ ਸਨ ਤੇ ਬੇ-ਸਿਰ ਧੜ ਕਤਲ-ਗਾਹ ਵਿਚ ਦਬਵਾ ਦਿੱਤੇ ਜਾਂਦੇ। ਇਸੇ ਅਸਥਾਨ ਤੇ ਹੀ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਲਾਹੌਰ ਦਾ ਸ਼ਹੀਦ-ਗੰਜ ਹੈ।[2] ਇਹ ਜ਼ੁਲਮ ਕੇਵਲ ਸਿੰਘਾਂ ਉੱਤੇ ਹੀ ਨਹੀਂ ਸਨ ਹੁੰਦੇ। ਮੀਰ ਮੰਨੂ ਦੇ ਵੇਲੇ ਤਾਂ ਸਿੰਘਣੀਆਂ ਨੂੰ ਭੀ ਅਸਹਿ ਤੇ ਅਕਹਿ ਕਸ਼ਟ ਦਿੱਤੇ ਗਏ ਜਦ ਕਿ ਉਨ੍ਹਾਂ ਦੇ ਦੁੱਧ ਚੁੰਘਦੇ ਬੱਚਿਆਂ ਦੇ ਟੋਟੇ ਟੋਟੇ ਕਰ ਕੇ ਉਨ੍ਹਾਂ ਦੀਆਂ ਝੋਲੀਆਂ ਵਿਚ ਪਾਏ ਗਏ, ਉਨ੍ਹਾਂ ਨੂੰ ਭੁੱਖੇ ਭਾਣੇ ਹਰ ਰੋਜ਼ ਸਵਾ ਸਵਾ ਮਣ ਦਾਣੇ ਪੀਹਣ ਨੂੰ ਦਿੱਤੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕਰਨਾ ਪੈਂਦਾ ਸੀ, ਪਰ ਸ਼ਾਬਾਸ਼ ਉਨ੍ਹਾਂ ਗੁਰੂ ਦੇ ਲਾਲਾਂ ਤੇ ਗੁਰੂ ਦੀਆਂ ਬੱਚੀਆਂ ਦੇ, ਜਿਨ੍ਹਾਂ ਨੇ ਇਹ ਸਾਰੇ ਕਸ਼ਟ ਖਿੜੇ ਮੱਥੇ ਸਹਾਰ ਲਏ ਤੇ ਹਜ਼ਾਰਾਂ ਵਿਚੋਂ ਕਿਸੇ ਇਕ ਨੇ ਭੀ ਆਪਣੀ ਜਿੰਦ ਬਚਾਉਣ ਲਈ ਧਰਮ ਨੂੰ ਤਿਆਗਣਾ ਪ੍ਰਵਾਣ ਨਾ ਕੀਤਾ।[3] ਇਨ੍ਹਾਂ ਮੁਸੀਬਤਾਂ ਦੇ ਕਾਰਨ ਸਿੰਘਾਂ ਨੂੰ ਘਰ ਘਾਟ ਛੱਡ ਕੇ ਜੰਗਲਾਂ

---

1. ਮੁਨਸ਼ੀ ਦਾਨਿਸ਼ਵਰ ਲਿਖਦਾ ਹੈ ਕਿ ਬੰਦਾ ਸਿੰਘ ਬਹਾਦੁਰ ਦੇ ਕਤਲ ਦੇ ਬਾਅਦ ਹੁਕਮ ਹੋ ਗਿਆ ਕਿ ਜਿੱਥੇ ਕਿਧਰੇ ਭੀ ਇਸ ਫ਼ਿਰਕੇ ਦੇ ਲੋਕ ਮਿਲਣ, ਝਟ ਕਤਲ ਕਰ ਦਿੱਤੇ ਜਾਣ। *ਮਿਫ਼ਤਾਹ-ਉ-ਤਵਾਰੀਖ*, ਸਫ਼ਾ 396।
2. ਗਣੇਸ਼ਦਾਸ ਬਡੇਹਰਾ, *ਰਿਸਾਲਾ ਇ-ਸਾਹਿਬ ਨੁਮਾ*, 198-9; ਕਨ੍ਹਈਆ ਲਾਲ, *ਤਾਰੀਖਿ-ਲਾਹੌਰ*, 219; ਅਲੀ-ਉ-ਦੀਨ, *ਇਬ੍ਰਤ ਨਾਮਾ;* ਲਤੀਫ, *ਹਿਸਟਰੀ ਔਫ਼ ਦੀ ਪੰਜਾਬ*, 193।
3. ਗਿਆਨ ਸਿੰਘ, *ਪੰਥ ਪ੍ਰਕਾਸ਼।* ਇਹ ਸਖ਼ਤੀਆਂ ਇਸ ਹੱਦ ਤਕ ਕੀਤੀਆਂ ਜਾਂਦੀਆਂ ਸਨ ਤੇ ਸਿੰਘਾਂ ਨੇ ਇਨ੍ਹਾਂ ਨੂੰ ਇਸ ਤਰ੍ਹਾਂ ਖਿੜੇ ਮੱਥੇ ਸਹਾਰਿਆ ਕਿ ਹਾਲ ਤਕ ਇਹ ਖ਼ਾਲਸੇ ਦੀ ਅਰਦਾਸ ਦਾ ਹਿੱਸਾ ਬਣੀਆਂ ਚਲੀਆਂ ਆ ਰਹੀਆਂ ਹਨ।

ਅਤੇ ਪਹਾੜਾਂ ਵੱਲ ਨੂੰ ਨਿਕਲ ਜਾਣਾ ਪੈ ਗਿਆ। ਪਰ ਇਹ ਸਭ ਕੁਝ ਭੀ ਉਨ੍ਹਾਂ ਦੀ ਸਪਿਰਿਟ ਨੂੰ ਨਾ ਕੁਚਲ ਸਕਿਆ, ਬਲਕਿ ਉਹ ਦੂਣ ਸਵਾਏ ਹੁੰਦੇ ਗਏ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਸਿੰਘਾਂ ਵਿਚ ਫੂਕੀ ਹੋਈ ਨਵੀਂ ਰੂਹ ਸੀ ਜਿਸ ਨੇ ਉਨ੍ਹਾਂ ਨੂੰ ਸੱਚ-ਮੁੱਚ ਚਿੜੀਆਂ ਤੋਂ ਬਾਜ਼ ਅਤੇ ਗਿੱਦੜਾਂ ਤੋਂ ਸ਼ੇਰ ਬਣਾ ਦਿੱਤਾ ਸੀ। ਇਸ ਵੇਲੇ ਖ਼ਾਲਸੇ ਵਿਚ ਹਉਮੈ ਤੇ ਅਪਣੱਤ ਨਹੀਂ ਸੀ। ਉਹ ਗੁਰੂ ਪੰਥ ਦੀ ਸੇਵਾ ਲਈ ਜੀਉਂਦੇ ਅਤੇ ਗੁਰੂ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਰੱਖ ਵਖਾਉਣ ਲਈ ਕੁਰਬਾਨ ਹੋ ਜਾਂਦੇ ਸਨ। ਕੋਈ ਨਿੱਜ ਦਾ ਲਾਭ ਉਨ੍ਹਾਂ ਨੂੰ ਭਰਮਾ ਕੇ ਭਰਾਵਾਂ ਨਾਲੋਂ ਤੋੜ ਨਹੀਂ ਸੀ ਸਕਦਾ ਅਤੇ ਕਿਸੇ ਨਿੱਜੀ ਨੁਕਸਾਨ ਜਾਂ ਜਾਨ ਦਾ ਡਰ ਉਨ੍ਹਾਂ ਨੂੰ ਆਪਣੇ ਪੰਥ ਦੀ ਸੇਵਾ ਤੋਂ ਪਿੱਛੇ ਨਹੀਂ ਸੀ ਹਟਾ ਸਕਦਾ। ਪੰਥ ਦੀ ਸੇਵਾ ਉਨ੍ਹਾਂ ਦਾ ਮਕਸਦ ਸੀ ਭਾਵੇਂ ਉਹ ਕਿਸੇ ਭੀ ਹਾਲਤ ਤੇ ਪੋਜ਼ੀਸ਼ਨ ਵਿਚ ਸਨ। ਭਾਵੇਂ ਕੋਈ ਸਿੰਘ ਸਰਦਾਰ ਸੁਬੇਗ ਸਿੰਘ ਦੀ ਪੋਜ਼ੀਸ਼ਨ ਵਿਚ ਲਾਹੌਰ ਦਾ ਕੁਤਵਾਲ ਸੀ ਤੇ ਭਾਵੇਂ ਸਰਦਾਰ ਸ਼ਾਮ ਸਿੰਘ ਤੇ ਕਪੂਰ ਸਿੰਘ ਵਾਂਙ ਹਕੂਮਤ ਦਾ ਕੱਟੜ ਵਿਰੋਧੀ। ਦਿਲ ਵਿਚ ਇੱਛਾ ਸਾਰਿਆਂ ਦੇ ਇਕੋ ਸੀ ਤੇ ਉਹ ਸੀ ਕਿ 'ਜਹਾਂ ਜਹਾਂ ਖ਼ਾਲਸਾ ਸਾਹਿਬ, ਤਹਾਂ ਤਹਾਂ ਰਿੱਛਿਆ ਰਿਆਇਤ, ਦੇਗ ਤੇਗ਼ ਫ਼ਤਹਿ, ਬਿਰਦ ਕੀ ਪੈਜ ਰਹੇ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖ਼ਾਲਸੇ ਜੀ ਦੇ ਬੋਲ ਬਾਲੇ।' ਇਹੋ ਹੀ ਸਵੇਰੇ ਅਤੇ ਸ਼ਾਮ ਗੁਰੂ ਦੇ ਹਜ਼ੂਰ ਉਨ੍ਹਾਂ ਦੀ ਅਰਦਾਸ ਸੀ ਤੇ ਇਸੇ ਨੇ ਹੀ ਉਨ੍ਹਾਂ ਨੂੰ ਇਕ ਜਾਨ ਤੇ ਇਕ ਮੁੱਠ ਕਰ ਰਖਿਆ ਸੀ। ਇਸੇ ਕੁਰਬਾਨੀ ਦੀ ਸਪਿਰਿਟ ਤੇ ਪੰਥ ਲਈ ਜਾਨਾਂ ਘੋਲ ਘੁਮਾਉਣ ਦੀ ਕਿਰਤ ਨੇ ਹਜ਼ਾਰਾਂ ਬੰਦਿਆਂ ਦੇ ਮਰ ਮਿਟ ਜਾਣ ਪਰ ਭੀ ਕੌਮ ਨੂੰ ਨਿੱਤ ਨਵਾਂ ਨਿਰੋਆ, ਜੀਉਂਦਾ ਜਾਗਦਾ ਤੇ ਚੜ੍ਹਦੀਆਂ ਕਲਾਂ ਵਿਚ ਰਖਿਆ। ਗਿਣਤੀ ਵਿਚ ਖ਼ਾਲਸਾ ਭਾਵੇਂ ਆਟੇ ਵਿਚ ਲੂਣ ਭੀ ਨਹੀਂ ਸੀ ਪਰ ਗੁਰੂ ਭਰੋਸੇ ਉਨ੍ਹਾਂ ਉਹ ਕੁਝ ਕਰ ਵਿਖਾਇਆ ਜੋ ਕਰੋੜਾਂ ਦੀ ਗਿਣਤੀ ਵਾਲੇ ਹਜ਼ਾਰਾਂ ਦੇ ਟਾਕਰੇ ਤੇ ਨਾ ਕਰ ਸਕੇ।

ਸਿੰਘਾਂ ਦੀਆਂ ਆਪਾ-ਵਾਰੂ ਕੁਰਬਾਨੀਆਂ ਤੇ ਪੰਥ ਲਈ ਘਾਲਾਂ ਤੋਂ ਉਤਸਾਹਤ ਹੋ ਕੇ ਕਾਉਂਕਿਆਂ ਦੇ ਗੌਹਰ ਤੇ ਕੌਰ ਭੀ ਅੰਮ੍ਰਿਤਸਰ ਪੁੱਜੇ ਤੇ ਖੰਡੇ ਦੀ ਪਾਹੁਲ ਛੱਕ ਕੇ ਸਿੰਘ ਸਜ ਗਏ ਤੇ ਇਨ੍ਹਾਂ ਦੇ ਨਾਮ ਗੌਹਰ ਸਿੰਘ ਤੇ ਕੌਰ ਸਿੰਘ ਹੋ ਗਏ।[1]

ਜਿੱਥੇ ਹੁਣ ਪਿੰਡ ਅਟਾਰੀ ਆਬਾਦ ਹੈ ਉੱਥੇ ਉਸ ਵੇਲੇ ਇਕ ਪੁਰਾਣੀ ਥੇਹ ਹੁੰਦੀ ਸੀ ਜਿਸ ਨੂੰ ਟਿੱਬਾ ਯਾ ਖੇੜਾ[2] ਆਖਦੇ ਸਨ ਤੇ ਇਸ ਦੇ ਉੱਪਰ ਬੈਰਾਗੀ ਸਾਧੂਆਂ ਦਾ ਡੇਰਾ ਸੀ। ਇਸ ਡੇਰੇ ਦੇ ਆਲੇ ਦੁਆਲੇ ਕੁਝ ਕੱਚੇ ਕੋਠੇ ਸਨ। ਇਸ ਨਿੱਕੇ ਜਿਹੇ ਪਿੰਡ ਤੇ ਉਸ ਦੇ ਇਰਦ ਗਿਰਦ ਦੀ ਭੌਂ ਦੇ ਮਾਲਕ ਭੀ ਬੈਰਾਗੀ ਹੀ ਸਨ। ਮੁਲਕ ਵਿਚ ਅਬਤਰੀ ਦੇ

1. *ਰਈਸਾਨਿ ਪੰਜਾਬ*, 61; *ਪੰਜਾਬ ਚੀਫ਼ਸ* (1890), ਜਿਲਦ ਪਹਿਲੀ, 238।
2. ਲੈਪਲ ਗ੍ਰਿਫਿਨ ਨੇ '*ਪੰਜਾਬ ਚੀਫ਼ਸ*' ਵਿਚ ਇਸ ਅਸਥਾਨ ਨੂੰ, ਜਿਥੇ ਕਿ ਬਰਾਗੀਆਂ ਦਾ ਡੇਰਾ ਹੁੰਦਾ ਸੀ ਤੇ ਬਾਵਾ ਮੂਲ ਦਾਸ ਨੇ ਗੌਰ ਸਿੰਘ ਨੂੰ ਆ ਬਸਣ ਲਈ ਕਿਹਾ, ਟਿਬਲੀਆ ਜਾਂ ਕਰਵਾ (Tiblia or Karewa) ਲਿਖਿਆ ਹੈ। ਸੱਯਦ ਹਾਦੀ ਹਸਨ ਤੇ ਰਜੱਬ ਅਲੀ ਨੇ ਟਿੱਬਾ ਉਰਫ਼ ਖਰੇਵਾ ਲਿਖਿਆ ਹੈ (*ਰਈਸਾਨਿ-ਪੰਜਾਬ*, ਪੰ. 61)। ਠੀਕ 'ਟਿੱਬਾ ਯਾ ਖੇੜਾ' ਹੋਣਾ ਚਾਹੀਦਾ ਹੈ। ਬਹੁਤ ਸਾਰੀਆਂ ਪੁਰਾਣੀਆਂ ਥੇਹਾਂ ਅਜੇਂ ਤਕ ਟਿੱਬੇ ਜਾਂ ਖੇੜੇ ਹੀ ਅਖਵਾਉਂਦੀਆਂ ਹਨ।

ਕਾਰਨ ਚੋਰੀਆਂ ਤੇ ਡਾਕੇ ਆਮ ਸਨ ਜਿਨ੍ਹਾਂ ਤੋਂ ਕਈ ਵਾਰੀ ਸਾਧਾਂ ਦੇ ਕੋਠੇ ਤੇ ਡੇਰਾ ਭੀ ਸੁੱਕੇ ਨਹੀਂ ਸਨ ਬਚਦੇ। ਸਾਧੂ ਵਿਚਾਰੇ ਬੜੇ ਤੰਗ ਸਨ ਤੇ ਹੈਰਾਨ ਸਨ ਕਿ ਕੀ ਕਰਨ? ਬੈਰਾਗੀਆਂ ਵਿੱਚੋਂ ਇਕ ਬਾਵਾ ਮੂਲ ਦਾਸ ਸਨ ਜਿਨ੍ਹਾਂ ਨਾਲ ਪਿੰਡ ਵਸਾਉਣ ਦੇ ਦਿਨਾਂ ਤੋਂ ਹੀ ਗੌਹਰੇ ਦਾ ਬੜਾ ਪ੍ਰੇਮ ਹੋ ਗਿਆ ਹੋਇਆ ਸੀ। ਜਦ ਗੌਹਰ ਸਿੰਘ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਤੇ ਉਸ ਦੇ ਨਾਲ ਹੋਰ ਕਈ ਸੰਬੰਧੀ ਅਤੇ ਸੰਗੀ ਸਾਥੀ ਸਿੰਘ ਸਜ ਗਏ ਤਾਂ ਬਾਵਾ ਮੂਲ ਦਾਸ ਨੂੰ ਖ਼ਿਆਲ ਆਇਆ ਕਿ ਜੇ ਕੋਈ ਉਨ੍ਹਾਂ ਦੀ ਇਸ ਅਬਤਰੀ ਦੇ ਵੇਲੇ ਸਹਾਇਤਾ ਕਰ ਸਕਦਾ ਹੈ ਤਾਂ ਇਹ ਗੁਰੂ ਕੇ ਸਿੰਘ ਹੀ ਹਨ। ਸਿੰਘ ਉਸ ਵੇਲੇ ਦੀਨ ਦੁਖੀਆਂ ਦੇ ਰਾਖੇ ਤੇ ਗਰੀਬਾਂ ਦੇ ਸਹਾਈ ਸਮਝੇ ਜਾਂਦੇ ਸਨ ਜੋ ਲੋਕਾਂ ਦੀ ਮੁਸੀਬਤ ਆਪਣੇ ਗਲ ਪਾ ਕੇ ਭੀ ਉਨ੍ਹਾਂ ਦੇ ਕਸ਼ਟ ਨਿਵਾਰਨ ਨੂੰ ਤਿਆਰ ਹੋ ਪੈਂਦੇ ਸਨ। ਇਹ ਸੋਚ ਕੇ ਬਾਵਾ ਮੂਲ ਦਾਸ ਨੇ ਗੌਹਰ ਸਿੰਘ ਨੂੰ ਆਖਿਆ ਕਿ ਤੁਸੀਂ ਸਾਡੇ ਪਾਸ ਹੀ ਚਲ ਬਸੋ ਤੇ ਆਪਣੇ ਰਹਿਣ ਲਈ ਸਾਡੇ ਖੇੜੇ ਤੇ ਇਕ ਉੱਚੀ ਅਟਾਰੀ ਬਣਾ ਲਓ, ਤੇ ਇਰਦ ਗਿਰਦ ਦੀ ਭੋਂ ਦੀ ਮਾਲਕੀ ਭੀ ਤੁਸੀਂ ਹੀ ਸਾਂਭੋ। ਅਸੀਂ ਤਾਂ ਸਾਧੂ ਹਾਂ, ਆਰਾਮ ਨਾਲ ਜ਼ਿੰਦਗੀ ਗੁਜ਼ਾਰਨਾ ਚਾਹੁੰਦੇ ਹਾਂ, ਦੋ ਮਧੂਕੜੀਆਂ ਰੁੱਖੀਆਂ ਮਿੱਸੀਆਂ ਜੋ ਮਿਲ ਜਾਣ, ਸਾਨੂੰ ਉਹ ਹੀ ਬਹੁਤ ਹਨ।

ਗੌਹਰ ਸਿੰਘ ਨੇ ਬਾਵਾ ਮੂਲ ਦਾਸ ਦੀ ਇਹ ਗੱਲ ਪ੍ਰਵਾਨ ਕਰ ਲਈ ਤੇ ਥੇਹ ਨੂੰ ਆ ਆਬਾਦ ਕੀਤਾ ਤੇ ਉਨ੍ਹਾਂ ਦੇ ਆਖਣ ਮੂਜਬ ਇੱਥੇ ਉੱਚੀ ਅਟਾਰੀ ਆ ਬਣਾਈ। ਗੌਹਰ ਸਿੰਘ ਦੀ ਅਟਾਰੀ ਉੱਚੇ ਟਿੱਬੇ ਤੇ ਹੋਣ ਕਰਕੇ ਦੂਰੋਂ ਦਿਸਦੀ ਸੀ। ਇਸ ਦੇ ਨਾਮ ਤੇ ਹੌਲੀ ਹੌਲੀ ਪਿੰਡ ਦਾ ਨਾਮ ਭੀ ਅਟਾਰੀ ਵੱਜਣ ਲੱਗ ਪਿਆ।

ਜਦ ਸਿੱਖ ਸਰਦਾਰ ਛੋਟੇ ਛੋਟੇ ਜੱਥੇ ਬਣਾ ਕੇ ਮੱਲਾਂ ਮਾਰਨ ਲਈ ਦੇਸ਼ ਵਿਚ ਫਿਰਨ ਲੱਗੇ ਤਾਂ ਗੌਹਰ ਸਿੰਘ ਆਪਣੇ ਸੰਬੰਧੀਆਂ ਸਮੇਤ ਸਰਦਾਰ ਗੁਰਬਖਸ਼ ਸਿੰਘ ਰੋੜਾਂਵਾਲੇ ਦੇ ਜੱਥੇ ਵਿਚ ਸ਼ਾਮਲ ਹੋ ਗਿਆ। ਸਰਦਾਰ ਗੁਰਬਖਸ਼ ਸਿੰਘ ਸਰਦਾਰ ਭੱਮਾਂ ਸਿੰਘ ਭੰਗੀ ਦੇ ਸੰਗੀਆਂ ਵਿਚੋਂ ਇਕ ਸਿਰ-ਕੱਢ ਸਰਦਾਰ ਸੀ। ਉਸ ਦੇ ਦੋ ਹੋਰ ਸਾਥੀ ਸਰਦਾਰ ਸਨ, ਇਕ ਉਸ ਦਾ ਭਤੀਜਾ ਗੁੱਜਰ ਸਿੰਘ ਤੇ ਦੂਸਰਾ ਸ. ਲਹਿਣਾ ਸਿੰਘ ਕਾਹਲੋਂ। ਸ. ਗੁਰਬਖਸ਼ ਸਿੰਘ ਦੇ ਚਲਾਣਾ ਕਰ ਜਾਣ ਪਿੱਛੋਂ ਉਸ ਦੀ ਥਾਂ ਤੇ ਗੁੱਜਰ ਸਿੰਘ ਸਰਦਾਰ ਬਣਿਆ। ਗੁੱਜਰ ਸਿੰਘ ਤੇ ਲਹਿਣਾ ਸਿੰਘ ਦੋਨੋਂ ਸਰਦਾਰ ਹਰੀ ਸਿੰਘ ਭੰਗੀ ਦੇ ਮਿਸਲਦਾਰ ਸਨ।

ਇਸ ਵੇਲੇ ਗੌਹਰ ਸਿੰਘ ਨੇ ਹੌਲੀ ਹੌਲੀ ਅਟਾਰੀ ਦੇ ਇਰਦ ਗਿਰਦ ਦੇ ਪਿੰਡਾਂ ਤੇ ਕਬਜ਼ਾ ਕਰ ਲਿਆ ਜਿਨ੍ਹਾਂ ਦੀ ਸਾਲਾਨਾ ਆਮਦਨੀ ਸੱਤ ਹਜ਼ਾਰ ਰੁਪਏ ਸੀ।[1]

---

1. ਸੱਯਦ ਹਾਦੀ ਹਸਨ (*ਰਈਸਾਨਿ-ਪੰਜਾਬ* ਪੰ. 61) ਅਤੇ ਲੈਪਲ ਗ੍ਰਿਫ਼ਿਨ (*ਪੰਜਾਬ ਚੀਫ਼ਸ*, ਪੰ. 238) ਨੇ ਗੌਹਰ ਸਿੰਘ ਦੇ ਅਟਾਰੀ ਦੇ ਇਰਦ ਗਿਰਦ ਦੇ ਪਿੰਡਾਂ ਤੇ ਕਬਜ਼ਾ ਕਰਨ ਦਾ ਸੰਨ 1737 ਦਿੱਤਾ ਹੈ, ਜਿਸ ਵੇਲੇ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਲਾਹੌਰ ਦਾ ਸੂਬੇਦਾਰ ਸੀ ਅਤੇ ਨਾਦਰ ਸ਼ਾਹ ਅਜੇ ਹਿੰਦੁਸਤਾਨ ਉੱਤੇ ਹੱਲਾ ਕਰਨ ਨਹੀਂ ਸੀ ਆਇਆ। ਇਸ ਵੇਲੇ ਹਾਲ ਤਕ ਸਿੰਘਾਂ ਨੇ ਆਮ ਕਬਜ਼ੇ ਕਰਨੇ ਨਹੀਂ ਸਨ ਆਰੰਭੇ, ਇਸ ਲਈ ਇਸ ਤਾਰੀਖ ਉੱਤੇ ਜ਼ਰਾ ਸ਼ੱਕ ਪੈਂਦਾ ਹੈ, ਪਰ ਚੂੰਕਿ ਹੋਰ ਕੋਈ ਗਵਾਹੀ ਇਸ ਦੇ ਵਿਰੁੱਧ ਵੀ ਨਹੀਂ ਹੈ, ਇਸ ਲਈ ਇਸ ਨੂੰ ਗਲਤ ਭੀ ਨਹੀਂ ਆਖਿਆ ਜਾ ਸਕਦਾ।

ਸਰਦਾਰ ਗੁਰਬਖਸ਼ ਸਿੰਘ ਰੋੜਾਂਵਾਲੇ ਦੇ ਜਲਾਣਾ ਕਰ ਜਾਣ ਪਿੱਛੋਂ ਗੋਹਰ ਸਿੰਘ ਸਰਦਾਰ ਗੁੱਜਰ ਸਿੰਘ ਤੇ ਲਹਿਣਾ ਸਿੰਘ ਭੰਗੀਆਂ ਦੇ ਨਾਲ ਹੀ ਰਿਹਾ। ਉਸ ਦੀ ਬਹਾਦਰੀ ਤੋਂ ਪ੍ਰਸੰਨ ਹੋ ਕੇ ਸਰਦਾਰ ਗੁੱਜਰ ਸਿੰਘ ਨੇ ਉਸ ਨੂੰ ਅਠਾਰਾਂ ਹਜ਼ਾਰ ਛੇ ਸੌ ਰੁਪਏ ਮਾਮਲੇ ਦਾ ਇਲਾਕਾ ਜਾਗੀਰ ਵਿਚ ਦੇ ਦਿੱਤਾ।[1]

1. *ਰਈਸਾਨਿ-ਪੰਜਾਬ* ਵਿਚ ਅਠਾਰਾਂ ਹਜ਼ਾਰ ਦੋ ਸੌ ਰੁਪਏ ਜਾਗੀਰ ਲਿਖੀ ਹੋਈ ਹੈ, ਜੋ ਜ਼ਿਆਦਾ ਪ੍ਰਮਾਣੀਕ ਹੈ। ਗ੍ਰਿਫ਼ਿਨ, *ਪੰਜਾਬ ਚੀਫ਼ਸ*, ਜਿਲਦ ਪਹਿਲੀ, 238।

# ਸਰਦਾਰ ਨਿਹਾਲ ਸਿੰਘ

ਗੌਹਰ ਸਿੰਘ ਦੇ ਤਿੰਨ ਪੁੱਤਰ ਸਨ ਦਲ ਸਿੰਘ, ਦਿਆਲ ਸਿੰਘ ਤੇ ਨਿਹਾਲ ਸਿੰਘ। ਸਰਦਾਰ ਨਿਹਾਲ ਸਿੰਘ ਦਾ ਪੁੱਤਰ ਸਰਦਾਰ ਸ਼ਾਮ ਸਿੰਘ ਸੀ, ਜਿਸ ਦਾ ਹਾਲ ਵੇਰਵੇ ਨਾਲ ਅੱਗੇ ਚਲ ਕੇ ਪਾਠਕਾਂ ਦੀ ਭੇਟਾ ਕੀਤਾ ਜਾਵੇਗਾ। ਦੂਸਰੇ ਪਾਸੇ ਕੌਰ ਸਿੰਘ ਦੇ ਚਾਰ ਪੁੱਤਰ ਸਨ, ਟੇਕ ਸਿੰਘ, ਜੋਧ ਸਿੰਘ, ਵਜ਼ੀਰ ਸਿੰਘ ਤੇ ਚੜ੍ਹਤ ਸਿੰਘ। ਇਨ੍ਹਾਂ ਵਿਚੋਂ ਸਰਦਾਰ ਜੋਧ ਸਿੰਘ ਦਾ ਪੁੱਤਰ ਜਗਤ-ਪ੍ਰਸਿੱਧ ਸਰਦਾਰ ਚਤਰ ਸਿੰਘ ਅਟਾਰੀਵਾਲਾ ਤੇ ਉਨ੍ਹਾਂ ਦਾ ਪੁੱਤਰ ਰਾਜਾ ਸ਼ੇਰ ਸਿੰਘ ਅਟਾਰੀਵਾਲਾ ਹੋਏ ਸਨ ਜਿਨ੍ਹਾਂ ਨੇ ਚੇਲੀਆਂਵਾਲੇ ਅੰਗ੍ਰੇਜ਼ਾਂ ਨਾਲ ਲੜਾਈ ਵਿਚ ਨਾਮਣਾ ਖੱਟਿਆ ਤੇ ਅੰਤ ਗੁਜਰਾਤ ਵਿਚ ਪਾਸਾ ਪਰਤ ਜਾਣ ਕਰਕੇ ਪੰਜਾਬ ਦੇ ਰਾਜ ਦੇ ਨਾਲ ਹੀ ਦੇਸ਼ ਨਿਕਾਲਾ ਲੈ ਗਏ। ਸੰਨ 1858 ਨੂੰ ਸਰਦਾਰ ਚਤਰ ਸਿੰਘ ਕਲਕੱਤੇ ਤੇ ਰਾਜਾ ਸ਼ੇਰ ਸਿੰਘ ਬਨਾਰਸ ਵਿਚ ਚੜ੍ਹਾਈ ਕਰ ਗਏ।

ਜਦ ਗੌਹਰ ਸਿੰਘ ਮਜੀਠੇ ਦੇ ਨਜ਼ਦੀਕ ਦੁਰਾਨੀਆਂ ਨਾਲ ਇਕ ਜੰਗ ਵਿਚ ਸ਼ਹੀਦ ਹੋ ਗਿਆ ਤਾਂ ਸਰਦਾਰ ਨਿਹਾਲ ਸਿੰਘ ਆਪਣੇ ਪਿਤਾ ਦੀ ਥਾਂ ਨਿਯਤ ਹੋਇਆ। ਸੰਨ 1764 ਵਿਚ ਜਦ ਖ਼ਾਲਸੇ ਨੇ ਲਾਹੌਰ ਉੱਤੇ ਕਬਜ਼ਾ ਕੀਤਾ ਤਾਂ ਸਰਦਾਰ ਨਿਹਾਲ ਸਿੰਘ ਸਰਦਾਰ ਗੁੱਜਰ ਸਿੰਘ ਤੇ ਸਰਦਾਰ ਲਹਿਣਾ ਸਿੰਘ ਭੰਗੀ ਦੇ ਨਾਲ ਸੀ। ਇਸ ਵੇਲੇ ਇਸ ਨੂੰ ਪਸਰੂਰ ਦਾ ਪਰਗਣਾ ਜਾਗੀਰ ਵਿਚ ਮਿਲਿਆ ਜਿਸ ਦੀ ਆਮਦਨੀ ਦਾ ਅੰਦਾਜ਼ਾ ਡੇਢ ਲੱਖ ਸਲਾਨਾ ਕੀਤਾ ਗਿਆ ਹੈ।[1] ਸਰਦਾਰ ਗੁੱਜਰ ਸਿੰਘ ਦੀ ਮੌਤ ਪਿੱਛੋਂ ਇਹ ਆਪਣਿਆਂ ਭਤੀਜਿਆਂ ਤੇ ਸੰਬੰਧੀਆਂ ਸਮੇਤ ਸਰਦਾਰ ਗੁੱਜਰ ਸਿੰਘ ਦੇ ਪੁੱਤਰ ਸਰਦਾਰ ਸਾਹਿਬ ਸਿੰਘ ਪਾਸ ਰਹੇ ਤੇ ਸੰਨ 1797 ਨੂੰ ਅਹਿਮਦ ਖਾਨ ਸ਼ਾਹਾਂਚੀਬਾਸ਼ੀ ਨਾਲ ਜੰਗ ਵਿਚ ਪੰਥ ਦੀ ਵਧ ਚੜ੍ਹ ਕੇ ਸੇਵਾ ਕੀਤੀ।[2]

---

1. ਗਿਆਨ ਸਿੰਘ, *ਪੰਥ ਪ੍ਰਕਾਸ਼* (ਦੂਜੀ ਐਡੀਸ਼ਨ), 836; ਅਹਿਮਦ ਸ਼ਾਹ ਬਟਾਲੀਆ, ਜ਼ਿਕਰਿ ਗੁਰੂਆਂ ਇਬਤਦਾਇ ਸਿੰਘਾਂ *(ਤਤਿਮਾ ਉਮਦਾਤੁ ਤਵਾਰੀਖ)*, ਪੰ. 15। ਸਰਦਾਰ ਲਹਿਣਾ ਸਿੰਘ ਤੇ ਸਰਦਾਰ ਗੁੱਜਰ ਸਿੰਘ ਦੇ ਵੇਰਵੇ ਸਹਿਤ ਹਾਲਾਂ ਲਈ ਵੇਖੋ ਬੂਟੇ ਸ਼ਾਹ ਦੀ *ਤਾਰੀਖਿ ਪੰਜਾਬ*, ਜਿਲਦ ਪਹਿਲੀ, ਪੰ. 517-20 ਤੇ ਖ਼ੁਸ਼ਵਕਤ ਰਾਇ ਦੀ *ਤਾਰੀਖਿ ਸਿੱਖਾਂ*, 113-117।
2. ਹਾਦੀ ਹਸਨ ਤੇ ਰਜੱਬ ਅਲੀ, *ਰਈਸਾਨਿ-ਪੰਜਾਬ*, 61-2; ਗ੍ਰਿਫ਼ਿਨ, *ਪੰਜਾਬ ਚੀਫ਼ਸ*, ਜਿਲਦ ਪਹਿਲੀ, 239। ਅਹਿਮਦ ਖ਼ਾਨ ਸ਼ਾਹਾਂਚੀਬਾਸ਼ੀ ਨਾਲ ਸਿੰਘਾਂ ਦੇ ਜੰਗ ਦੇ ਵੇਰਵੇ ਸਹਿਤ ਹਾਲਾਂ ਲਈ ਵੇਖੋ *ਉਮਦਾਤੁ ਤਵਾਰੀਖ*, ਦਫ਼ਤਰ ਦੋਮ, 34; ਖ਼ੁਸ਼ਵਕਤ ਰਾਇ, 116; ਗਿਆਨ ਸਿੰਘ, *ਪੰਥ ਪ੍ਰਕਾਸ਼*, ਦੂਸਰੀ ਐਡੀਸ਼ਨ, 734-61; ਅਲੀ-ਉ-ਦੀਨ, *ਇਬ੍ਰਤ ਨਾਮਾ*, 308।

ਮਹਾਰਾਜਾ ਰਣਜੀਤ ਸਿੰਘ ਨੇ ਸੰਨ 1799 ਵਿਚ ਲਾਹੌਰ ਤੇ ਕਬਜ਼ਾ ਕਰ ਲਿਆ। ਇਸ ਵੇਲੇ ਨਿਜ਼ਾਮ ਦੀਨ ਕਸੂਰੀਆ ਅਤੇ ਭੰਗੀ ਤੇ ਰਾਮਗੜ੍ਹੀਏ ਸਰਦਾਰ ਮਹਾਰਾਜਾ ਦੀ ਦਿਨੋ ਦਿਨ ਵਧ ਰਹੀ ਤਾਕਤ ਨੂੰ ਠੱਲ੍ਹਣ ਲਈ ਵਿਉਂਤਾਂ ਕਰਨ ਲੱਗੇ। ਅਗਲੇ ਸਾਲ ਸੰਨ 1800 ਵਿਚ ਭਸੀਣ ਪਿੰਡ ਦੀ ਜੂਹ ਵਿਚ ਫ਼ੌਜਾਂ ਦਾ ਇਕ ਤਕੜਾ ਇਕੱਠ ਹੋਇਆ। ਉਧਰੋਂ ਰਣਜੀਤ ਸਿੰਘ ਭੀ ਮੁਕਾਬਲੇ ਲਈ ਤਿਆਰ ਹੋ ਕੇ ਤੁਰ ਪਿਆ। ਪਰ ਸਰਦਾਰ ਗਲਾਬ ਸਿੰਘ ਭੰਗੀ ਦੀ ਅਚਾਨਕ ਮੌਤ ਨੇ ਇਕੱਠ ਤਿੱਤਰ ਬਿੱਤਰ ਕਰ ਦਿੱਤਾ। ਇਨ੍ਹੀਂ ਦਿਨੀਂ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਨਿਹਾਲ ਸਿੰਘ ਅਟਾਰੀਵਾਲੇ ਨੂੰ ਗਹੁ ਨਾਲ ਦੇਖਿਆ ਤੇ ਉਸ ਦੀਆਂ ਅੰਦਰੂਨੀ ਖ਼ੂਬੀਆਂ ਨੂੰ ਭਾਂਪ ਗਿਆ। ਉਸ ਦੀ ਇੱਛਾ ਸੀ ਕਿ ਕਿਸੇ ਤਰ੍ਹਾਂ ਸਰਦਾਰ ਨਿਹਾਲ ਸਿੰਘ ਉਸ ਪਾਸ ਆ ਜਾਏ। ਇਸ ਮਤਲਬ ਲਈ ਮਹਾਰਾਜਾ ਨੇ ਉਸ ਨੂੰ ਬੁਲਾ ਭੇਜਿਆ। ਪਰ ਸਰਦਾਰ ਨਿਹਾਲ ਸਿੰਘ ਨੇ ਸਰਦਾਰ ਸਾਹਿਬ ਸਿੰਘ ਨੂੰ ਛੱਡ ਕੇ ਮਹਾਰਾਜਾ ਪਾਸ ਚਲੇ ਜਾਣਾ ਚੰਗਾ ਨਾ ਸਮਝਿਆ ਤੇ ਨਾਂਹ ਕਰ ਦਿੱਤੀ। ਇਸ ਬੇਗਰਜ਼ ਵਫ਼ਾਦਾਰੀ ਦਾ ਪਤਾ ਜਦ ਸਾਹਿਬ ਸਿੰਘ ਨੂੰ ਲੱਗਾ ਤਾਂ ਉਹ ਬਹੁਤ ਹੀ ਪ੍ਰਸੰਨ ਹੋਇਆ ਤੇ ਸਰਦਾਰ ਨਿਹਾਲ ਸਿੰਘ ਦੀ ਜਾਗੀਰ ਅਤੇ ਦੂਸਰੇ ਅਲਾਊਂਸ ਵਧਾ ਦਿੱਤੇ।[1]

ਸਰਦਾਰ ਸਾਹਿਬ ਦੀ ਮੇਹਰਬਾਨੀ ਅਤੇ ਸਰਦਾਰ ਨਿਹਾਲ ਸਿੰਘ ਦੀ ਚੜ੍ਹਦੀ ਕਲਾ ਤੇ ਤਰੱਕੀ ਨੇ ਉਸ ਦੇ ਚਚੇਰੇ ਭਰਾਵਾਂ ਟੇਕ ਸਿੰਘ, ਜੋਧ ਸਿੰਘ ਤੇ ਵਜ਼ੀਰ ਸਿੰਘ ਦੇ ਦਿਲਾਂ ਵਿਚ ਈਰਖਾ ਦੀ ਅੱਗ ਬਾਲ ਦਿੱਤੀ। ਉਨ੍ਹਾਂ ਨੇ ਸਰਦਾਰ ਸਾਹਿਬ ਸਿੰਘ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਇਹ ਜ਼ਰਾ ਕਮਜ਼ੋਰ ਦਿਲ ਆਦਮੀ ਸੀ। ਜਾਂ ਤਾਂ ਇਹ ਉਨ੍ਹਾਂ ਦੀ ਗੱਲ ਨੂੰ ਸਮਝ ਨਾ ਸਕਿਆ ਜਾਂ ਉਨ੍ਹਾਂ ਨੂੰ ਨਾਂਹ ਕਰ ਸਕਣ ਦੇ ਅਸਮੱਰਥ ਸੀ। ਨਤੀਜਾ ਇਹ ਹੋਇਆ ਕਿ ਇਸ ਨੇ ਉਨ੍ਹਾਂ ਦੇ ਆਖੇ ਲੱਗ ਕੇ ਸਰਦਾਰ ਨਿਹਾਲ ਸਿੰਘ ਦੀ ਪੰਦਰਾਂ ਕੁ ਹਜ਼ਾਰ ਦੀ ਜਾਗੀਰ ਜ਼ਬਤ ਕਰ ਲਈ। ਸਰਦਾਰ ਨਿਹਾਲ ਸਿੰਘ ਇਕ ਅਣਖੀਲਾ ਤੇ ਖਰਾ ਬੰਦਾ ਸੀ। ਉਹ ਇਸ ਨਾਜਾਇਜ਼ ਸਲੂਕ ਨੂੰ ਕਦ ਬਰਦਾਸ਼ਤ ਕਰ ਸਕਦਾ ਸੀ ਤੇ ਨਾਲੇ ਜਾਗੀਰ ਘੱਟ ਹੋ ਜਾਣ ਦੇ ਕਾਰਨ ਉਸ ਦਾ ਇੱਜ਼ਤ ਨਾਲ ਟਿਕੇ ਰਹਿਣਾ ਮੁਮਕਿਨ ਨਹੀਂ ਸੀ ਰਿਹਾ। ਇਸ ਲਈ ਉਹ ਸਰਦਾਰ ਸਾਹਿਬ ਸਿੰਘ ਦੀ ਤਾਬੇਦਾਰੀ ਛੱਡ ਕੇ ਆਪਣੇ ਪਿੰਡ ਅਟਾਰੀ ਚਲਾ ਆਇਆ।[2]

ਇਨ੍ਹਾਂ ਦਿਨਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਕਈ ਊਠ ਸਰਦਾਰ ਨਿਹਾਲ ਸਿੰਘ ਦੀ ਲੁੱਟ ਵਿਚ ਆ ਗਏ। ਜਿਸ ਵੇਲੇ ਮਹਾਰਾਜਾ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪਣੇ ਕੁਝ ਆਦਮੀ ਸਰਦਾਰ ਨਿਹਾਲ ਸਿੰਘ ਪਾਸ ਭੇਜੇ ਕਿ ਕਹਿ ਸੁਣ ਕੇ ਊਠ ਮੋੜ ਲਿਆਉਣ। ਇਨ੍ਹਾਂ ਆਦਮੀਆਂ ਦੇ ਪੁੱਜਣ ਤੋਂ ਪਹਿਲਾਂ ਕਈ ਊਠ ਵਿਕ ਚੁੱਕੇ ਸਨ, ਪਰ ਜੋ ਬਾਕੀ ਸਨ ਉਹ ਸਰਦਾਰ ਨਿਹਾਲ ਸਿੰਘ ਨੇ ਮਹਾਰਾਜਾ ਨੂੰ ਵਾਪਸ ਭੇਜ ਦਿੱਤੇ।

ਇਸ ਗੱਲ ਤੋਂ ਮਹਾਰਾਜਾ ਰਣਜੀਤ ਸਿੰਘ ਬਹੁਤ ਹੀ ਪ੍ਰਸੰਨ ਹੋਇਆ ਤੇ ਉਸ ਨੇ

---

1. *ਪੰਜਾਬ ਚੀਫ਼ਸ*, ਜਿਲਦ ਦੂਸਰੀ, 239; ਹਾਦੀ ਹਸਨ ਤੇ ਰੱਜਬ ਅਲੀ, *ਰਈਸਾਨਿ ਪੰਜਾਬ*, 62।
2. ਹਾਦੀ ਹਸ਼ਨ, *ਰਈਸਾਨਿ-ਪੰਜਾਬ*, 62; ਗ੍ਰਿਫ਼ਿਨ, *ਪੰਜਾਬ ਚੀਫ਼ਸ*, ਜਿਲਦ ਦੂਸਰੀ, 239।

ਆਪਣੇ ਆਦਮੀ ਸਰਦਾਰ ਨਿਹਾਲ ਸਿੰਘ ਪਾਸ ਭੇਜੇ ਤਾਂ ਕਿ ਉਸ ਨੂੰ ਮਹਾਰਾਜਾ ਸਾਹਿਬ ਦੀ ਨੌਕਰੀ ਵਿਚ ਆ ਜਾਣ ਲਈ ਪ੍ਰੇਰਣ। ਬਹੁਤ ਕੁਝ ਕਹਿਣ ਕਹਾਉਣ ਪਰ ਸਰਦਾਰ ਨਿਹਾਲ ਸਿੰਘ ਰਾਜ਼ੀ ਹੋ ਗਿਆ। ਮਹਾਰਾਜਾ ਨੇ ਉਸ ਨੂੰ ਆਪਣੀ ਫ਼ੌਜ ਵਿਚ ਅਫ਼ਸਰ ਮੁਕੱਰਰ ਕਰ ਦਿੱਤਾ ਤੇ ਚਾਰ ਸੌ ਸੋਲਾਂ ਸਵਾਰ, ਇਕ ਵੱਡੀ ਤੋਪ ਅਤੇ ਸੱਤ ਸ਼ੁਤਰੀ ਜੰਬੂਰੇ ਉਸ ਦੇ ਤਾਬਿਆ ਕੀਤੇ।[1]

ਪਹਿਲੀ ਮੁਹਿੰਮ ਜਿੱਥੇ ਕਿ ਸਰਦਾਰ ਨਿਹਾਲ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ ਭੇਜਿਆ ਗਿਆ ਸੀ ਉਹ ਛੱਛ ਦੇ ਇਲਾਕੇ ਨੂੰ ਸਰ ਕਰਨ ਦੀ ਸੀ।[2] ਇੱਥੇ ਸਰਦਾਰ ਨਿਹਾਲ ਸਿੰਘ ਨੇ ਛੇਤੀ ਹੀ ਆਪਣੀ ਵਫ਼ਾਦਾਰੀ ਤੇ ਬਹਾਦਰੀ ਦੇ ਕਾਰਨ ਬਹੁਤ ਨਾਮ ਪੈਦਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਬਹਾਦਰਾਂ ਦਾ ਕਦਰਦਾਨ ਸੀ। ਉਸ ਨੇ ਸੰਨ 1803 ਵਿਚ ਚੁਰੰਜਾ ਹਜ਼ਾਰ ਪੰਜ ਸੌ ਰੁਪਏ ਦੀ ਸੁੱਖੋਂ ਦੀ ਜਾਗੀਰ ਸਰਦਾਰ ਨਿਹਾਲ ਸਿੰਘ ਨੂੰ ਦਿੱਤੀ ਤੇ ਤਿੰਨ ਸਾਲ ਬਾਅਦ ਇਕ ਲੱਖ ਸਾਲਾਨਾ ਆਮਦਨੀ ਵਾਲਾ ਪਸਰੂਰ ਦਾ ਇਲਾਕਾ ਬਖ਼ਸ਼ਿਆ।[3] ਸੰਨ 1807 ਵਿਚ ਜਦ ਮਹਾਰਾਜਾ ਨੇ ਕਸੂਰ ਉੱਤੇ ਧਾਵਾ ਕੀਤਾ ਤਾਂ ਸਰਦਾਰ ਨਿਹਾਲ ਸਿੰਘ ਨੇ ਬੜੀ ਬਹਾਦਰੀ ਦਿਖਾਈ। ਮਹਾਰਾਜਾ ਰਣਜੀਤ ਸਿੰਘ ਜਦ ਭੀ ਕਿਸੇ ਨਵੇਂ ਇਲਾਕੇ ਨੂੰ ਫ਼ਤਿਹ ਕਰਦਾ ਸੀ ਤਾਂ ਉਥੋਂ ਦੇ ਪੁਰਾਣੇ ਹਾਕਮ ਨੂੰ ਕਦੀ ਭੀ ਘਰੋਂ ਬੇ-ਘਰ ਨਹੀਂ ਸੀ ਕਰਦਾ, ਬਲਕਿ ਉਸ ਦੇ ਗੁਜ਼ਾਰੇ ਲਈ ਉਸ ਨੂੰ ਕਿਸੇ ਹੋਰ ਥਾਂ ਜਾਗੀਰ ਦੇ ਦਿਆ ਕਰਦਾ ਸੀ ਤਾਂ ਕਿ ਉਹ ਆਪਣੀ ਜ਼ਿੰਦਗੀ ਦੇ ਦਿਨ ਆਰਾਮ ਤੇ ਇੱਜ਼ਤ ਨਾਲ ਗੁਜ਼ਾਰ ਸਕੇ। ਕਸੂਰ ਫ਼ਤਿਹ ਕਰ ਲੈਣ ਪਰ ਨਵਾਬ ਕੁਤਬ ਦੀਨ ਕਸੂਰੀਏ ਨੂੰ ਮਹਾਰਾਜਾ ਨੇ ਮਮਦੋਟ ਦਾ ਇਲਾਕਾ ਜਾਗੀਰ ਵਿਚ ਦੇ ਦਿੱਤਾ ਤੇ ਕਸੂਰ ਦਾ ਸਾਰਾ ਇਲਾਕਾ ਸਰਦਾਰ ਨਿਹਾਲ ਸਿੰਘ ਦੇ ਤਾਬੇ ਕਰ ਦਿੱਤਾ ਜਿਸ ਦੀ ਆਮਦਨੀ ਇਕ ਲੱਖ ਸੱਤ ਹਜ਼ਾਰ ਸੀ।[4]

ਕਸੂਰ ਦੇ ਇਲਾਕੇ ਦੇ ਨਾਲ ਹੀ ਡੋਗਰਾਂ ਤੇ ਸਰਦਾਰ ਧੰਨਾ ਸਿੰਘ ਮਲਵਈ ਦਾ ਫ਼ੀਰੋਜ਼ਪੁਰ ਦਾ ਇਲਾਕਾ ਲਗਦਾ ਸੀ। ਇੱਥੇ ਹੀ ਸੰਨ 1808 ਦੇ ਅਖ਼ੀਰ ਤਕ ਸਰਦਾਰ

---

1. ਗਿਆਨ ਸਿੰਘ *ਪੰਥ ਪ੍ਰਕਾਸ਼* (ਦੂਜੀ ਐਡੀਸ਼ਨ, ਪੰ. 836) ਵਿਚ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਸ ਵੇਲੇ ਸਰਦਾਰ ਨਿਹਾਲ ਸਿੰਘ ਨੂੰ ਪੰਜ ਸੌ ਸਵਾਰ ਦੋ ਤੋਪਾਂ ਤੇ ਸੱਤਰ ਸ਼ੁਤਰੀ ਜ਼ੰਬੂਰੇ ਦਿੱਤੇ ਸਨ। ਉੱਪਰ ਦਿੱਤੀ ਗਈ ਗਿਣਤੀ ਹਾਦੀ ਹਸਨ ਤੇ ਰਜੱਬ ਅਲੀ ਦੀ ਕਿਤਾਬ *ਰਈਸਾਨਿ ਪੰਜਾਬ*, ਪੰ. 63, ਅਤੇ ਗ੍ਰਿਫ਼ਿਨ ਦੀ *ਪੰਜਾਬ ਚੀਫ਼ਸ*, ਪੰ. 239 ਦੇ ਮੁਤਾਬਕ ਦਿੱਤੀ ਗਈ ਹੈ।
2. *ਪੰਥ ਪ੍ਰਕਾਸ਼*, ਦੂਜੀ ਐਡੀਸ਼ਨ, 836।
3. *ਪੰਥ ਪ੍ਰਕਾਸ਼*, 836; *ਰਈਸਾਨਿ-ਪੰਜਾਬ*, 62: ਗ੍ਰਿਫ਼ਿਨ *ਪੰਜਾਬ ਚੀਫ਼ਸ*, 240।
4. ਕਸੂਰ ਮਹਾਰਾਜਾ ਰਣਜੀਤ ਸਿੰਘ ਦੇ ਵਿਰੁੱਧ ਸਾਜ਼ਸ਼ਾਂ ਦਾ ਇਕ ਬੜਾ ਵੱਡਾ ਅੱਡਾ ਸੀ। ਇੱਥੋਂ ਦੇ ਹਾਕਮ ਨਿਜ਼ਾਮ ਦੀਨ ਦੀ ਸ਼ਹਿ ਤੇ ਸਹਾਇਤਾ ਨਾਲ ਹੀ ਭੰਗੀ ਤੇ ਰਾਮਗੜ੍ਹੀਏ ਸਰਦਾਰਾਂ ਭਸੀਣ ਵਿਚ ਜੰਗ ਦੀ ਤਿਆਰੀ ਕੀਤੀ, ਜੋ ਸਿਰੇ ਨਹੀਂ ਸੀ ਚੜ੍ਹ ਸਕੀ। ਹੁਣ ਨਿਜ਼ਾਮ ਦੀਨ ਦੇ ਮਰ ਜਾਣ ਪਿੱਛੋਂ ਉਸ ਦੇ ਭਾਈ ਕੁਤਬ ਦੀਨ ਨੇ ਵਿਰੋਧਤਾ ਸ਼ੁਰੂ ਕਰ ਦਿੱਤੀ ਸੀ।

ਨਿਹਾਲ ਸਿੰਘ ਨੇ ਅਠਾਰਾਂ ਹਜ਼ਾਰ ਰੁਪਏ ਸਾਲਾਨਾ ਦਾ ਹੋਰ ਇਲਾਕਾ ਆਪਣੇ ਕਬਜ਼ੇ ਕਰ ਲਿਆ। ਛੇਤੀ ਹੀ ਪਿੱਛੋਂ ਇਨ੍ਹਾਂ ਨੇ ਮਹਾਰਾਜਾ ਪਾਸੋਂ ਅਟਾਰੀ ਦੇ ਇਰਦ ਗਿਰਦ ਦੇ ਪਿੰਡਾਂ ਦੀ ਤਿੰਨ ਹਜ਼ਾਰ ਦੀ ਮਾਫ਼ੀ ਪ੍ਰਾਪਤ ਕੀਤੀ। ਇਸ ਤਰ੍ਹਾਂ ਸਰਦਾਰ ਨਿਹਾਲ ਸਿੰਘ ਦੀ ਕੁਲ ਜਾਗੀਰ ਤਿੰਨ ਲੱਖ ਛੇ ਹਜ਼ਾਰ ਅੱਠ ਸੌ ਰੁਪਏ ਦੀ ਹੋ ਗਈ। ਇਸ ਵਿਚ ਡੇਢ ਲੱਖ ਦੀ ਜ਼ਾਤੀ ਮਾਫ਼ੀ ਦੀ ਜਾਗੀਰ ਸੀ ਤੇ ਇਕ ਲੱਖ, ਛਪੰਜਾ ਹਜ਼ਾਰ ਅੱਠ ਸੌ ਦੇ ਬਦਲੇ ਫ਼ੌਜੀ ਨੌਕਰੀ ਲਈ ਨਫ਼ਰੀ ਦੇਣੀ ਹੁੰਦੀ ਸੀ।[1]

ਸੰਧਾਂਵਾਲੀਏ ਸਰਦਾਰਾਂ ਤੋਂ ਬਾਅਦ, ਜੋ ਮਹਾਰਾਜਾ ਦੇ ਆਪਣੇ ਹੀ ਖ਼ਾਨਦਾਨ ਦੇ ਸਨ, ਹੋਰ ਕੋਈ ਭੀ ਸਰਦਾਰ ਐਸਾ ਨਹੀਂ ਸੀ ਜਿਸ ਦੀ ਇੱਜ਼ਤ ਵਡਿਆਈ ਮਹਾਰਾਜੇ ਦੀ ਨਜ਼ਰ ਵਿਚ ਸਰਦਾਰ ਨਿਹਾਲ ਸਿੰਘ ਦਾ ਟਾਕਰਾ ਕਰ ਸਕਦੀ। ਇਹ ਸਭ ਮਾਨ ਉਸ ਨੂੰ ਆਪਣੇ ਬਾਹੂ-ਬਲ ਤੇ ਬਹਾਦਰੀ ਨਾਲ ਪ੍ਰਾਪਤ ਹੋਇਆ ਸੀ। ਉਸ ਨੇ ਮਹਾਰਾਜੇ ਦੀਆਂ ਅਣ-ਗਿਣਤ ਤੇ ਅਮੁੱਲ ਸੇਵਾ ਕੀਤੀਆਂ ਸਨ। ਸੰਨ 1801 ਤੋਂ 1817 ਤਕ ਸ਼ਾਇਦ ਹੀ ਕੋਈ ਐਸੀ ਮੁਹਿੰਮ ਹੋਵੇ ਜਿੱਥੇ ਸਰਦਾਰ ਨਿਹਾਲ ਸਿੰਘ ਨੇ ਵਧ ਚੜ੍ਹ ਕੇ ਬਹਾਦਰੀ ਨਾ ਦਿਖਾਈ ਹੋਵੇ। ਕਸ਼ਮੀਰ, ਪਿੰਡ ਦਾਦਨ ਖਾਨ, ਨੀਲਾ, ਚਕਵਾਲ, ਸੈਦਪੁਰ, ਨਾਰਾਇਣ ਗੜ੍ਹ, ਪਾਕ ਪਟਨ, ਮਹਿਮੂਦ ਕੋਟ, ਮੁਲਤਾਨ ਆਦਿ ਹਰ ਵੱਡੀ ਜੰਗ ਵਿਚ ਮੋਹਰੇ ਹੋ ਕੇ ਸੂਰਮਿਆਂ ਦੀ ਤਰ੍ਹਾਂ ਤਲਵਾਰਾਂ ਦੇ ਜੌਹਰ ਵਿਖਾਏ। 1810 ਵਿਚ ਮੁਲਤਾਨ ਦੀ ਲੜਾਈ ਵਿਚ ਇਕ ਸੁਰੰਗ ਦੇ ਫਟ ਜਾਣ ਨਾਲ ਬੁਰੀ ਤਰ੍ਹਾਂ ਝੁਲਸਿਆ ਗਿਆ ਸੀ। ਇਸ ਵੇਲੇ ਸਰਦਾਰ ਅਤਰ ਸਿੰਘ ਧਾਰੀ, ਜੋ ਇਸ ਦੇ ਨਜ਼ਦੀਕ ਹੀ ਖੜਾ ਸੀ ਮਾਰਿਆ ਗਿਆ ਤੇ ਹੋਰ ਕਈ ਸਰਦਾਰ ਜ਼ਖਮੀ ਹੋਏ ਸਨ। ਸਰਦਾਰ ਨਿਹਾਲ ਸਿੰਘ ਨੂੰ ਇਸ ਵੇਲੇ ਇਲਾਜ ਲਈ ਲਾਹੌਰ ਭੇਜਿਆ ਗਿਆ ਸੀ। ਇਸ ਤਰ੍ਹਾਂ ਬਹਾਦੁਰਾਨਾ ਕੁਰਬਾਨੀਆਂ ਕਰਦੇ ਹੋਏ ਸਰਦਾਰ ਨਿਹਾਲ ਸਿੰਘ ਨੇ ਅੰਤ ਆਪਣੀ ਜ਼ਿੰਦਗੀ ਭੀ ਮਹਾਰਾਜੇ ਉਪਰੋਂ ਕੁਰਬਾਨ ਕਰ ਦਿੱਤੀ ਅਤੇ ਬਾਬਰ ਤੇ ਹਮਾਯੂੰ ਵਾਲਾ ਵਾਕਿਆ ਤਿੰਨ ਸੌ ਸਾਲ ਬਾਅਦ ਮੁੜ ਤਾਜ਼ਾ ਕਰ ਦਿੱਤਾ।[2]

1817 ਵਿਚ ਮਹਾਰਾਜਾ ਰਣਜੀਤ ਸਿੰਘ ਵਣੀਏਕੇ ਉਤਰੇ ਹੋਏ ਸਨ ਕਿ ਅਚਾਨਕ ਹੀ ਸਖ਼ਤ ਬੀਮਾਰ ਹੋ ਗਏ ਤੇ ਹਾਲਤ ਇੱਥੇ ਤਕ ਖ਼ਰਾਬ ਹੋ ਗਈ ਕਿ ਉਨ੍ਹਾਂ ਦੀ ਜ਼ਿੰਦਗੀ ਸੰਬੰਧੀ ਨਿਰਾਸਤਾ ਹੋ ਗਈ। ਇਹ ਹਾਲਤ ਦੇਖ ਕੇ ਸਰਦਾਰ ਨਿਹਾਲ ਸਿੰਘ ਐਸੇ ਪ੍ਰੇਮ-ਉਛਾਲੇ ਵਿਚ ਆਏ ਕਿ ਆਪ ਨੇ ਇਕ ਮਨ ਹੋ ਕੇ ਸਤਿਗੁਰੂ ਦੇ ਹਜ਼ੂਰ ਅਰਦਾਸਾ ਸੋਧਿਆ, ਮਹਾਰਾਜਾ ਦੇ ਪਲੰਘ ਦੀਆਂ ਤਿੰਨ ਪ੍ਰਕਰਮਾਂ ਕੀਤੀਆਂ ਤੇ ਫਿਰ ਹੱਥ ਜੋੜ ਕੇ ਅਰਦਾਸ ਕੀਤੀ ਕਿ ਮਹਾਰਾਜਾ ਸਾਹਿਬ ਰਾਜ਼ੀ ਹੋ ਜਾਣ ਤੇ ਉਨ੍ਹਾਂ ਦਾ ਰੋਗ ਮੈਨੂੰ ਲੱਗ ਜਾਵੇ। ਇਸ ਅਰਦਾਸੇ ਪਿੱਛੋਂ ਆਪ ਛੇਤੀ ਹੀ ਅਟਾਰੀ ਨੂੰ ਚਲੇ ਆਏ। ਭਾਣਾ ਕਰਤਾਰ ਦਾ ਐਸਾ ਵਰਤਿਆ ਕਿ ਮਹਾਰਾਜਾ ਸਾਹਿਬ ਰਾਜ਼ੀ ਹੋਣ ਲਗ ਪਏ ਅਤੇ ਸਰਦਾਰ ਨਿਹਾਲ

1. ਗ੍ਰਿਫ਼ਿਨ, *ਪੰਜਾਬ ਚੀਫ਼ਸ*, 240; *ਰਈਸਾਨਿ ਪੰਜਾਬ*, 63।
2. *ਪੰਜਾਬ ਚੀਫ਼ਸ*, ਜਿਲਦ ਦਸਰੀ, 240-41; *ਰਈਸਾਨਿ ਪੰਜਾਬ*, 63-4।

ਸਿੰਘ ਬੀਮਾਰ ਹੋ ਗਏ ਅਤੇ ਕੁਝ ਮਹੀਨਿਆਂ ਪਿੱਛੋਂ ਚਲਾਣਾ ਕਰ ਗਏ। ਆਪ ਦੀ ਸਮਾਧ ਅਟਾਰੀ ਦੀ ਚੜ੍ਹਦੀ ਗੁੱਠ ਵੱਲੋਂ ਜੋ ਸੜਕ ਵੱਡੀ ਸ਼ਾਹੀ ਸੜਕ ਨੂੰ ਜਾਂਦੀ ਹੈ ਉਸ ਦੇ ਨਾਲ ਹੀ ਬਣੀ ਹੋਈ ਹੈ।[1]

ਸਰਦਾਰ ਨਿਹਾਲ ਸਿੰਘ ਦੇ ਜੀਵਨ ਦੇ ਹਾਲਾਤ ਤੋਂ ਇਹ ਭਲੀ ਪ੍ਰਕਾਰ ਸਿੱਧ ਹੁੰਦਾ ਹੈ ਕਿ ਆਪ ਨਿਰਭੈ, ਨਿਰਛਲ, ਸੂਰਬੀਰ ਤੇ ਸਿਦਕੀ ਸਿੰਘ ਸਨ ਅਤੇ ਜਿੱਥੋਂ ਤਕ ਵਾਹ ਲਗਦੀ ਆਪਣਾ ਨੁਕਸਾਨ ਕਰ ਕੇ ਭੀ ਦੂਸਰੇ ਦੀ ਸੇਵਾ ਕਰਦੇ ਸਨ। ਜਦ ਆਪ ਭੰਗੀ ਸਰਦਾਰਾਂ ਪਾਸ ਸਨ ਤਾਂ ਪੂਰੀ ਤਰ੍ਹਾਂ ਉਨ੍ਹਾਂ ਦੀ ਵਫ਼ਾਦਾਰੀ ਵਿਚ ਰਹੇ ਅਤੇ ਉਨ੍ਹਾਂ ਦਾ ਸਾਥ ਛੱਡ ਕੇ ਮਹਾਰਾਜਾ ਰਣਜੀਤ ਸਿੰਘ ਨਾਲ ਰਲਣਾ ਸ੍ਵੀਕਾਰ ਨਾ ਕੀਤਾ। ਸਰਦਾਰ ਸਾਹਿਬ ਸਿੰਘ ਭੰਗੀ ਵੱਲੋਂ ਬੇ-ਕਦਰੀ ਪਿੱਛੋਂ ਜਦ ਅਟਾਰੀ ਮੁੜ ਆਏ ਅਤੇ ਫਿਰ ਮਹਾਰਾਜਾ ਦੇ ਬੁਲਾਉਣ ਪਰ ਉਸ ਨਾਲ ਸ਼ਾਮਲ ਹੋਏ ਤਾਂ ਪੂਰੀ ਤਰ੍ਹਾਂ ਉਨ੍ਹਾਂ ਦੇ ਵਫ਼ਾਦਾਰ ਰਹੇ ਤੇ ਅੰਤ ਤਕ ਭੀ ਮਹਾਰਾਜਾ ਉੱਪਰੋਂ ਘੋਲ ਘੁਮਾਈ। ਸਰਦਾਰ ਨਿਹਾਲ ਸਿੰਘ ਦੇ ਅਕਾਲ ਚਲਾਣੇ ਦੀ ਤਾਰੀਖ ਜਨਵਰੀ ਸੰਨ 1818 ਹੈ।

---

1. ਹਾਦੀ ਹਸਨ ਤੇ ਰੱਜਬ ਅਲੀ, *ਰਈਸਾਨਿ ਪੰਜਾਬ*, 64; ਗ੍ਰਿਫ਼ਿਨ, *ਪੰਜਾਬ ਚੀਫ਼ਸ*, ਦੂਸਰੀ ਜਿਲਦ, 241।

# ਮੁਲਤਾਨ ਦੀ ਲੜਾਈ

ਇਸ ਵਾਕੇ ਤੋਂ ਥੋੜ੍ਹਾ ਚਿਰ ਹੀ ਪਹਿਲਾਂ ਸਰਦਾਰ ਨਿਹਾਲ ਸਿੰਘ ਨੇ ਆਪਣੇ ਪੁੱਤਰ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਨੂੰ ਮਹਾਰਾਜੇ ਦੀ ਫ਼ੌਜ ਵਿਚ ਭਰਤੀ ਕਰਵਾ ਦਿੱਤਾ ਸੀ।[1]

ਸਰਦਾਰ ਸ਼ਾਮ ਸਿੰਘ ਦੇ ਜਨਮ ਦੀ ਤਾਰੀਖ਼ ਅਤੇ ਛੋਟੀ ਅਵੱਸਥਾ ਦੇ ਹਾਲਾਤ ਦਾ ਕੁਝ ਪਤਾ ਨਹੀਂ ਚਲਦਾ।[2]

ਉਨ੍ਹਾਂ ਦੇ ਜੀਵਨ ਦਾ ਸਭ ਤੋਂ ਪਹਿਲਾ ਪ੍ਰਸਿੱਧ ਕਾਰਨਾਮਾ ਜੋ ਇਤਿਹਾਸ ਵਿਚ ਆਇਆ ਹੈ ਉਹ ਸੰਨ 1818 ਦੀ ਮੁਲਤਾਨ ਦੀ ਆਖ਼ਰੀ ਲੜਾਈ ਸੀ। ਇਸ ਤੋਂ ਪਹਿਲਾਂ ਮੁਲਤਾਨ ਪੁਰ ਤਿੰਨ ਵਾਰ ਚੜ੍ਹਾਈ ਕੀਤੀ ਗਈ ਸੀ ਪਰ ਕਬਜ਼ਾ ਨਹੀਂ ਸੀ ਕੀਤਾ ਗਿਆ। ਪਹਿਲੀ ਮੁਹਿੰਮ 1810 ਵਿੱਚ ਮੁਲਤਾਨ ਗਈ ਜਦ ਕਿ ਮਹਾਰਾਜਾ ਢਾਈ ਲੱਖ ਰੁਪਿਆ ਤੇ ਵੀਹ ਘੋੜੇ ਨਜ਼ਰਾਨਾ ਅਤੇ ਲੜਾਈ ਵੇਲੇ ਇਕ ਫ਼ੌਜੀ ਦਸਤੇ ਦੀ ਸਹਾਇਤਾ ਦਾ ਵਹਿਦਾ ਲੈ ਕੇ ਮੁੜ ਆਇਆ ਸੀ। ਦੂਸਰੀ ਵਾਰੀ ਸੰਨ 1816 ਵਿਚ ਇਕ ਲੱਖ ਵੀਹ ਹਜ਼ਾਰ ਨਜ਼ਰਾਨਾ ਮੁਕੱਰਰ ਹੋਇਆ ਜਿਸ ਵਿਚੋਂ ਅੱਸੀ ਹਜ਼ਾਰ ਲੈ ਕੇ ਮਹਾਰਾਜਾ ਮਨਕੇਰੇ ਵੱਲ ਨੂੰ ਆ ਗਿਆ। ਤੀਸਰੀ ਵਾਰੀ ਸੰਨ 1817 ਵਿਚ ਮੁਲਤਾਨ ਦੀ ਮੁਹਿੰਮ ਮਿੱਸਰ ਦੀਵਾਨ ਚੰਦ ਦੀ ਕਮਾਨ ਹੇਠਾਂ ਭੇਜੀ ਗਈ ਪਰ ਉਸ ਨੂੰ ਸਫ਼ਲਤਾ ਪ੍ਰਾਪਤ ਨਾ ਹੋਣ ਕਰਕੇ ਸੰਨ 1818 ਦੇ

---

1. ਡਾਕਟਰ ਚੋਪੜਾ ਨੇ ਆਪਣੀ ਕਿਤਾਬ *'ਪੰਜਾਬ ਐਜ਼ ਏ ਸੋਵਰੇਨ ਸਟੇਟ'* (ਪੰ. 163) ਵਿਚ ਲਿਖਿਆ ਹੈ ਕਿ ਸਰਦਾਰ ਸ਼ਾਮ ਸਿੰਘ ਪਹਿਲੇ ਪਹਿਲ ਸੰਨ 1803 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਵਿਚ ਆਏ ਸਨ, ਪਰ ਪਹਿਲੀ ਪ੍ਰਸਿੱਧੀ ਆਪ ਨੂੰ ਮੁਲਤਾਨ ਦੇ ਆਖ਼ਰੀ ਘੇਰੇ ਵਿਚ ਪ੍ਰਾਪਤ ਹੋਈ ਜਿੱਥੇ ਕਿ ਆਪ ਇਕ ਬਾਤਰੀ ਦੀ ਕਮਾਨ ਕਰ ਰਹੇ ਸਨ। ਇਹ ਉਹ ਸਮਾਂ ਸੀ ਜਦ ਕਿ ਇਨ੍ਹਾਂ ਦੇ ਪਿਤਾ ਸਰਦਾਰ ਨਿਹਾਲ ਸਿੰਘ ਨੂੰ ਛੱਛ ਅਤੇ ਪੋਠੋਹਾਰ ਦੇ ਇਲਾਕੇ ਵਿਚ ਬਹਾਦਰੀ ਦੇ ਕਾਰਨ ਸੁਖੇ ਦੀ ਜਾਗੀਰ ਮਿਲੀ ਸੀ। ਹੋ ਸਕਦਾ ਹੈ ਇਨ੍ਹੀਂ ਦਿਨੀਂ ਹੀ ਮਹਾਰਾਜਾ ਰਣਜੀਤ ਸਿੰਘ ਨੇ ਪ੍ਰਸੰਨ ਹੋ ਕੇ ਸਰਦਾਰ ਸ਼ਾਮ ਸਿੰਘ ਨੂੰ ਭੀ ਫ਼ੌਜ ਵਿਚ ਲੈ ਲਿਆ ਹੋਵੇ।
2. ਜੇ ਡਾਕਟਰ ਚੋਪੜਾ ਦੀ ਉਪਰੋਕਤ ਤਾਰੀਖ ਸੰਨ 1803 ਈਸਵੀ ਠੀਕ ਹੈ, ਜਦ ਕਿ ਸਰਦਾਰ ਸ਼ਾਮ ਸਿੰਘ ਮਹਾਰਾਜਾ ਰਣਜੀਤ ਸਾਹਿਬ ਦੀ ਫ਼ੌਜ ਵਿਚ ਦਾਖ਼ਲ ਹੋਏ ਦੱਸੇ ਜਾਂਦੇ ਹਨ, ਤਾਂ ਉਸ ਵੇਲੇ ਇਨ੍ਹਾਂ ਦੀ ਉਮਰ ਘੱਟੋ ਘੱਟ 18 ਕੁ ਸਾਲ ਹੋਣੀ ਚਾਹੀਦੀ ਹੈ। ਇਸ ਹਿਸਾਬ ਨਾਲ ਆਪ ਦਾ ਜਨਮ ਸੰਨ 1785 ਦੇ ਨਜ਼ਦੀਕ ਚਲਾ ਜਾਂਦਾ ਹੈ। ਪਰ ਇਹ ਸਿਰਫ਼ ਹਿਸਾਬੀ ਅਨੁਮਾਨ ਹੀ ਹੈ। ਕੋਈ ਭਰੋਸੇ ਯੋਗ ਗਵਾਹੀ ਮਿਲਣ ਤਕ ਯਕੀਨੀ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ।

ਆਰੰਭ ਵਿਚ 25 ਹਜ਼ਾਰ ਫ਼ੌਜ ਕੰਵਰ ਖੜਕ ਸਿੰਘ ਦੀ ਸਰਦਾਰੀ ਵਿਚ ਮੁਲਤਾਨ ਨੂੰ ਤੋਰੀ ਗਈ ਤੇ ਮਿੱਸਰ ਦੀਵਾਨ ਚੰਦ ਉਸ ਦਾ ਨਾਇਬ ਮੁਕੱਰਰ ਕੀਤਾ ਗਿਆ। ਇਸ ਮੁਹਿੰਮ ਦੇ ਨਾਲ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਭੀ ਸਨ। ਜਿਸ ਵੇਲੇ ਮੁਲਤਾਨ ਦੇ ਕਿਲ੍ਹੇ ਨੂੰ ਘੇਰਾ ਪਾਇਆ ਗਿਆ ਤਾਂ ਦੱਖਣ ਦੀ ਬਾਤਰੀ ਦੀ ਬਾਹੀ ਦੀ ਕਮਾਨ ਇਨ੍ਹਾਂ ਦੇ ਸਪੁਰਦ ਸੀ। ਦੂਸਰੀਆਂ ਹੋਰ ਬਾਤਰੀਆਂ ਸਰਦਾਰ ਦਲ ਸਿੰਘ ਨਹੇਰਨਾ, ਸਰਦਾਰ ਅਮੀਰ ਸਿੰਘ ਸੰਧਾਂਵਾਲੀਆਂ ਅਤੇ ਸਰਦਾਰ ਦੇਸਾ ਸਿੰਘ ਮਜੀਠੀਆ ਦੀ ਕਮਾਨ ਹੇਠਾਂ ਸਨ। ਮੁਲਤਾਨ ਦੇ ਹਾਕਮ ਨਵਾਬ ਮੁਜ਼ੱਫ਼ਰ ਖ਼ਾਨ ਨੇ ਭੀ ਕਾਫ਼ੀ ਤਿਆਰੀ ਕੀਤੀ ਹੋਈ ਸੀ। ਆਪਣੀ ਮਦਦ ਲਈ ਉਸ ਨੇ ਸਿੱਖਾਂ ਵਿਰੁੱਧ ਜਹਾਦ ਦੇ ਨਾਮ ਤੇ ਬੇ-ਸ਼ੁਮਾਰ ਮੁਲਖੱਈਆ ਭੀ ਇਕੱਠਾ ਕਰ ਲਿਆ ਸੀ ਤੇ ਉਹ ਮੁਕਾਬਲੇ ਤੇ ਡਟਿਆ ਹੋਇਆ ਫ਼ੌਜ ਦੀ ਆਪ ਕਮਾਨ ਕਰ ਰਿਹਾ ਸੀ। ਭਾਵੇਂ ਖ਼ੁਦ ਮਹਾਰਾਜਾ ਰਣਜੀਤ ਸਿੰਘ ਇਸ ਵੇਲੇ ਮੁਲਤਾਨ ਮੌਜੂਦ ਨਹੀਂ ਸੀ, ਪਰ ਉਹ ਲਾਹੌਰੋਂ ਰੋਜ਼ਾਨਾ ਘੇਰੇ ਅਤੇ ਜੰਗ ਸੰਬੰਧੀ ਹਿਦਾਇਤਾਂ ਭੇਜਦਾ ਸੀ। ਉਸ ਦੀ ਮਨਸ਼ਾ ਸੀ ਕਿ ਕਿਲ੍ਹੇ ਤੇ ਧਾਵਾ ਬੋਲ ਕੇ ਕੋਈ ਖ਼ਤਰਾ ਨਾ ਲਿਆ ਜਾਵੇ ਬਲਕਿ ਘੇਰੇ ਨੂੰ ਮਜ਼ਬੂਤ ਕਰ ਕੇ ਮੁਜ਼ੱਫ਼ਰ ਖ਼ਾਨ ਨੂੰ ਕਿਲ੍ਹਾ ਖਾਲੀ ਕਰਨ ਲਈ ਮਜਬੂਰ ਕਰ ਦਿੱਤਾ ਜਾਏ। ਪਰ ਤਾਂ ਭੀ ਕਈ ਵਾਰੀ ਇੱਕੇ ਦੁੱਕੇ ਹਲਕੇ ਹੱਲੇ ਤੇ ਝੜਪਾਂ ਕਦੀ ਕਦੀ ਹੋ ਹੀ ਜਾਂਦੀਆਂ ਸਨ। ਗੋਲਾਬਾਰੀ ਲਗਾਤਾਰ ਜ਼ਾਰੀ ਰਹਿੰਦੀ ਸੀ। ਇਸ ਮੌਕੇ ਤੇ ਭੰਗੀਆਂ ਵਾਲੀ ਤੋਪ ਜ਼ਮਜ਼ਮਾ ਲਾਹੌਰੋਂ ਮੰਗਵਾ ਕੇ ਚਾਰ ਵਾਰੀ ਇੱਥੇ ਚਲਾਈ ਗਈ ਜਿਸ ਨਾਲ ਕਿਲ੍ਹੇ ਦੀ ਦੀਵਾਰ ਜਰਜਰੀ ਹੋ ਗਈ।

ਇਸ ਵੇਲੇ ਦੀ ਇਕ ਬੜੀ ਅਜੀਬ ਘਟਨਾ ਮੁਨਸ਼ੀ ਗੁਲਾਮ ਜੀਲਾਨੀ ਨੇ ਆਪਣੀ ਲਿਖਤ 'ਜੰਗਿ ਮਲਤਾਨ' ਵਿਚ ਦਿੱਤੀ ਹੈ। ਉਹ ਲਿਖਦਾ ਹੈ ਕਿ ਇਸ ਜੰਗ ਵਿਚ ਮੈਂ ਭੇਸ਼ ਬਦਲਾ ਕੇ ਸੂਹੀਏ ਦਾ ਕੰਮ ਕਰ ਰਿਹਾ ਸਾਂ ਅਤੇ ਆਪਣੇ ਪਟੇ ਸਿੰਘਾਂ ਦੇ ਕੇਸਾਂ ਵਾਂਙ ਉੱਪਰ ਨੂੰ ਲਪੇਟੇ ਹੋਏ ਸਨ। ਆਖ਼ੀਰ ਦੇ ਦਿਨ (2 ਜੂਨ ਸੰਨ 1818) ਦੀ ਗੱਲ ਹੈ ਕਿ ਜਦ ਮੈਂ ਖ਼ਬਰਾਂ ਸੂਹਾਂ ਲੈਣ ਲਈ ਇਸ ਤਰ੍ਹਾਂ ਸਿੱਖ ਫ਼ੌਜ ਵਿਚ ਫਿਰ ਰਿਹਾ ਸਾਂ ਤਾਂ ਤੋਪਖ਼ਾਨੇ ਦੇ ਇਕ ਪਾਸਿਉਂ ਮੈਨੂੰ ਘਬਰਾਹਟ ਵਿਚ ਕੀਤੀਆਂ ਜਾ ਰਹੀਆਂ ਕੁਝ ਗੱਲਾਂ ਸੁਣਾਈ ਪਈਆਂ। ਮੈਂ ਜਲਦੀ ਨਾਲ ਓਧਰ ਨੂੰ ਹੋ ਗਿਆ। ਕੀ ਵੇਖਦਾ ਹਾਂ ਕਿ ਬਾਰਾਂ ਤੇਰਾਂ ਸਿੰਘ ਆਪਸ ਵਿਚ ਝਗੜ ਰਹੇ ਹਨ ਤੇ 'ਪਹਿਲੇ ਮੈਂ', 'ਪਹਿਲੇ ਮੈਂ' ਕਹਿ ਰਹੇ ਹਨ। ਨਜ਼ਦੀਕ ਜਾਣ ਤੋਂ ਪਤਾ ਲੱਗਾ ਕਿ ਉਨ੍ਹਾਂ ਦੀ ਤੋਪ ਦਾ ਪਹੀਆ ਟੁੱਟਾ ਹੋਇਆ ਹੈ। ਇਨ੍ਹਾਂ ਵਿਚੋਂ ਇਕ ਨੇ ਤਜਵੀਜ਼ ਕੀਤੀ ਕਿ ਜੇ ਇਸ ਟੁੱਟੇ ਹੋਏ ਪਹੀਏ ਦੀ ਥਾਂ ਅਸੀਂ ਵਾਰੀ ਵਾਰੀ ਆਪਣਾ ਮੋਢਾ ਡਾਹੀਏ ਤਾਂ ਇਹ ਤੋਪ ਕੰਮ ਕਰ ਸਕਦੀ ਹੈ ਤੇ ਸਾਡੇ ਪਾਸਿਓਂ ਢਿੱਲੀ ਪੈ ਰਹੀ ਤੋਪਾਂ ਦੀ ਮਾਰ ਫੇਰ ਤੇਜ਼ ਹੋ ਜਾਏਗੀ। ਇਹ ਤਜਵੀਜ਼ ਸੁਣ ਕੇ ਉਨ੍ਹਾਂ ਸਿੰਘਾਂ ਵਿਚੋਂ ਹਰ ਕੋਈ 'ਪਹਿਲੇ ਮੈਂ', 'ਪਹਿਲੇ ਮੈਂ' ਕਹਿ ਰਿਹਾ ਸੀ ਤੇ ਸ਼ੋਰ ਮਚਿਆ ਹੋਇਆ ਸੀ। ਇਤਨੇ ਨੂੰ ਇਕ ਸਿੰਘ ਨੇ, ਜੋ ਅਫ਼ਸਰ ਮਾਲੂਮ ਹੁੰਦਾ ਸੀ, ਕਿਹਾ ਕਿ ਮੇਰੀ ਗੱਲ ਸੁਣੋ। ਪਹਿਲਾਂ ਮੈਂ ਆਪਣਾ ਮੋਢਾ ਡਾਹੁੰਦਾ ਹਾਂ, ਮੇਰੇ ਪਿੱਛੋਂ ਦਹਿਣੇ ਵਾਲਾ ਸਿਪਾਹੀ ਤੇ ਉਸ ਪਿੱਛੋਂ ਉਸ ਦੇ

ਬਾਏਂ ਵਾਲਾ। ਇਸ ਤਰ੍ਹਾਂ ਵਾਰੀ ਵਾਰੀ ਆਪਣਾ ਮੋਢਾ ਡਾਹੁੰਦੇ ਚਲੋ, ਫੇਰ ਜੋ ਗੁਰੂ ਨੂੰ ਭਾਵੇ। ਉਨ੍ਹਾਂ ਨੇ ਇਸ ਤਰ੍ਹਾਂ ਕਰਨਾ ਸ਼ੁਰੂ ਕਰ ਦਿੱਤਾ ਤੇ ਵਾਰੀ ਵਾਰੀ ਮੋਢਾ ਡਾਹ ਕੇ ਤੋਪ ਦੇ ਧਮਾਕੇ ਨਾਲ ਦਸ ਗਿਆਰਾਂ ਆਦਮੀ ਫਨਾਹ ਹੋ ਗਏ ਪਰ ਤੋਪ ਚਲਾਉਂਦੇ ਗਏ। ਇਤਨੇ ਨੂੰ ਜਰਜਰੀ ਹੋਈ ਹੋਈ ਕਿਲ੍ਹੇ ਦੀ ਕੰਧ ਵਿਚ ਪਾੜ ਪੈ ਗਿਆ ਤੇ ਸਿੰਘ ਦੀਵਾਰ ਉੱਤੇ ਚੜ੍ਹ ਗਏ।

ਅੰਤ ਵਿਚ ਗੁਲਾਮ ਜੀਲਾਨੀ ਲਿਖਦਾ ਹੈ ਕਿ ਸਿੱਖਾਂ ਦੇ ਇਸ ਸਾਕੇ ਨੂੰ ਵੇਖ ਕੇ ਹੈਰਾਨ ਹੋ ਰਿਹਾ ਸਾਂ ਤੇ ਕਈ ਵਾਰੀ ਮੇਰਾ ਜੀ ਭੀ ਉਛਾਲੇ ਮਾਰਦਾ ਸੀ ਕਿ ਮੈਂ ਭੀ ਆਪਣਾ ਮੋਢਾ ਇਸ ਪਹੀਏ ਦੇ ਹੇਠਾਂ ਦੇ ਦੇਵਾਂ, ਅਤੇ ਜੇ ਮੈਂ ਜੀਉਂਦਾ ਰਿਹਾ ਹਾਂ ਤਾਂ ਇਸ ਲਈ ਕਿ ਸਿੱਖਾਂ ਦੀ ਇਸ ਸੂਰਮਗਤੀ ਦੀ ਕਹਾਣੀ ਨੂੰ ਦੁਨੀਆਂ ਵਿਚ ਜੀਉਂਦਾ ਛੱਡ ਜਾਵਾਂ।

ਇਹ ਇਸ ਵੇਲੇ ਦੀ ਹੀ ਗੱਲ ਮਾਲੂਮ ਹੁੰਦੀ ਹੈ ਜਦ ਕਿ ਮੌਕਾ ਤਾੜ ਕੇ ਅਕਾਲੀ ਫੂਲਾ ਸਿੰਘ ਨਿਹੰਗ[1] ਨੇ ਅਚਾਨਕ ਹੀ ਕ਼ਿਲ੍ਹੇ ਤੇ ਜਾ ਧਾਵਾ ਬੋਲਿਆ। ਨਵਾਬ ਮੁਜ਼ੱਫ਼ਰ ਖ਼ਾਨ ਆਪਣੇ ਪੁੱਤਰਾਂ ਸਮੇਤ ਮੁਕਾਬਲੇ ਲਈ ਆਇਆ ਪਰ ਖ਼ਾਲਸੇ ਦੀ ਤਲਵਾਰ ਦੇ ਸਾਮ੍ਹਣੇ ਪੇਸ਼ ਨਾ ਗਈ ਤੇ ਸਿੰਘ ਅਕਾਲ ਅਕਾਲ ਗੂੰਜਾਉਂਦੇ ਅੰਦਰ ਧਸਣੇ ਸ਼ੁਰੂ ਹੋ ਗਏ। ਮੁਜ਼ੱਫਰ ਖ਼ਾਨ ਆਪਣੇ ਪੰਜ ਪੁੱਤਰਾਂ ਸਮੇਤ ਲੜਦਾ ਹੋਇਆ ਮਾਰਿਆ ਗਿਆ। ਇਸ ਵੇਲੇ ਜਿਹੜੇ ਸੂਰਮੇ ਸਾਰਿਆਂ ਨਾਲੋਂ ਮੋਹਰੇ ਸਨ ਤੇ ਜੋ ਪਾੜ ਰਾਹੇ ਕਿਲ੍ਹੇ ਦੇ ਅੰਦਰ ਦਾਖ਼ਲ ਹੋਏ, ਉਨ੍ਹਾਂ ਵਿਚੋਂ ਇਕ ਸਰਦਾਰ ਸ਼ਾਮ ਸਿੰਘ ਭੀ ਸੀ। ਕਿਹਾ ਜਾਂਦਾ ਹੈ ਕਿ ਰਸਤੇ ਵਿਚ ਮੁਕਾਬਲੇ ਲਈ ਡਟਿਆ ਹੋਇਆ ਨਵਾਬ ਮੁਜ਼ੱਫ਼ਰ ਖ਼ਾਨ ਦਾ ਪੁੱਤਰ ਸ਼ਾਹ ਨਿਵਾਜ਼ ਖ਼ਾਨ ਇਨ੍ਹਾਂ ਦੇ ਹੱਥੋਂ ਹੀ ਮਾਰਿਆ ਗਿਆ ਸੀ। ਇਸ ਜੰਗ ਵਿਚ ਸਰਦਾਰ ਸ਼ਾਮ ਸਿੰਘ ਜ਼ਖ਼ਮੀ ਭੀ ਹੋ ਗਏ ਸਨ ਤੇ ਮੋਢੇ ਤੇ ਤਲਵਾਰ ਦਾ ਘਾਓ ਲੱਗਾ ਸੀ। ਨਵਾਬ ਮੁਜ਼ੱਫ਼ਰ ਖ਼ਾਨ ਦਾ ਵੱਡਾ ਪੁੱਤਰ ਸਰਫ਼ਰਾਜ਼ ਖ਼ਾਨ ਤੇ ਇਕ ਛੋਟਾ ਜ਼ੁਲਫ਼ਿਕਾਰ ਖ਼ਾਨ ਜੰਗੀ ਕੈਦੀਆਂ ਦੀ ਹੈਸੀਅਤ ਵਿਚ ਲਾਹੌਰ ਪਹੁੰਚਾਏ ਗਏ ਤੇ ਮਹਾਰਾਜਾ ਨੇ ਉਨ੍ਹਾਂ ਦੇ ਗੁਜ਼ਾਰੇ ਲਈ ਪੈਨਸ਼ਨ ਤੇ ਜਾਗੀਰ ਦੇ ਦਿੱਤੀ। ਜਿਸ ਵੇਲੇ ਸੂਬਾ ਮੁਲਤਾਨ ਦੀ ਹਕੂਮਤ ਲਈ ਪ੍ਰਬੰਧ ਹੋਣਾ ਸ਼ੁਰੂ ਹੋਇਆ, ਅਤੇ ਮਹਾਰਾਜਾ ਨੇ ਥਾਓਂ ਥਾਈਂ ਆਪਣੇ ਹਾਕਮ ਮੁਕੱਰਰ ਕੀਤੇ ਤਾਂ ਰੰਗਪੁਰ ਦਾ ਇਲਾਕਾ ਸਰਦਾਰ ਸ਼ਾਮ ਸਿੰਘ ਦੇ ਸਪੁਰਦ ਕੀਤਾ ਗਿਆ।[2]

ਅਹਿਮਦਪੁਰ ਵਿਚ ਸਰਦਾਰ ਦੇਸਾ ਸਿੰਘ ਮਜੀਠੀਏ ਤੇ ਤਲੰਬੇ ਵਿਚ ਖ਼ਾਲਸਾ ਫ਼ਤਿਹ ਸਿੰਘ ਆਹਲੂਵਾਲੀਏ ਦੇ ਠਾਣੇ ਨੀਯਤ ਹੋਏ।

---

1. ਕਈ ਇਕ ਲਿਖਾਰੀਆਂ ਨੇ ਇਸ ਵੇਲੇ ਹੱਲਾ ਕਰਕੇ ਅੱਗੇ ਵੱਧਣ ਵਾਲੇ ਨਿਹੰਗ ਸਿੰਘ ਦਾ ਨਾਮ ਸਾਧੂ ਸਿੰਘ ਲਿਖਿਆ ਹੈ, ਪਰ ਠੀਕ ਨਾਮ ਫੂਲਾ ਸਿੰਘ ਹੀ ਪ੍ਰਤੀਤ ਹੁੰਦਾ ਹੈ। ਬਾਬਾ ਪ੍ਰੇਮ ਸਿੰਘ ਨੇ ਇਸ ਸੰਬੰਧੀ ਆਪਣੀ ਪੁਸਤਕ *'ਜੀਵਨ ਬ੍ਰਿਤਾਂਤ ਬਾਬਾ ਫੂਲਾ ਸਿੰਘ ਅਕਾਲੀ'* ਵਿਚ ਕਾਫ਼ੀ ਬਹਿਸ ਕੀਤੀ ਹੈ। ਦੇਖੋ ਦੂਜੀ ਐਡੀਸ਼ਨ, ਪੰ. 98-102।
2. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਦੋਮ, 210-21; ਲਤੀਫ਼, *ਹਿਸਟਰੀ ਔਫ਼ ਦੀ ਪੰਜਾਬ*, 410-13; ਹਾਦੀ ਹਸਨ ਤੇ ਰਜਬ ਅਲੀ, *ਰਈਸਾਨਿ ਪੰਜਾਬ*, 64; ਗ੍ਰਿਫ਼ਿਨ, *ਪੰਜਾਬ ਚੀਫ਼ਸ*, 241; ਗੁਲਾਮ ਜੀਲਾਨੀ, ਜੰਗਿ, ਮੁਲਤਾਨ, 27।

# ਦੋਸਤ ਮੁਹੰਮਦ ਖ਼ਾਨ ਦੇ ਵਿਰੁੱਧ ਚੜ੍ਹਾਈ

ਇਨ੍ਹਾਂ ਦਿਨਾਂ ਵਿਚ ਹੀ ਅਫ਼ਗ਼ਾਨਿਸਤਾਨ ਵਿਚ ਖੱਪ ਪੈ ਗਈ। ਸ਼ਾਹਜ਼ਾਦਾ ਕਾਮਰਾਨ ਵੱਲੋਂ ਧੋਖੇ ਨਾਲ ਵਜ਼ੀਰ ਫ਼ਤਹਿ ਖ਼ਾਨ ਦੇ ਕਤਲ ਨੇ ਤਰਥੱਲੀ ਮਚਾ ਦਿੱਤੀ। ਫ਼ਤਹਿ ਖ਼ਾਨ ਬਾਰਕਜ਼ਈ ਕਬੀਲੇ ਦਾ ਇਕ ਸਿਰ-ਕੱਢ ਸਰਦਾਰ ਸੀ ਤੇ ਉਸ ਦੇ ਪੰਜਾਹ ਕੁ ਭਰਾ ਸਨ ਜੋ ਸਾਰੇ ਹੀ ਇਲਾਕਿਆਂ ਦੇ ਹਾਕਮ ਜਾਂ ਵੱਡੇ ਵੱਡੇ ਅਫ਼ਸਰ ਸਨ। ਉਨ੍ਹਾਂ ਦੇ ਅੰਦਰ ਬਦਲੇ ਦੀ ਅੱਗ ਭੜਕ ਉੱਠੀ ਤੇ ਥਾਉਂ ਥਾਈਂ ਬਗ਼ਾਵਤ ਹੋ ਗਈ। ਕਸ਼ਮੀਰ ਦੇ ਹਾਕਮ ਮੁਹੰਮਦ ਅਜ਼ੀਮ ਖ਼ਾਨ ਨੇ ਕਾਮਰਾਨ ਨੂੰ ਭਾਂਜ ਦੇ ਕੇ ਦੱਖਣ ਵੱਲ ਨੂੰ ਧੱਕ ਦਿੱਤਾ ਤੇ ਉਸ ਦੇ ਪਿਤਾ ਸ਼ਾਹ ਮਹਿਮੂਦ ਦੀ ਥਾਂ ਤੈਮੂਰ ਸ਼ਾਹ ਦੁੱਰਾਨੀ ਦੇ ਪੁੱਤਰ ਸ਼ਾਹ ਅਯੂਬ ਨੂੰ ਕਾਬਲ ਦਾ ਬਾਦਸ਼ਾਹ ਬਣਾ ਦਿੱਤਾ।

ਇਸ ਰਾਜ-ਰੌਲੇ ਵੇਲੇ ਖਟਕਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਵਿਰੁੱਧ ਬਗ਼ਾਵਤ ਕਰ ਦਿੱਤੀ ਤੇ ਅਟਕ ਦੇ ਇਲਾਕੇ ਵਿਚ ਇਕ ਸਿੱਖ ਫ਼ੌਜੀ ਦਸਤੇ ਤੇ ਅਚਾਨਕ ਹੱਲਾ ਬੋਲ ਦਿੱਤਾ ਜਿਸ ਨਾਲ ਉਹ ਪਿੱਛੇ ਹਟਣ ਪਰ ਮਜਬੂਰ ਹੋ ਗਏ। ਆਪਣੀ ਸਰਹੱਦ ਤੇ ਪੈਦਾ ਹੋ ਰਹੇ ਖ਼ਤਰੇ ਨੂੰ ਅਨੁਭਵ ਕਰ ਕੇ ਖ਼ੁਦ ਮਹਾਰਾਜਾ ਨੇ ਫ਼ੌਜੀ ਤਿਆਰੀ ਦਾ ਹੁਕਮ ਦਿੱਤਾ ਤੇ ਆਪ ਇਕ ਤਕੜੀ ਫ਼ੌਜ ਨਾਲ ਅਟਕੋਂ ਪਾਰ ਲੰਘ ਕੇ ਨੌਸ਼ਹਿਰੇ ਵਿਚ ਦੀ 20 ਨਵੰਬਰ ਸੰਨ 1818 ਨੂੰ ਪਿਸ਼ਾਵਰ ਜਾ ਪੁੱਜਾ। ਅੱਗੇ ਕੋਈ ਅੜ ਨਾ ਸਕਿਆ ਅਤੇ ਯਾਰ ਮੁਹੰਮਦ ਖ਼ਾਨ ਭੱਜ ਕੇ ਯੂਸਫ਼ਜ਼ਈ ਪਹਾੜੀਆਂ ਵਿਚ ਜਾ ਵੜਿਆ। ਮਹਾਰਾਜਾ ਤਿੰਨ ਦਿਨ ਪਿਸ਼ਾਵਰ ਠਹਿਰਿਆ ਤੇ ਪਿਸ਼ਾਵਰ ਦਾ ਇਲਾਕਾ ਅਤਾ ਮੁਹੰਮਦ ਖ਼ਾਨ ਦੇ ਭਰਾ ਜਹਾਨਦਾਦ ਖ਼ਾਨ ਵਜ਼ੀਰਖੇਲ ਦੇ ਸਪੁਰਦ ਕਰ ਕੇ ਅਟਕ ਨੂੰ ਮੁੜ ਪਿਆ।

ਜਦ ਮਹਾਰਾਜੇ ਨੂੰ ਹਰ ਪਾਸਿਓਂ ਖ਼ਬਰ ਪੁੱਜੀ ਕਿ ਦੋਸਤ ਮੁਹੰਮਦ ਖ਼ਾਨ ਤੇ ਯਾਰ ਮੁਹੰਮਦ ਖ਼ਾਨ ਨੇ ਪਿਸ਼ਾਵਰ ਆ ਦੱਬਿਆ ਹੈ ਤੇ ਜਹਾਨਦਾਦ ਖ਼ਾਨ ਨੂੰ ਹਸ਼ਤਨਗਰ ਨੂੰ ਭਜਾ ਦਿੱਤਾ ਹੈ ਤਾਂ ਉਸ ਨੇ ਸਰਦਾਰ ਦਲ ਸਿੰਘ, ਸਰਦਾਰ ਧੰਨਾ ਸਿੰਘ ਮਲਵਈ, ਸਰਦਾਰ ਸ਼ਾਮ ਸਿੰਘ ਅਟਾਰੀਵਾਲੇ, ਸਰਦਾਰ ਜਗਤ ਸਿੰਘ ਅਟਾਰੀਵਾਲੇ ਤੇ ਸਰਦਾਰ ਹਰੀ ਸਿੰਘ ਨੂੰ ਫ਼ੌਜ ਦੇ ਕੇ ਪਿਸ਼ਾਵਰ ਨੂੰ ਸੋਧਣ ਲਈ ਹੁਕਮ ਕੀਤਾ ਤੇ ਪਿੱਛੋਂ ਮਿੱਸਰ ਦੀਵਾਨ ਚੰਦ ਨੂੰ ਉਨ੍ਹਾਂ ਦੀ ਮਦਦ ਲਈ ਭੇਜਿਆ ਅਤੇ ਸਰਦਾਰ ਅਮਰ ਸਿੰਘ ਮਜੀਠੀਏ ਨੂੰ ਖ਼ੈਰਾਬਾਦ ਦੀ ਹਫ਼ਾਜ਼ਤ ਲਈ ਮੁਕੱਰਰ ਕੀਤਾ। ਖ਼ਾਲਸਈ ਫ਼ੌਜਾਂ ਨੇ ਮੁੜ ਪਿਸ਼ਾਵਰ ਤੇ ਕਬਜ਼ਾ ਕਰ ਲਿਆ। ਹੋਰ ਕੋਈ ਚਾਰਾ ਨਾ ਦੇਖ ਕੇ ਦੋਸਤ ਮੁਹੰਮਦ ਖ਼ਾਨ ਨੇ ਆਪਣੇ ਵਕੀਲ ਭੇਜ ਕੇ

ਪੰਜਾਹ ਰੁਪਏ ਦੀਆਂ ਹੁੰਡੀਆਂ, ਕੁਝ ਘੋੜੇ, ਫਲਾਂ ਦੀ ਡਾਲੀ ਤੇ ਹੋਰ ਤੋਹਫ਼ੇ ਨਜ਼ਰਾਨੇ ਵੱਜੋਂ ਭੇਜੇ ਤੇ ਖ਼ਾਲਸੇ ਦੀ ਈਨ ਮੰਨ ਲਈ ਜਿਸ ਪਰ ਖ਼ਾਲਸਾ ਫ਼ੌਜਾਂ ਵਾਪਸ ਲਾਹੌਰ ਵੱਲ ਨੂੰ ਮੁੜ ਪਈਆਂ। ਇਹ ਗੱਲ ਦਸੰਬਰ 1818 ਦੀ ਹੈ।[1]

---

1. ਮੋਹਨ ਲਾਲ, *ਉਮਦਾਤੁ-ਤਵਾਰੀਖ*, ਦਫਤਰ ਦੋਮ, 227-40; *ਲਤੀਫ ਹਿਸਟਰੀ ਔਫ ਦੀ ਪੰਜਾਬ*, 414-16।

# ਕਸ਼ਮੀਰ ਦੀ ਮੁਹਿੰਮ

ਮੁਲਤਾਨ ਤੇ ਪਿਸ਼ਾਵਰ ਨੂੰ ਨਿਵਾ ਕੇ ਮਹਾਰਾਜੇ ਦੀ ਨਜ਼ਰ ਕਸ਼ਮੀਰ ਵੱਲ ਹੋਈ। ਕਸ਼ਮੀਰ ਦੇ ਹਾਕਮ ਜੱਬਾਰ ਖ਼ਾਨ ਦਾ ਵਜ਼ੀਰ ਪੰਡਤ ਬੀਰ ਧਰ ਪਠਾਨ ਦੀ ਨਿਗਾਹ ਕੁਵੱਲੀ ਦੇਖ ਕੇ ਦੇਸੋਂ ਭੱਜ ਨਿਕਲਿਆ ਤੇ ਪਨਾਹ ਲਈ ਮਹਾਰਾਜੇ ਦੀ ਸੇਵਾ ਵਿਚ ਹਾਜ਼ਰ ਹੋਇਆ। ਮਹਾਰਾਜੇ ਨੇ ਉਸ ਦੀ ਬੜੀ ਆਓ ਭਗਤ ਕੀਤੀ ਅਤੇ ਉਸ ਪਾਸੋਂ ਕਸ਼ਮੀਰ ਦੇਸ਼ ਸੰਬੰਧੀ ਪੂਰੀ ਪੂਰੀ ਵਾਕਫ਼ੀਅਤ ਹਾਸਲ ਕਰ ਕੇ ਮੁਹਿੰਮ ਦੀ ਤਿਆਰੀ ਲਈ ਹੁਕਮ ਜਾਰੀ ਕਰ ਦਿੱਤਾ ਤੇ ਰਸਤਾ ਸਾਫ਼ ਕਰਨ ਲਈ ਆਪਣੇ ਵਕੀਲ ਲਾਲਾ ਕਿਸ਼ਨ ਦਿਆਲ ਨੂੰ ਰਾਜੋਰੀ ਵੱਲ ਭੇਜਿਆ। ਉਹ ਰਾਜਾ ਅਗਰ ਖ਼ਾਨ ਰਾਜੋਰੀ ਵਾਲੇ ਤੇ ਆਲੇ ਦੁਆਲੇ ਦੇ ਜ਼ਿਮੀਂਦਾਰਾਂ ਨਾਲ ਗੱਲ-ਬਾਤ ਪੱਕੀ ਕਰਕੇ ਫੱਗਣ ਸੰਮਤ 1874 (ਫਰਵਰੀ 1819) ਨੂੰ ਲਾਹੌਰ ਵਾਪਿਸ ਆਇਆ ਤੇ ਮਿੱਸਰ ਦੀਵਾਨ ਚੰਦ ਰਾਹੀਂ ਸਾਰਾ ਹਾਲ ਮਹਾਰਾਜੇ ਨੂੰ ਦੱਸਿਆ ਅਤੇ ਰਾਜਾ ਅੱਗਰ ਖ਼ਾਨ ਦਾ ਕੇਸਰ ਦੇ ਪੰਜੇ ਵਾਲਾ ਇਕਰਾਰ ਨਾਮਾ ਪੇਸ਼ ਕੀਤਾ ਜਿਸ ਵਿਚ ਸੁਗੰਧ ਖਾ ਕੇ ਪ੍ਰਣ ਕੀਤਾ ਹੋਇਆ ਸੀ ਕਿ ਜਿਸ ਵੇਲੇ ਖ਼ਾਲਸਾ ਫ਼ੌਜਾਂ ਇੱਧਰ ਰਾਜੋਰੀ ਵੱਲ ਆਉਣਗੀਆਂ ਤਾਂ ਕਸ਼ਮੀਰ ਦੇ ਇਸ ਪਾਸੇ ਦੇ ਕੰਮ ਕਾਜ ਵਿੱਚ ਕੋਈ ਫ਼ਰਕ ਨਹੀਂ ਆਵੇਗਾ ਅਤੇ ਹਰ ਪ੍ਰਕਾਰ ਮਿੱਤ੍ਰਾਨਾ ਸਹਾਇਤਾ ਕਰਨ ਵਿੱਚ ਐਨ ਖ਼ੁਸ਼ੀ ਸਮਝੀ ਜਾਵੇਗੀ।[2]

ਚੇਤ 1876 (ਸੰਨ 1819) ਨੂੰ ਲਾਹੌਰ ਦੀ ਹਿਫਾਜ਼ਤ ਸਿੰਘ ਸਾਹਿਬ ਖ਼ਾਲਸਾ ਫ਼ਤਹਿ ਸਿੰਘ ਆਹਲੂਵਾਲੀਏ ਦੇ ਸਪੁਰਦ ਕਰਕੇ ਕਸ਼ਮੀਰ ਦੀ ਮੁਹਿੰਮ ਵਾਲੀ ਫ਼ੌਜ ਦੇ ਤਿੰਨ ਹਿੱਸੇ ਬਣਾਏ ਗਏ। ਇਕ ਹਿੱਸਾ ਮਿੱਸਰ ਦੀਵਾਨ ਚੰਦ ਦੀ ਕਮਾਨ ਹੇਠਾਂ ਦਿੱਤਾ ਗਿਆ। ਇਸੇ ਹਿੱਸੇ ਵਿਚ ਸ. ਸ਼ਾਮ ਸਿੰਘ ਅਟਾਰੀਵਾਲੇ ਸਨ ਜੋ ਮੁਹਿੰਮ ਦੇ ਜਰਨੈਲ ਦੇ ਖ਼ਾਸ ਮਦਦਗਾਰ ਸਨ। ਸਰਦਾਰ ਜਗਤ ਸਿੰਘ ਅਟਾਰੀਵਾਲੇ, ਸਰਦਾਰ ਜਵਾਲਾ ਸਿੰਘ, ਸਰਦਾਰ ਹਰੀ ਸਿੰਘ ਨਲੂਆ ਤੇ ਸਰਦਾਰ ਰਤਨ ਸਿੰਘ ਭੀ ਇਨ੍ਹਾਂ ਦੇ ਨਾਲ ਹੀ ਸਨ। ਦੂਸਰਾ ਹਿੱਸਾ ਕੰਵਰ ਖ਼ਾਲਸਾ ਖੜਕ ਸਿੰਘ ਦੀ ਕਮਾਨ ਹੇਠਾਂ ਪਹਿਲੇ ਡਿਵੀਜਨ ਦੀ ਕੁਮਕ ਲਈ ਨਿਯਤ ਹੋਇਆ। ਤੀਸਰਾ ਹਿੱਸਾ ਖ਼ੁਦ ਮਹਾਰਾਜਾ ਦੀ ਆਪਣੀ ਕਮਾਨ ਹੇਠਾਂ ਵਜ਼ੀਰਾਬਾਦ ਜਾ ਉਤਰਿਆ ਤਾਂ ਕਿ ਵੇਲੇ ਸਿਰ ਜਿੱਥੇ ਲੋੜ ਹੋਵੇ ਮਦਦ ਪਹੁੰਚਾ ਸਕੇ ਅਤੇ ਰਾਸ਼ਨ ਤੇ ਹੋਰ

---

1. ਲਤੀਫ਼, *ਹਿਸਟਰੀ ਔਫ ਦੀ ਪੰਜਾਬ*, 417।
2. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਹਿੱਸਾ ਦੋਮ, 246।

ਸਾਮਾਨ ਪਹੁੰਚਾਉਂਦਾ ਰਹੇ।

ਮਿੱਸਰ ਦੀਵਾਨ ਚੰਦ ਦੇ ਡਿਵੀਜਨ ਨੇ, ਜਿਸ ਵਿਚ ਕਿ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਸਨ, ਰਾਜ਼ੌਰੀ ਵੱਲ ਨੂੰ ਧਾਈ ਕੀਤੀ। ਰਾਜਾ ਖ਼ਬਰ ਸੁਣਦੇ ਸਾਰ ਹੀ ਭੱਜ ਨਿਕਲਿਆ, ਪਰ ਉਸ ਦਾ ਪੁੱਤਰ ਰਹੀਮੁੱਲਾ ਖ਼ਾਨ ਮਿੱਸਰ ਦੀਵਾਨ ਚੰਦ ਨੂੰ ਆ ਮਿਲਿਆ ਤੇ ਉਸ ਨੇ ਰਹੀਮੁੱਲਾ ਖ਼ਾਨ ਨੂੰ ਮਹਾਰਾਜੇ ਪਾਸ ਗੁਜਰਾਤ ਭੇਜ ਦਿੱਤਾ। ਮਹਾਰਾਜੇ ਨੇ ਖ਼ੁਸ਼ ਹੋ ਕੇ ਉਸ ਨੂੰ ਰਾਜ਼ੇ ਦਾ ਖ਼ਿਤਾਬ ਦੇ ਕੇ ਉਸ ਦੇ ਪਿਤਾ ਦੀ ਥਾਂ ਮੁਕੱਰਰ ਕਰ ਦਿੱਤਾ। ਜੂਨ ਦੇ ਮਹੀਨੇ ਦੀਵਾਨ ਚੰਦ ਰਾਜ਼ੌਰੀ ਨੂੰ ਫ਼ਤਹਿ ਕਰ ਕੇ ਬਹਿਰਾਮ-ਗਲੇ ਵਿਚ ਦਾਖ਼ਲ ਹੋ ਗਿਆ। ਪੁਣਛ ਦੇ ਰਾਜਾ ਜ਼ਬਰਦਸਤ ਖ਼ਾਨ ਪਾਸੋਂ ਈਣ ਮਨਾ ਕੇ ਅੱਧ ਜੂਨ 1819 ਨੂੰ ਖ਼ਾਲਸਾ ਫ਼ੌਜਾਂ ਸੁਪੀਨ ਨੂੰ ਜਾਣ ਵਾਲੀ ਸੜਕ ਤੇ ਸਰਾਏ ਅਲੀ ਜਾ ਉਤਰੀਆਂ। ਉਧਰੋਂ ਸਰਦਾਰ ਜੱਬਾਰ ਖ਼ਾਨ ਭੀ ਫ਼ੌਜ ਲੈ ਕੇ ਮੁਕਾਬਲੇ ਲਈ ਆ ਡਟਿਆ। 4 ਜੁਲਾਈ ਨੂੰ ਬੜੇ ਘਮਸਾਨ ਦੀ ਲੜਾਈ ਹੋਈ, ਪਰ ਸਿੰਘਾਂ ਅੱਗੇ ਪਠਾਣ ਟਿਕ ਨਾ ਸਕੇ ਤੇ ਮੈਦਾਨ ਛੱਡ ਗਏ। ਜੱਬਾਰ ਖ਼ਾਨ ਜ਼ਖ਼ਮੀ ਹੋ ਕੇ ਭਿੰਬਰ ਨੂੰ ਭੱਜ ਗਿਆ ਤੇ ਉਥੋਂ ਪਿਸ਼ਾਵਰ ਜਾ ਪੁੱਜਾ। ਖ਼ਾਲਸੇ ਦਾ ਕਬਜ਼ਾ ਕਸ਼ਮੀਰ ਪਰ ਹੋ ਗਿਆ ਤੇ ਮਹਾਰਾਜੇ ਨੇ ਬੜੀ ਖ਼ੁਸ਼ੀ ਕੀਤੀ ਤੇ ਲਾਹੌਰ ਅਤੇ ਅੰਮ੍ਰਿਤਸਰ ਵਿਚ ਦੀਪਮਾਲਾ ਕੀਤੀ ਗਈ।[1]

ਕਸ਼ਮੀਰ ਸੰਬੰਧੀ ਕੁਝ ਗੱਲਾਂ ਦਾ ਪ੍ਰਬੰਧ ਕਰਨ ਲਈ ਫ਼ਕੀਰ ਅਜ਼ੀਜ਼ੁਦੀਨ ਨੂੰ ਭੇਜਿਆ ਗਿਆ, ਪਰ ਬੀਮਾਰ ਹੋ ਜਾਣ ਦੇ ਕਾਰਨ ਉਸ ਨੂੰ ਰਾਜ਼ੌਰੀ ਤੋਂ ਵਾਪਸ ਬੁਲਾ ਲਿਆ ਗਿਆ ਅਤੇ ਲਾਹੌਰੋਂ ਮਹਾਰਾਜਾ ਸਾਹਿਬ ਵੱਲੋਂ ਕਸ਼ਮੀਰ ਦਾ ਕੋਈ ਪੱਕਾ ਹਾਕਮ ਮੁਕੱਰਰ ਹੋ ਕੇ ਆਉਣ ਤਕ ਉੱਥੇ ਫ਼ੌਜੀ ਪ੍ਰਬੰਧ ਰਿਹਾ। ਮਹਾਰਾਜਾ ਸਾਹਿਬ ਨੇ ਹੁਕਮ ਭੇਜਿਆ ਕਿ ਦੀਵਾਨ ਰਾਮ ਦਿਆਲ ਆਪਣੀ ਫ਼ੌਜ ਸਣੇ ਭਿੰਬਰੋਂ ਨੌਸ਼ਹਿਰੇ ਤੇ ਅਜ਼ੀਮ ਗੜ੍ਹ ਜਾਵੇ, ਦੀਵਾਨ ਮੋਤੀਰਾਮ ਪਹਾੜੀ ਰਾਜਿਆਂ ਦੀ ਫ਼ੌਜ ਨਾਲ ਰਾਜ਼ੌਰੀ ਤੇ ਪੁਣਛ ਦਾ ਪ੍ਰਬੰਧ ਕਰੇ, ਭਈਆ ਰਾਮ ਸਿੰਘ ਥੰਨੇ ਵਿਚ ਰਿਹਾਇਸ਼ ਰਖ ਕੇ ਕਿਲ੍ਹਾ ਮਾਰ ਅਤੇ ਆਲੇ ਦੁਆਲੇ ਦੇ ਇਲਾਕੇ ਨੂੰ ਸਰ ਕਰੇ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਸਰਦਾਰ ਜੁਆਲਾ ਸਿੰਘ ਭੜ੍ਹਾਣੀਆ ਤੇ ਸਰਦਾਰ ਦਲ ਸਿੰਘ ਸਿਰੀਨਗਰ ਦੇ ਬਾਰਾਮੂਲੇ ਰਹਿਣ ਅਤੇ ਮਿੱਸਰ ਦੀਵਾਨ ਚੰਦ ਦੀ ਸਹਾਇਤਾ ਕਰਨ। ਦੀਵਾਨ ਦੇਵੀ ਦਾਸ ਨੂੰ, ਜੋ ਹਿਸਾਬ ਕਿਤਾਬ ਦਾ ਚੰਗਾ ਜਾਣੂ ਸੀ, ਕਸ਼ਮੀਰ ਦੀ ਆਮਦਨੀ ਤੇ ਖ਼ਰਚ ਸੰਬੰਧੀ ਰਿਪੋਰਟ ਕਰਨ ਲਈ ਭੇਜਿਆ ਗਿਆ। ਮਿੱਸਰ ਦੀਵਾਨ ਚੰਦ ਨੂੰ ਪੱਕੀ ਤਾਕੀਦ ਕੀਤੀ ਗਈ ਕਿ ਕਸ਼ਮੀਰ ਦੇ ਵਸਨੀਕਾਂ ਦਾ ਪੂਰੀ ਤਰ੍ਹਾਂ ਖ਼ਿਆਲ ਰਖਿਆ ਜਾਵੇ ਅਤੇ ਕਿਸੇ ਨੂੰ ਭੀ ਕਿਸੇ ਕਿਸਮ ਦੀ ਕੋਈ ਤਕਲੀਫ਼ ਨਾ ਪਹੁੰਚਾਈ ਜਾਵੇ।[2]

ਇਸ ਮੁਹਿੰਮ ਵਿਚ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ, ਸਰਦਾਰ ਜੁਆਲਾ ਸਿੰਘ

---

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਦੋਮ, 246-60; ਲਤੀਫ਼, *ਹਿਸਟਰੀ ਔਫ਼ ਦੀ ਪੰਜਾਬ*, 417-18; ਬਾਬਾ ਪ੍ਰੇਮ ਸਿੰਘ, ਹਰੀ ਸਿੰਘ ਨਲੂਆ, 72-86।
2. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਦੋਮ, 259।

ਭੜ੍ਹਾਣੀਏ ਤੇ ਸਰਦਾਰ ਦਲ ਸਿੰਘ ਦੀ ਬਹਾਦਰੀ ਦੀ ਮਹਾਰਾਜੇ ਨੇ ਬੜੀ ਪ੍ਰਸ਼ੰਸਾ ਕੀਤੀ ਤੇ ਉਨ੍ਹਾਂ ਦੇ ਵਕੀਲਾਂ ਨੂੰ ਬੜੀਆਂ ਕੀਮਤੀ ਪੋਸ਼ਾਕਾਂ ਬਖ਼ਸ਼ੀਆਂ।

ਕਸ਼ਮੀਰ ਦਾ ਪਹਿਲਾ ਹਾਕਮ ਦੀਵਾਨ ਮੋਤੀ ਰਾਮ ਮੁਕੱਰਰ ਕੀਤਾ ਗਿਆ, ਪਰ ਚੂੰਕਿ ਉੱਥੇ ਦੀਆਂ ਗੁੰਝਲਾਂ ਨੂੰ ਉਹ ਚੰਗੀ ਤਰ੍ਹਾਂ ਸੁਲਝਾ ਨਾ ਸਕਿਆ ਇਸ ਲਈ ਉਸ ਦੀ ਜਗ੍ਹਾ ਸਰਦਾਰ ਹਰੀ ਸਿੰਘ ਨਲੂਏ ਨੂੰ ਭੇਜਿਆ ਗਿਆ।[1]

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਦੋਮ, 259-61; ਬਾਬਾ ਪ੍ਰੇਮ ਸਿੰਘ, ਹਰੀ ਸਿੰਘ ਨਲੂਆ, 91।

# ਮਾਈ ਸਦਾ ਕੌਰ ਦਾ ਮਾਮਲਾ

ਸੰਮਤ 1878 ਮੁਤਾਬਕ ਸੰਨ 1821 ਵਿਚ ਮਹਾਰਾਜਾ ਰਣਜੀਤ ਸਿੰਘ ਤੇ ਉਨ੍ਹਾਂ ਦੀ ਸੱਸ ਮਾਈ ਸਦਾ ਕੌਰ ਕਨ੍ਹਈਆ ਵਿਚ ਕੁਝ ਨਾਰਾਜ਼ਗੀ ਹੋ ਗਈ। ਕਾਰਨ ਇਹ ਸੀ ਕਿ ਮਹਾਰਾਜੇ ਦੇ ਦੋ ਸ਼ਾਹਜ਼ਾਦੇ ਕੰਵਰ ਸ਼ੇਰ ਸਿੰਘ ਤੇ ਕੰਵਰ ਤਾਰਾ ਸਿੰਘ ਮਾਈ ਸਦਾ ਕੌਰ ਦੀ ਲੜਕੀ ਮਹਾਰਾਣੀ ਮਹਿਤਾਬ ਕੌਰ ਦੀ ਕੁੱਖੋਂ ਸਨ। ਇਹ ਮੁੱਢ ਤੋਂ ਹੀ ਜ਼ਿਆਦਾ ਆਪਣੀ ਨਾਨੀ ਪਾਸ ਰਿਹਾ ਕਰਦੇ ਸਨ। ਉਨ੍ਹਾਂ ਨੇ ਕਸਬਾ ਬਟਾਲਾ ਮਾਈ ਸਾਹਿਬ ਪਾਸੋਂ ਮੰਗਿਆ। ਮਾਈ ਸਦਾ ਕੌਰ ਇਹ ਦੇਣਾ ਨਹੀਂ ਚਾਹੁੰਦੀ ਸੀ। ਇਸ ਕਰਕੇ ਹੌਲੀ ਹੌਲੀ ਆਪਸ ਵਿਚ ਨਾਰਾਜ਼ਗੀ ਵਧਦੀ ਗਈ। ਮਾਈ ਸਦਾ ਕੌਰ ਕਈ ਵਾਰੀ ਮਹਾਰਾਜੇ ਨੂੰ ਵਧ ਘੱਟ ਭੀ ਬੋਲ ਦਿਆ ਕਰਦੀ ਸੀ। ਅਗਸਤ ਦੇ ਅਖ਼ੀਰ ਵਿਚ ਜਦ ਮਹਾਰਾਜਾ ਸਾਹਿਬ ਤਰਨ ਤਾਰਨ ਤੋਂ ਇਸ਼ਨਾਨ ਕਰ ਕੇ ਅੰਮ੍ਰਿਤਸਰ ਆਏ ਤੇ ਇਥੋਂ 9 ਸਤੰਬਰ ਨੂੰ ਵਾਪਸ ਲਾਹੌਰ ਪੁਜੇ ਤਾਂ ਉਨ੍ਹਾਂ ਦਿਨਾਂ ਵਿਚ ਗਾਮੇ ਖ਼ਾਨ ਦੋਹਾਂ ਪਾਸਿਆਂ ਤੋਂ ਗੱਲ-ਬਾਤ ਕਰ ਰਿਹਾ ਸੀ, ਪਰ ਕੋਈ ਫ਼ੈਸਲਾ ਹੁੰਦਾ ਨਜ਼ਰ ਨਹੀਂ ਸੀ ਆਉਂਦਾ। 5 ਅਕਤੂਬਰ ਨੂੰ ਦੁਸਹਿਰਾ ਕਰ ਕੇ ਦੂਸਰੇ ਦਿਨ ਜਦ ਮਹਾਰਾਜਾ ਸਾਹਿਬ ਸ਼ਾਹਦਰੇ ਜਹਾਂਗੀਰ ਬਾਦਸ਼ਾਹ ਦੇ ਮਕਬਰੇ ਮਨਕੇਰੇ ਦੀ ਮੁਹਿੰਮ ਲਈ ਫ਼ੌਜ ਦਾ ਮੁਆਇਨਾ ਕਰਨ ਲਈ ਪੁੱਜੇ ਤਾਂ ਖਬਰ ਪਹੁੰਚੀ ਕਿ ਮਾਈ ਸਦਾ ਕੌਰ ਨਾਰਾਜ਼ ਹੋ ਕੇ ਬਿਨਾਂ ਰੁਖ਼ਸਤ ਦੇ ਹੀ ਆਪਣੇ ਮੁਲਕ ਨੂੰ ਤੁਰ ਗਈ ਹੈ। ਮਹਾਰਾਜੇ ਨੇ ਸਰਦਾਰ ਦੇਸਾ ਸਿੰਘ ਮਜੀਠੀਏ ਨੂੰ ਭੇਜਿਆ ਕਿ ਜਿਵੇਂ ਹੋਏ ਮਾਈ ਨੂੰ ਮੋੜ ਕੇ ਲੈ ਆਵੇ। ਸਰਦਾਰ ਦੇਸਾ ਸਿੰਘ ਨੇ ਧਾਈ ਕਰਕੇ ਲਾਹੌਰੋਂ ਬਾਰਾਂ ਕੋਹ ਤੇ ਪਿੰਡ ਪੁਲ ਪੁੱਜ ਕੇ ਮਾਈ ਸਦਾ ਕੌਰ ਨੂੰ ਮੋੜ ਲਿਆਂਦਾ ਤੇ ਸ਼ਾਹਦਰੇ ਨਾਲ ਲੈ ਆਇਆ। ਮਾਈ ਸਦਾ ਕੌਰ ਨੇ ਇੱਥੇ ਆ ਕੇ ਬੜੀ ਖ਼ਫ਼ਗੀ ਜ਼ਾਹਰ ਕੀਤੀ ਤੇ ਕਈ ਕੁਝ ਉੱਚਾ ਨੀਵਾਂ ਭੀ ਬੋਲ ਗਈ ਤੇ ਇਹ ਭੀ ਧਮਕੀ ਦਿੱਤੀ ਕਿ ਉਹ ਪੰਜਾਬ ਛੱਡ ਕੇ ਅੰਗ੍ਰੇਜ਼ੀ ਇਲਾਕੇ ਨੂੰ ਤੁਰ ਜਾਏਗੀ ਤੇ ਵੱਧਣੀ ਦਾ ਕਿਲ੍ਹਾ ਤੇ ਇਲਾਕਾ ਅੰਗ੍ਰੇਜ਼ਾਂ ਦੀ ਹਿਫ਼ਾਜ਼ਤ ਵਿਚ ਕਰ ਦੇਵੇਗੀ। ਇਹ ਗੱਲ ਕੇਵਲ ਧਮਕੀ ਤਕ ਹੀ ਨਾ ਰਹੀ ਬਲਕਿ ਮਾਈ ਨੇ ਅੰਗ੍ਰੇਜ਼ਾਂ ਨੂੰ ਚਿੱਠੀ ਭੀ ਲਿਖ ਦਿੱਤੀ ਅਤੇ ਉਨ੍ਹਾਂ ਵੱਧਣੀ ਵਿਚ ਆਪਣਾ ਠਾਣਾ ਵੀ ਬਿਠਾ ਦਿੱਤਾ, ਜੋ ਅੰਗ੍ਰੇਜ਼ਾਂ ਨੇ ਸੱਤ ਸਾਲ ਪਿੱਛੋਂ ਸੰਮਤ 1885 ਬਿਕ੍ਰਮੀ, ਸੰਨ 1828 ਵਿਚ ਮਹਾਰਾਜੇ ਦੇ ਹਵਾਲੇ ਕੀਤਾ। ਇਸ ਵੇਲੇ ਡਰ ਸੀ ਕਿ ਦੇਸ਼ ਵਿਚ ਐਵੇਂ ਕੋਈ ਅਬਤਰੀ ਨਾ ਫੈਲ ਜਾਵੇ ਕਿਉਂਕਿ ਇਸ ਵੇਲੇ ਮਾਈ ਨੂੰ ਗੁੱਸਾ ਆਇਆ ਹੋਇਆ ਸੀ ਤੇ ਗੁੱਸੇ ਵਿਚ ਬੰਦਾ ਕਈ ਵਾਰੀ ਹਾਨੀ ਲਾਭ ਨਹੀਂ ਸੋਚ ਸਕਦਾ। ਮਹਾਰਾਜਾ

ਸਾਹਿਬ ਨੇ ਸਰਦਾਰ ਦੇਸਾ ਸਿੰਘ ਮਜੀਠੀਏ, ਸਰਦਾਰ ਕਰਮ ਸਿੰਘ ਚਾਹਲ ਤੇ ਮੁਨਸ਼ੀ ਸ਼ਿਵ ਦਿਆਲ ਨੂੰ ਭੇਜਿਆ ਕਿ ਮਾਈ ਦੇ ਨਾਲ ਜਾ ਕੇ ਕਿਲ੍ਹੇ ਖ਼ਾਲੀ ਕਰਵਾ ਲਵੇ। ਮਾਈ ਨੇ ਅੰਦਰਗਤੀ ਲੁਕਵੇਂ ਤੌਰ ਤੇ ਆਪਣੇ ਠਾਣੇਦਾਰਾਂ ਨੂੰ ਚਿੱਠੀਆਂ ਲਿਖ ਦਿੱਤੀਆਂ ਕਿ ਡੱਟ ਕੇ ਮੁਕਾਬਲਾ ਕਰਨ। ਸਰਦਾਰਾਂ ਨੇ ਇਸ ਗੱਲ ਦੀ ਖ਼ਬਰ ਮਹਾਰਾਜੇ ਨੂੰ ਪਹੁੰਚਾ ਦਿੱਤੀ ਤੇ ਹੋਰ ਫ਼ੌਜ ਮੰਗ ਘੱਲੀ। ਇਸ ਪਰ ਮਹਾਰਾਜੇ ਨੇ ਸਰਦਾਰ ਜਗਤ ਸਿੰਘ ਅਟਾਰੀਵਾਲੇ ਅਤੇ ਸਰਦਾਰ ਜੈ ਸਿੰਘ ਅਤੇ ਪ੍ਰਤਾਪ ਸਿੰਘ ਨੂੰ ਕੁਮਕ ਲਈ ਭੇਜਿਆ। ਇਸ ਤੋਂ ਬਿਨਾਂ ਜੇਹਲਮੋਂ ਮਿਸਰ ਦੀਵਾਨ ਚੰਦ ਤੇ ਹੋਰ ਸਰਦਾਰਾਂ ਨੂੰ ਭੀ ਇਸੇ ਕੰਮ ਲਈ ਨਿਯਤ ਕੀਤਾ। ਚੁਨਾਂਚਿ ਮਿਸਰ ਦੀਵਾਨ ਆਦਿ ਨੇ ਗਾਮੇ ਖ਼ਾਨ ਨਾਲ ਮਿਲ ਕੇ ਬਟਾਲਾ ਤੇ ਅਟੱਲ ਗੜ੍ਹ ਆਦਿ ਕਿਲ੍ਹਿਆਂ ਤੇ ਕਬਜ਼ਾ ਕਰ ਲਿਆ। ਇਸ ਤੋਂ ਬਾਅਦ ਮਹਾਰਾਜੇ ਨੇ ਇਸ ਇਲਾਕੇ ਦਾ ਪ੍ਰਬੰਧ ਸਰਦਾਰ ਦੇਸਾ ਸਿੰਘ ਮਜੀਠੀਏ ਦੇ ਸਪੁਰਦ ਕੀਤਾ।[1]

---

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਦੋਮ, 290-92, 377; ਬੂਟੇ ਸ਼ਾਹ, *ਤਵਾਰੀਖ਼ਿ ਪੰਜਾਬ*, ਦਫ਼ਤਰ ਪੰਜਮ, 190-1।

# ਅਟਕ ਉੱਤੇ ਚੜ੍ਹਾਈ

ਇਸ ਵੇਲੇ ਕੁੰਦੀਆਂ, ਭਕੱਰ ਤੇ ਮਨਕੇਰੇ ਵੱਲ ਦਾ ਦੌਰਾ ਕਰ ਕੇ ਮਹਾਰਾਜਾ ਸਾਹਿਬ ਪਹਿਲੀ ਜਮਾਦੀ-ਉਲ-ਅੱਵਲ ਸੰਨ 1237 ਹਿਜਰੀ ਮੁਤਾਬਕ 26 ਜਨਵਰੀ 1822 ਨੂੰ ਲਾਹੌਰ ਪਹੁੰਚ ਗਏ ਸਨ। ਛੇਤੀ ਹੀ ਬਾਅਦ ਖ਼ਬਰਾਂ ਪੁੱਜਣੀਆਂ ਸ਼ੁਰੂ ਹੋ ਗਈਆਂ ਕਿ ਮੁਹੰਮਦ ਅਜ਼ੀਮ ਖ਼ਾਨ ਬਾਰਕਜ਼ਈ ਅੰਦਰੋਂ ਅੰਦਰ ਤਿਆਰੀ ਕਰ ਕੇ ਕੋਈ ਉਪੱਦਰ ਖੜਾ ਕਰਨ ਵਾਲਾ ਹੈ ਜਿਸ ਦਾ ਜਲਦੀ ਹੀ ਪ੍ਰਬੰਧ ਹੋ ਜਾਣਾ ਜ਼ਰੂਰੀ ਹੈ।

12 ਜਮਾਦੀ-ਉ-ਸਾਨੀ, 7 ਮਾਰਚ 1822, ਨੂੰ ਜਦ ਕਿ ਹੋਲੀ ਦੇ ਦਿਨਾਂ ਦੇ ਦਰਬਾਰ ਵਿਚ ਬਾਹਰ ਦੇ ਵਕੀਲਾਂ ਨੂੰ ਬਖ਼ਸ਼ੀਸ਼ਾਂ ਮਿਲ ਰਹੀਆਂ ਸਨ, ਮਹਾਰਾਜਾ ਸਾਹਿਬ ਨੇ ਮਿੱਸਰ ਦੀਵਾਨ ਚੰਦ ਨੂੰ ਇਕੱਲ ਵਾਂਝੇ ਲਿਜਾ ਕੇ ਹੁਕਮ ਦਿੱਤਾ ਕਿ ਇਲਾਹੀ ਬਖ਼ਸ਼, ਸ਼ਿਵ ਪ੍ਰਸ਼ਾਦ ਤੇ ਮਜ਼ਹਰ ਅਲੀ ਨੂੰ ਸਣੇ ਤੋਪਖ਼ਾਨੇ ਦੇ ਅਟਕ ਵੱਲ ਨੂੰ ਤੋਰ ਦਿੱਤਾ ਗਿਆ ਹੈ ਤੇ ਉਹ ਕੱਕੜ ਗਿੱਲ ਦੇ ਪਤਣੋਂ ਦਰਿਆ ਪਾਰ ਹੋ ਗਏ ਹਨ, ਤੇ ਛੇਤੀ ਹੀ ਅਟਕ ਪੁੱਜ ਜਾਣਗੇ ਤੇ ਤੁਹਾਨੂੰ ਵੀ ਫ਼ੌਜ ਸਮੇਤ ਸਰਦਾਰਾਂ ਦੇ ਨਾਲ ਜਲਦੀ ਹੀ ਪੁੱਜ ਜਾਣਾ ਚਾਹੀਦਾ ਹੈ। ਦੀਵਾਨ ਕਿਰਪਾ ਰਾਮ ਨੂੰ ਵੀ ਹੁਕਮ ਭੇਜ ਦਿੱਤਾ ਗਿਆ ਹੈ ਤੇ ਉਹ ਕਾਲੇ ਬਾਗੋਂ ਚੱਲ ਕੇ ਛੇਤੀ ਹੀ ਅਟਕ ਉਨ੍ਹਾਂ ਦੇ ਨਾਲ ਆ ਰਲੇਗਾ ਅਤੇ ਤੀਸਰੇ ਦਿਨ 14 ਜਮਾਦੀ-ਉ-ਸਾਨੀ ਨੂੰ ਮਿੱਸਰ ਦੀਵਾਨ ਚੰਦ ਨੂੰ ਇਕ ਹਾਥੀ ਤੇ ਖ਼ਾਸ ਖ਼ਿਲਅਤ ਦੇ ਕੇ ਦਰਿਆਓਂ ਪਾਰ ਤੋਰ ਦਿੱਤਾ ਅਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ, ਸਰਦਾਰ ਜਗਤ ਸਿੰਘ ਤੇ ਸਰਦਾਰ ਦਲ ਸਿੰਘ ਨੂੰ ਵੀ ਪੱਕੀ ਕੀਤੀ ਗਈ ਕਿ ਉਹ ਵੀ ਛੇਤੀ ਹੀ ਅਟਕ ਦੇ ਕਿਲ੍ਹੇ ਨੂੰ ਕੂਚ ਕਰ ਜਾਣ।

ਮਿੱਸਰ ਦੀਵਾਨ ਚੰਦ, ਸਰਦਾਰ ਸ਼ਾਮ ਸਿੰਘ ਤੇ ਦੂਸਰੇ ਸਰਕਰਦੇ ਧਾਈ ਕਰ ਕੇ ਅਟਕ ਪਹੁੰਚ ਗਏ। ਉੱਥੋਂ ਮਿੱਸਰ ਦੀਵਾਨ ਚੰਦ ਨੇ ਮਹਾਰਾਜ ਨੂੰ ਸਾਰਾ ਹਾਲ ਲਿਖ ਭੇਜਿਆ। ਇਹ ਅਰਜ਼ੀ ਸੰਮਤ 1879 ਦੇ ਵਸਾਖੀ ਵਾਲੇ ਦਿਨ 11 ਅਪ੍ਰੈਲ ਸੰਨ 1822 ਨੂੰ ਮਹਾਰਾਜਾ ਪਾਸ ਅੰਮ੍ਰਿਤਸਰ ਪੁੱਜੀ। ਇਸ ਵਿਚ ਲਿਖਿਆ ਹੋਇਆ ਸੀ ਕਿ ਮੁਹੰਮਦ ਅਜ਼ੀਮ ਖ਼ਾਨ ਬਾਰਕਜ਼ਈ ਪਿਸ਼ਾਵਰ ਆਇਆ ਹੋਇਆ ਹੈ ਤੇ ਉਸ ਨੇ ਯੂਸਫ਼ਜ਼ਈ ਕੌਮ ਦੇ ਕੁਝ ਸਿਰਕੱਢਾਂ ਨੂੰ ਕਸਮਾਂ ਤੇ ਕੌਲ ਇਕਰਾਰ ਕਰ ਕੇ ਆਪਣੇ ਪਾਸ ਬੁਲਾਇਆ ਹੈ। ਉਸ ਨੇ ਆਪਣੇ ਕੁਝ ਮੋਹਤਬਰ ਰੋਕ ਰਕਮਾਂ ਦੇ ਕੇ ਬਲਖ਼ ਤੇ ਕੰਧਾਰ ਵੱਲ ਭੇਜੇ ਹਨ ਕਿ ਜਿਤਨੀ ਵੀ ਫ਼ੌਜ ਮਿਲ ਜਾਏ ਇਕੱਠੀ ਕਰ ਲਿਆਵਣ। ਉਸ ਦੀ ਨਿਯਤ ਕੁਝ ਖ਼ਰਾਬੀ ਪੈਦਾ ਕਰਨ ਦੀ ਹੈ। ਇਸ ਲਈ ਕੋਈ ਵਾਕਿਆ ਹੋ ਜਾਣ ਤੋਂ ਪਹਿਲਾਂ ਪਹਿਲਾਂ ਹੀ ਜੇ ਇਲਾਜ ਕਰ

ਲਿਆ ਜਾਵੇ ਤਾਂ ਚੰਗਾ ਹੈ। ਪਹਿਲੀ ਜ਼ਰੂਰੀ ਗੱਲ ਇਹ ਹੈ ਕਿ ਲੁਕਣ ਛਿਪਣ ਵਾਲੀਆਂ ਪਹਾੜੀ ਖੱਡਾਂ ਸਾਫ਼ ਕਰ ਦਿੱਤੀਆਂ ਜਾਣ। ਚੁੰਨਾਂਚਿ ਮਹਾਰਾਜਾ ਸਾਹਿਬ ਨੇ ਇਸ ਜ਼ਰੂਰੀ ਤੇ ਜਲਦੀ ਦੀ ਲੋੜ ਨੂੰ ਅਨੁਭਵ ਕਰ ਕੇ ਕਾਫ਼ੀ ਗਿਣਤੀ ਵਿਚ ਉੱਥੇ ਬੇਲਦਾਰ ਭੇਜਣ ਦੇ ਤਾਗੀਦੀ ਹੁਕਮ ਜਾਰੀ ਕਰ ਦਿੱਤੇ।

ਮਹਾਰਾਜ਼ਾ ਸਾਹਿਬ ਵੱਲੋਂ ਮਿੱਸਰ ਦੀਵਾਨ ਚੰਦ ਸਰਦਾਰ ਸ਼ਾਮ ਸਿੰਘ ਤੇ ਹੋਰ ਸਰਦਾਰਾਂ ਦੇ ਸਣੇ ਤੋਪਖ਼ਾਨਿਆਂ ਤੇ ਫ਼ੌਜਾਂ ਦੇ ਅਟਕ ਆ ਪੁੱਜਣ ਅਤੇ ਫ਼ੌਜੀ ਤਿਆਰੀਆਂ ਤੇ ਪਹਾੜਾਂ ਦੀਆਂ ਖੱਡਾਂ ਨੂੰ ਸਾਫ਼ ਕਰਵਾਏ ਜਾਣ ਦੀਆਂ ਖ਼ਬਰਾਂ ਜਦ ਮੁਹੰਮਦ ਅਜ਼ੀਮ ਖ਼ਾਨ ਨੇ ਪਿਸ਼ਾਵਰ ਸੁਣੀਆਂ ਤਾਂ ਉਸ ਨੇ ਆਪਣੀਆਂ ਜ਼ਾਹਰਾ ਤਿਆਰੀਆਂ ਢਿੱਲੀਆਂ ਕਰ ਦਿੱਤੀਆਂ ਤੇ ਕਾਬਲ ਨੂੰ ਮੁੜ ਗਿਆ। ਇਸ ਦੇ ਮੁੜ ਜਾਣ ਨਾਲ ਅਟਕ ਦੇ ਗਵਾਂਢ ਵਿਚ ਸੁਖ ਸ਼ਾਂਤੀ ਹੋ ਗਈ ਤੇ ਮਿੱਸਰ ਦੀਵਾਨ ਚੰਦ ਸਰਦਾਰ ਸ਼ਾਮ ਸਿੰਘ ਤੇ ਹੋਰ ਸਰਦਾਰ ਫ਼ੌਜਾਂ ਸਮੇਤ ਲਾਹੌਰ ਨੂੰ ਮੁੜ ਆਏ।[1]

'ਰਈਸਾਨਿ ਪੰਜਾਬ' ਵਿਚ ਲਿਖਿਆ ਹੈ ਕਿ ਸਰਦਾਰ ਸ਼ਾਮ ਸਿੰਘ ਗੰਢਗੜ੍ਹ, ਠੇਰੀ, ਨਰੀ ਨਾਰੀ, ਢੁਠੇਰੀ, ਜਹਾਂਗੀਰਾਂ ਅਤੇ ਯੂਸਫ਼ਜ਼ਈ ਦੀਆਂ ਲੜਾਈਆਂ ਵਿਚ ਲੜਿਆ ਸੀ।[2]

---

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਦੋਮ, 295-96।
2. ਹਾਦੀ ਹਸਨ ਤੇ ਰਜਬ ਅਲੀ, *ਰਈਸਾਨਿ ਪੰਜਾਬ*, 65। ਹੋਰ ਦੇਖੋ ਗ੍ਰਿਫ਼ਿਨ, *ਪੰਜਾਬ ਚੀਫ਼ਸ*, (1890), ਜਿਲਦ 1, 241।

# ਸੱਯਦ ਅਹਿਮਦ ਬਰੇਲਵੀ ਦੇ ਵਿਰੁੱਧ ਮੁਹਿੰਮ

ਸੰਨ 1826 ਵਿਚ ਬਰੇਲੀ ਦਾ ਇਕ ਸੱਯਦ ਅਹਿਮਦ ਬੰਗਾਲ, ਬਿਹਾਰ ਅਤੇ ਯੂ. ਪੀ. ਦੇ ਅੰਗ੍ਰੇਜ਼ੀ ਇਲਾਕੇ ਤੋਂ ਰੁਪਇਆ ਤੇ ਆਦਮੀ ਇਕੱਠੇ ਕਰ ਕੇ ਸਿੱਖਾਂ ਵਿਰੁੱਧ ਜਹਾਦ ਦੀ ਤਿਆਰੀ ਨਾਲ ਸਰਹੱਦ ਤੇ ਆ ਪੁੱਜਾ ਤੇ ਪਠਾਣਾਂ ਨੂੰ ਆਪਣੇ ਨਾਲ ਰਲਾ ਲਿਆ।[1] ਸੰਨ 1827 ਦੇ ਆਰੰਭ ਵਿਚ ਯੂਸਫ਼ਜ਼ਈ ਪਹਾੜੀਆਂ ਵਿਚ ਪੰਜਤਾਰ ਦੇ ਮੁਕਾਮ ਤੇ ਆ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਬੁੱਧ ਸਿੰਘ ਸੰਧਾਵਾਲੀਏ ਨੂੰ ਫ਼ੌਜ ਦੇ ਕੇ ਸੱਯਦ ਦੇ ਵਿਰੁੱਧ ਮੁਹਿੰਮ ਤੇ ਭੇਜਿਆ। ਜਹਾਂਗੀਰਾਂ ਦੇ ਮੁਕਾਮ ਤੇ ਸੱਯਦ ਦੇ ਸਾਥੀ ਪਠਾਣਾਂ ਨਾਲ ਇਕ ਲੜਾਈ ਹੋ ਪਈ ਜਿਸ ਵਿਚ ਪਠਾਣਾਂ ਨੂੰ ਹਾਰ ਹੋਈ। ਪਰ ਚੂੰਕਿ ਸਰਹੱਦ ਤੇ ਸਾਰਾ ਮੁਲਖੱਈਆ ਮਜ਼ਹਬੀ ਜੋਸ਼ ਵਿਚ ਆਇਆ ਹੋਇਆ ਵਿਗੜ ਰਿਹਾ ਸੀ ਇਸ ਲਈ ਮਹਾਰਾਜਾ ਸਾਹਿਬ ਨੇ ਸਰਦਾਰ ਸ਼ਾਮ ਸਿੰਘ ਤੇ ਸਰਦਾਰ ਜਗਤ ਸਿੰਘ ਅਟਾਰੀਵਾਲਿਆਂ ਨੂੰ ਕਈ ਹਜ਼ਾਰ ਰੁਪਇਆ ਇਨਾਮ ਦੇ ਕੇ ਜਹਾਦੀਆਂ ਦੇ ਵਿਰੁੱਧ ਸਰਦਾਰ ਬੁਧ ਸਿੰਘ ਦੀ ਸਹਾਇਤਾ ਕਰਨ ਲਈ ਨੀਯਤ ਕੀਤਾ। ਇਨ੍ਹਾਂ ਤੋਂ ਬਿਨਾਂ 'ਰਾਜਾ ਸੁਚੇਤ ਸਿੰਘ, ਗੁਲਾਬ ਸਿੰਘ ਤੇ ਜਮਾਦਾਰ ਖੁਸ਼ਾਲ ਸਿੰਘ ਨੂੰ ਵੀ ਮਦਦ ਲਈ ਤੋਰਿਆ। ਖ਼ਾਲਸਾ ਫ਼ੌਜਾਂ ਰਵਾਂ ਰਵੀਂ ਪੁੱਜ ਪਈਆਂ ਤੇ 8 ਫੱਗਣ 1883, 23 ਫ਼ਰਵਰੀ ਸੰਨ 1827, ਨੂੰ ਅਕੋੜਾ ਦੀ ਜੰਗ ਵਿਚ ਸੱਯਦ ਨੂੰ ਹਾਰ ਦੇ ਕੇ ਭਜਾ ਦਿੱਤਾ।

ਮਹਾਰਾਜੇ ਨੂੰ ਜਦ ਇਸ ਜਿੱਤ ਦੀ ਖ਼ਬਰ ਪੁੱਜੀ ਤਾਂ ਉਸ ਨੇ ਖੁਸ਼ੀ ਵਿਚ ਕੀਮਤੀ ਖ਼ਿਲਅਤਾਂ, ਘੋੜੇ ਆਦਿ ਸਰਦਾਰ ਬੁਧ ਸਿੰਘ ਸੰਧਾਵਾਲੀਆ, ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਤੇ ਹੋਰ ਸਰਦਾਰਾਂ ਲਈ ਮਿੱਸਰ ਬੇਲੀ ਰਾਮ ਦੇ ਹੱਥ ਅਟਕ ਭੇਜੇ।[2]

ਪਰ ਸੱਯਦ ਦੇ ਭੱਜ ਨਿਕਲਣ ਨਾਲ ਉਸ ਦਾ ਸਾਰਾ ਜ਼ੋਰ ਪੂਰੀ ਤਰ੍ਹਾਂ ਟੁੱਟ ਨਹੀਂ ਸੀ ਸਕਿਆ। ਉਸ ਨੇ ਸਿੱਧਾ ਸਾਮ੍ਹਣੇ ਟਾਕਰਾ ਕਰਨ ਦੀ ਥਾਂ ਇਕ ਰਾਤੀਂ ਅਚਾਨਕ ਹੀ ਹਜ਼ਰੋ ਤੇ ਜਾ ਹੱਲਾ ਮਾਰਿਆ ਤੇ ਕੁਝ ਲੁੱਟ ਮਾਰ ਜਾ ਕੀਤੀ। ਪਰ ਛੇਤੀ ਹੀ ਪਿੱਛੋਂ ਸਿੰਘ ਵੀ ਪੁੱਜ ਗਏ ਤੇ ਜਹਾਦੀ ਭੱਜ ਨਿਕਲੇ। ਇਸ ਗੱਲ ਨੇ ਸਰਦਾਰ ਬੁੱਧ ਸਿੰਘ ਨੂੰ ਯਕੀਨ ਦੁਆ

---

1. ਮਿਰਜ਼ਾ ਹੈਰਤ ਦੇਹਲਵੀ, *ਹਯਾਤਿ ਤੱਈਯਬਾ*, 299।
2. ਸੋਹਨ ਲਾਲ: *ਉਮਦਾ-ਤੁ-ਤਵਾਰੀਖ਼*, ਦਫ਼ਤਰ ਦੋਮ, 338-341; ਮਿਰਜ਼ਾ ਹੈਰਤ, *ਹਯਾਤਿ ਤੱਈਯਬਾ*, 161-62।

ਦਿੱਤੀ ਕਿ ਇਹ ਪੂਰਬੀਏ ਜਹਾਦੀ ਸਿਰਫ਼ ਲੁਟੇਰੇਪੁਣਾ ਹੀ ਜਾਣਦੇ ਹਨ, ਮੈਦਾਨ ਵਿਚ ਸਾਮ੍ਹਣੇ ਖਲੋ ਕੇ ਸੂਰਬੀਰਾਂ ਵਾਂਙ ਲੜਨ ਦੀ ਇਨ੍ਹਾਂ ਵਿਚ ਹਿੰਮਤ ਨਹੀਂ ਹੈ। ਮਿਰਜ਼ਾ ਹੈਰਤ ਲਿਖਦਾ ਹੈ ਕਿ 'ਹਜ਼ਰੋ ਉੱਤੇ ਰਾਤ ਦੇ ਹੱਲੇ ਨੇ ਜਹਾਦੀਆਂ ਦੀ ਦਲੇਰੀ ਉੱਤੇ ਕਾਇਰਤਾ ਦਾ ਧੱਬਾ ਲਾ ਦਿੱਤਾ ਸੀ।' ਚੁਨਾਂਚਿ ਸਰਦਾਰ ਬੁਧ ਸਿੰਘ ਨੇ ਸੱਯਦ ਅਹਿਮਦ ਨੂੰ ਇਕ ਚਿੱਠੀ ਲਿਖੀ ਕਿ "ਰਾਤ ਨੂੰ ਧਾੜੇ ਮਾਰਨਾ ਤੇ ਬੇਖ਼ਬਰਿਆਂ ਉੱਤੇ ਹਥਿਆਰ ਚਲਾਉਣਾ ਬਹਾਦਰਾਂ ਦਾ ਤਰੀਕਾ ਨਹੀਂ, ਕੀ ਕਾਰਨ ਹੈ ਕਿ ਤੂੰ ਆਪ ਮੈਦਾਨ ਵਿਚ ਨਹੀਂ ਆਉਂਦਾ ਤੇ ਹੱਥੋਂ ਹੱਥੀਂ ਲੜਾਈ ਵਿਚ ਆਪੋ ਆਪਣੀ ਕਿਸਮਤ ਦਾ ਫ਼ੈਸਲਾ ਨਹੀਂ ਕਰ ਲੈਂਦਾ।" ਪਰ ਸੱਯਦ ਨੇ ਇਸ ਦਾ ਕੋਈ ਸਿੱਧਾ ਉੱਤਰ ਦੇਣ ਦੀ ਥਾਂ ਐਵੇਂ ਟਾਲ-ਮਟੋਲਾ ਕਰ ਦਿੱਤਾ।[1]

ਸੱਯਦ ਅਹਿਮਦ ਤੇ ਉਸ ਦੇ ਸਾਥੀਆਂ ਨੇ ਮੁੜ ਮੁੜ ਹੱਲੇ ਕਰਨ ਤੇ ਲੁੱਟ ਮਾਰ ਮਚਾਉਣ ਦੇ ਯਤਨ ਕੀਤੇ ਪਰ ਕੋਈ ਪੇਸ਼ ਨਾ ਗਈ ਅਤੇ ਹਰ ਥਾਂ ਨੁਕਸਾਨ ਉਠਾ ਕੇ ਹਾਰ ਖਾਣੀ ਪਈ। ਹੁਣ ਇਨ੍ਹਾਂ ਨੇ ਪਿਸ਼ਾਵਰ ਦੇ ਪਠਾਣਾਂ ਨਾਲ ਯਰਾਨਾ ਗੰਢਿਆ ਤੇ ਪੱਖਲੀ ਆਦਿ ਦੇ ਮੁਸਲਮਾਨ ਸਰਦਾਰਾਂ ਨੂੰ ਨਾਲ ਮਿਲਾ ਲਿਆ।

ਪਰ ਇਹ ਯਰਾਨੇ ਬਹੁਤ ਦੇਰ ਤਕ ਨਿਭ ਨਾ ਸਕੇ। ਸੰਨ 1829 ਵਿਚ ਜਹਾਦੀਆਂ ਨੇ ਪਿਸ਼ਾਵਰ ਉੱਤੇ ਕਬਜ਼ਾ ਕਰਨ ਦਾ ਯਤਨ ਕੀਤਾ। ਲੜਾਈ ਵਿਚ ਸਰਦਾਰ ਯਾਰ ਮੁਹੰਮਦ ਖ਼ਾਨ ਬਾਰਕਜ਼ਈ, ਜੋ ਮਹਾਰਾਜਾ ਰਣਜੀਤ ਸਿੰਘ ਵੱਲੋਂ ਉੱਥੇ ਦਾ ਹਾਕਮ ਸੀ, ਜ਼ਖ਼ਮੀ ਹੋ ਗਿਆ ਤੇ ਉਸ ਦੀ ਫ਼ੌਜ ਦੇ ਪੈਰ ਉਖੜ ਗਏ। ਪਰ ਇਤਫ਼ਾਕ ਨਾਲ ਇਸ ਵੇਲੇ ਕੰਵਰ ਸ਼ੇਰ ਸਿੰਘ ਤੇ ਜਨਰਲ ਵੈਂਤੂਰਾ, ਜੋ ਲੈਲਾ ਘੋੜਾ ਲੈਣ ਲਈ ਗਏ ਹੋਏ ਸਨ, ਇੱਥੇ ਮੌਜੂਦ ਸਨ। ਇਸ ਕਰਕੇ ਸੱਯਦ ਅਹਿਮਦ ਨੂੰ ਪਿੱਛੇ ਹੱਟ ਜਾਣਾ ਪਿਆ। ਛੇਤੀ ਹੀ ਪਿੱਛੋਂ ਯਾਰ ਮੁਹੰਮਦ ਖ਼ਾਨ ਗੁਜ਼ਰ ਗਿਆ ਤੇ ਮਹਾਰਾਜਾ ਸਾਹਿਬ ਦੇ ਹੁਕਮ ਅਨੁਸਾਰ ਕੰਵਰ ਸ਼ੇਰ ਸਿੰਘ ਨੇ ਯਾਰ ਮੁਹੰਮਦ ਖ਼ਾਨ ਦੇ ਭਰਾ ਸੁਲਤਾਨ ਮੁਹੰਮਦ ਖ਼ਾਨ ਨੂੰ ਪਿਸ਼ਾਵਰ ਦਾ ਹਾਕਮ ਮੁਕੱਰਰ ਕਰ ਦਿੱਤਾ ਤੇ ਆਪ ਮੁੜ ਆਇਆ।

ਇਧਰ ਸਫ਼ਲਤਾ ਨਾ ਹੋਣ ਪਰ ਸੱਯਦ ਅਹਿਮਦ ਨੇ ਜੂਨ 1830 ਵਿਚ ਕਸ਼ਮੀਰ ਵੱਲ ਨੂੰ ਵਧਣ ਦਾ ਯਤਨ ਕੀਤਾ, ਪਰ ਅੰਬ ਦੇ ਹਾਕਮ ਪਾਇੰਦਾ ਖ਼ਾਨ ਨੇ ਰਸਤਾ ਰੋਕ ਦਿੱਤਾ ਤੇ ਸਰਦਾਰ ਹਰੀ ਸਿੰਘ ਨਲੂਆ ਤੇ ਜਨਰਲ ਅਲਾਰਦ ਨੇ ਇਨ੍ਹਾਂ ਦੀਆਂ ਆਸਾਂ ਉੱਤੇ ਪਾਣੀ ਫੇਰ ਦਿੱਤਾ। ਇਸ ਲਈ ਸੱਯਦ ਨੂੰ ਮਜਬੂਰ ਹੋ ਕੇ ਸਿੰਧ ਦਰਿਆ ਤੋਂ ਪਾਰ ਟੱਪ ਜਾਣਾ ਪਿਆ।[2]

ਕੁਝ ਮਹੀਨਿਆਂ ਦੀ ਤਿਆਰੀ ਪਿੱਛੋਂ ਸੱਯਦ ਅਹਿਮਦ ਨੇ ਮੁੜ ਪਿਸ਼ਾਵਰ ਤੇ ਹੱਲਾ ਬੋਲ ਦਿੱਤਾ। ਸੁਲਤਾਨ ਮੁਹੰਮਦ ਜਹਾਦੀਆਂ ਦਾ ਟਾਕਰਾ ਨਾ ਕਰ ਸਕਣ ਕਰ ਕੇ ਪਿਸ਼ਾਵਰ ਛੱਡ ਕੇ ਭੱਜ ਗਿਆ, ਪਰ ਸਿੰਘਾਂ ਦੀ ਫ਼ੌਜ ਪੁੱਜ ਪੈਣ ਤੇ ਸੱਯਦ ਫੇਰ ਪਹਾੜਾਂ ਨੂੰ

1. ਮਿਰਜ਼ਾ ਹੈਰਤ, *ਹਯਾਤਿ ਤੱਈਯਬਾ*, 165-6।
2. ਲਤੀਫ, *ਹਿਸਟਰੀ ਔਫ ਦੀ ਪੰਜਾਬ*, 441-2; *ਹਯਾਤਿ ਤੋਈਬਾ* 167-188; ਸੋਹਨ ਲਾਲ, *ਉਮਦਾਤੁ ਤਵਾਰੀਖ਼*, ਦਫਤਰ ਦੋਮ।

ਦੌੜ ਗਿਆ। ਪਸ਼ੌਰੋਂ ਸਿੰਘਾਂ ਦੇ ਮੁੜ ਜਾਣ ਤੇ ਸੁਲਤਾਨ ਮੁਹੰਮਦ ਨੇ ਸੱਯਦ ਅਹਿਮਦ ਦੀ ਈਨ ਮੰਨ ਲਈ ਤੇ ਉਸ ਦੇ ਹੁਕਮ ਅਨੁਸਾਰ ਹਕੂਮਤ ਕਰਨ ਲੱਗਾ।[1] ਹੁਣ ਸੈਂਕੜਿਆਂ ਦੀ ਗਿਣਤੀ ਵਿਚ ਜਹਾਦੀ ਗ਼ਾਜ਼ੀ ਸਰਕਾਰੀ ਅਹੁਦਿਆਂ ਉੱਤੇ ਮੁਕੱਰਰ ਹੋ ਗਏ। ਤਾਕਤ ਹੱਥ ਵਿਚ ਆਉਂਦੇ ਹੀ ਇਨ੍ਹਾਂ ਨੇ ਅੱਤ ਚੁੱਕ ਲਈ। ਸਿੱਖਾਂ ਤੇ ਹਿੰਦੂਆਂ ਦਾ ਤਾਂ ਆਖਣਾ ਹੀ ਕੀ ਹੋਇਆ, ਮੁਸਲਮਾਨਾਂ ਉੱਤੇ ਵੀ ਅਕਹਿ ਤੇ ਅਸਹਿ ਜ਼ੁਲਮ ਸ਼ੁਰੂ ਹੋ ਗਏ। ਇਸ ਗ਼ਾਜ਼ੀ-ਗਰਦੀ ਦਾ ਨਕਸ਼ਾ ਮਿਰਜ਼ਾ ਹੈਰਤ ਨੇ ਆਪਣੀ ਕਿਤਾਬ 'ਹਯਾਤਿ ਤਈਯਬਾ' ਵਿਚ ਇਸ ਤਰ੍ਹਾਂ ਖਿਚਿਆ ਹੈ :

> "ਇਕ ਇਕ ਛੋਟੇ ਛੋਟੇ ਜ਼ਿਲੇ, ਸ਼ਹਿਰ ਤੇ ਪਿੰਡ ਵਿਚ ਇਕ ਇਕ ਅਮਾਲ ਸੱਯਦ ਸਾਹਿਬ ਵੱਲੋਂ ਨਿਯਤ ਹੋਇਆ ਹੋਇਆ ਸੀ। ਉਹ ਬਿਚਾਰਾ ਪ੍ਰਬੰਧ ਕੀ ਸੁਆਹ ਕਰ ਸਕਦਾ ਸੀ। ਸ਼ਰੀਅਤ ਦੀ ਆੜ ਵਿਚ ਪੁੱਠੇ ਸਿੱਧੇ ਨਵੇਂ ਨਵੇਂ ਹੁਕਮ ਬਿਚਾਰੇ ਗ਼ਰੀਬ ਹਲਵਾਹਾਂ ਉੱਤੇ ਜਾਰੀ ਕਰਦਾ ਸੀ ਅਤੇ ਉਹ ਉਫ਼ ਤਕ ਨਹੀਂ ਸਨ ਕਰ ਸਕਦੇ। ਖਾਣਾ, ਪੀਣਾ, ਬੈਠਣਾ, ਉੱਠਣਾ, ਵਿਆਹ ਕਰਨਾ ਉਨ੍ਹਾਂ ਵਾਸਤੇ ਸਭ ਹਰਾਮ ਹੋ ਗਿਆ ਸੀ। ਨਾ ਕੋਈ ਪ੍ਰਬੰਧਕ ਤੇ ਨਾ ਕੋਈ ਪੁੱਛਣ ਵਾਲਾ ਸੀ। ਮਾਮੂਲੀ ਮਾਮੂਲੀ ਗੱਲਾਂ ਉੱਤੇ ਕੁਫ਼ਰ ਦਾ ਫ਼ਤਵਾ ਹੋ ਜਾਣਾ ਕੋਈ ਗੱਲ ਹੀ ਨਹੀਂ ਸੀ। ਕਾਸ਼ ਕਿ ਮੌਲਾਨਾ [ਸ਼ਾਹ ਮੁਹੰਮਦ ਇਸਮਾਈਲ] ਸ਼ਹੀਦ ਪਿਸ਼ਾਵਰ ਦਾ ਹਾਕਮ ਹੁੰਦਾ ਤਾਂ ਪਿਸ਼ੌਰੀਆਂ ਉੱਤੇ ਇਹ ਜ਼ੁਲਮ ਨਾ ਹੁੰਦਾ। ਕਿਸੇ ਦੀਆਂ ਵਧੀਆਂ ਹੋਈਆਂ ਲਬਾਂ (ਮੁੱਛਾਂ) ਵੇਖਦੇ ਤਾਂ ਉਸ ਦੇ ਬੁੱਲ੍ਹ ਹੀ ਵਢਵਾ ਦਿੰਦੇ। ਗਿੱਟਿਆਂ ਤੋਂ ਹੇਠਾਂ ਕਿਸੇ ਦਾ ਤਹਿਮਤ (ਤਹਿਬੰਦ=ਤੰਬਾ) ਨਜ਼ਰੀਂ ਪੈਂਦਾ, ਤਾਂ ਉਸ ਦੇ ਗਿੱਟੇ ਹੀ ਉੜਵਾ ਦਿੱਤੇ ਜਾਂਦੇ। ਸਾਰੇ ਪਿਸ਼ਾਵਰ ਦੇ ਮੁਲਕ ਵਿਚ ਆਫ਼ਤ ਛਾ ਰਹੀ ਸੀ। ਹਕੂਮਤ ਦਾ ਇੰਤਜ਼ਾਮ ਮਸੀਤਾਂ ਦੇ ਉਨ੍ਹਾਂ ਮੁਲਾਣਿਆਂ ਦੇ ਹੱਥ ਸੀ ਜਿਨ੍ਹਾਂ ਨੂੰ ਮਸੀਤ ਦੇ ਡੋਲ ਤੇ ਲੱਜ ਤੋਂ ਬਿਨਾਂ ਹੋਰ ਕਿਸੇ ਚੀਜ਼ ਨਾਲ ਕਦੀ ਵਾਹ ਹੀ ਨਹੀਂ ਸੀ ਪਿਆ। ਹੁਣ ਇਨ੍ਹਾਂ ਨੂੰ ਸਲਤਨਤ ਦੇ ਕੰਮਾਂ ਦੇ ਪ੍ਰਬੰਧਕ ਬਣਾ ਦਿੱਤਾ। ਹੋਰ ਅਨ੍ਹੇਰ ਇਹ ਸੀ ਕਿ ਇਨ੍ਹਾਂ ਦੇ ਉੱਪਰ ਕੋਈ ਹਾਕਮ ਮੁਕੱਰਰ ਨਹੀਂ ਸੀ ਜਿਸ ਪਾਸ ਪਬਲਿਕ ਅਪੀਲ ਕਰੇ। ਇਨ੍ਹਾਂ ਹੀ ਜਾਹਲਾਂ ਦੇ ਫ਼ੈਸਲੇ ਆਖ਼ਰੀ ਸਮਝੇ ਜਾਂਦੇ ਸਨ...ਕਿਹੋ ਜਿਹਾ ਗੁੰਝਲਦਾਰ ਮੁਕੱਦਮਾ ਵੀ ਕਿਉਂ ਨਾ ਹੁੰਦਾ ਉਸ ਦੀ ਘੜੀ ਪਰ ਵੀ ਖੋਜ ਪੜਤਾਲ ਨਾ ਕੀਤੀ ਜਾਂਦੀ ਤੇ ਨਾ ਕੁਝ ਸੋਚਿਆ ਜਾਂਦਾ। ਬਸ ਮੁੱਲਾਂ ਜੀ ਦੇ ਕੋਲ ਮੁਕੱਦਮਾ ਆਇਆ ਤੇ ਉਨ੍ਹਾਂ ਨੇ ਝੱਟ ਫ਼ੈਸਲਾ ਦੇ ਦਿੱਤਾ। ਕੌਣ ਝਕ ਝਕ ਕਰੇ ਤੇ ਪੜਤਾਲ ਦੀ ਤਕਲੀਫ਼ ਉਠਾਵੇ।"[2]

ਇੱਥੇ ਹੀ ਬੱਸ ਨਹੀਂ ਸੀ। ਇਨ੍ਹਾਂ ਮਨ-ਮੱਤਿਆਂ ਤੇ ਕਾਮ-ਵਾਸ਼ਨਾ ਨਾਲ ਅੰਨ੍ਹੇ ਹੋਇਆਂ ਹੋਇਆਂ ਨੇ ਲੋਕਾਂ ਦੀਆਂ ਨੂੰਹਾਂ ਧੀਆਂ ਦੀ ਇੱਜ਼ਤ ਆਬਰੂ ਦਾ ਵੀ ਕੋਈ ਪਾਸ ਨਾ ਰੱਖਿਆ ਤੇ ਜ਼ੋਰੀਂ ਉਨ੍ਹਾਂ ਨਾਲ ਨਿਕਾਹ ਕਰਨੇ ਸ਼ੁਰੂ ਕਰ ਦਿੱਤੇ। ਹਯਾਤਿ-ਤੱਈਯਬਾ, ਵਿਚ ਲਿਖਿਆ ਹੈ ਕਿ :

> 'ਗ਼ਾਜ਼ੀਆਂ ਦੀਆਂ ਵਧੀਕੀਆਂ ਹੱਦ ਤੋਂ ਜ਼ਿਆਦਾ ਵੱਧ ਗਈਆਂ ਸਨ। ਉਹ ਕਈ ਵਾਰੀ ਨੌਜਵਾਨ ਇਸਤ੍ਰੀਆਂ ਨੂੰ ਮਜਬੂਰ ਕਰਦੇ ਸਨ ਕਿ ਉਨ੍ਹਾਂ ਨਾਲ ਨਿਕਾਹ ਕਰ ਲੈਣ, ਅਤੇ

---

1. ਲਤੀਫ਼, *ਹਿਸਟਰੀ ਔਫ਼ ਦੀ ਪੰਜਾਬ, ਹਯਾਤਿ-ਤੱਈਯਬਾ*, 182।
2. *ਹਯਾਤਿ ਤੱਈਯਬਾ*, 193।

ਕਈ ਵਾਰੀ ਇਹ ਦੇਖਿਆ ਗਿਆ ਕਿ ਦੋ ਤਿੰਨ ਕੰਵਾਰੀਆਂ ਲੜਕੀਆਂ ਜਾ ਰਹੀਆਂ ਸਨ, ਜਹਾਦੀਆਂ ਵਿਚੋਂ ਕਿਸੇ ਇਕ ਆਦਮੀ ਨੇ ਉਨ੍ਹਾਂ ਨੂੰ ਫੜ ਲਿਆ ਤੇ ਜ਼ੋਰੀਂ ਮਸੀਤ ਵਿਚ ਲਿਜਾ ਕੇ ਨਿਕਾਹ ਪੜ੍ਹਾ ਲਿਆ।' [ਪੰਨਾ 192]

'ਇਕ ਨੌ ਜਵਾਨ ਇਸਤ੍ਰੀ ਨਹੀਂ ਚਾਹੁੰਦੀ ਕਿ ਉਸ ਦਾ ਦੂਸਰਾ ਨਿਕਾਹ ਹੋਵੇ, ਪਰ ਜਹਾਦੀ ਜ਼ੋਰ ਦੇ ਰਿਹਾ ਹੈ ਕਿ ਨਹੀਂ, ਹੋਣਾ ਚਾਹੀਦਾ ਹੈ। ਆਖ਼ੀਰ ਮਾਂ ਪਿਉ ਆਪਣੀ ਨੌਜਵਾਨ ਲੜਕੀ ਨੂੰ ਜਹਾਦੀ ਦੇ ਹਵਾਲੇ ਕਰ ਦਿੰਦੇ। ਇਸ ਤੋਂ ਬਿਨਾਂ ਉਨ੍ਹਾਂ ਲਈ ਹੋਰ ਕੁਝ ਚਾਰਾ ਹੀ ਨਹੀਂ ਸੀ।' [ਪੰਨਾ 193]

'ਇਕ ਫ਼ਤਵਾ ਸੱਯਦ ਅਹਿਮਦ ਦੀ ਮੋਹਰ ਹੇਠਾਂ ਇਸ ਤਰ੍ਹਾਂ ਦਾ ਜਾਰੀ ਹੋਇਆ ਕਿ ਪਿਸ਼ਾਵਰ ਦੇ ਮੁਲਕ ਵਿਚ ਜਿਤਨੀਆਂ ਵਿਧਵਾ ਹਨ ਉਨ੍ਹਾਂ ਦਾ ਤਿੰਨਾਂ ਦਿਨਾਂ ਦੇ ਅੰਦਰ ਅੰਦਰ ਨਿਕਾਹ ਹੋ ਜਾਣੇ ਜ਼ਰੂਰੀ ਹਨ, ਨਹੀਂ ਤਾਂ ਜਿਸ ਦੇ ਘਰ ਬੇ-ਨਿਕਾਹੀ ਵਿਧਵਾ ਰਹਿ ਗਈ, ਉਸ ਦੇ ਘਰ ਨੂੰ ਅੱਗ ਲਾ ਦਿੱਤੀ ਜਾਵੇਗੀ।' [ਪੰਨਾ 194]

'ਚੂੰਕਿ ਆਪ [ਸੱਯਦ ਅਹਿਮਦ] ਦੇ ਸਾਥੀ ਵਤਨੋਂ ਦੂਰ ਸਨ ਅਤੇ ਉਨ੍ਹਾਂ ਨੂੰ ਜ਼ਨਾਨੀਆਂ ਦੀ ਲੋੜ ਸੀ, ਇਸ ਲਈ ਆਪ ਨੇ ਇਕ ਫ਼ਰਮਾਨ ਜਾਰੀ ਕੀਤਾ ਕਿ ਜਿਤਨੀਆਂ ਕੰਵਾਰੀਆਂ ਲੜਕੀਆਂ ਹਨ, ਜੇ ਬਾਰਾਂ ਦਿਨਾਂ ਦੇ ਅੰਦਰ ਉਨ੍ਹਾਂ ਦੇ ਵਿਆਹ ਨਾ ਕਰ ਦਿੱਤੇ ਗਏ ਤਾਂ ਉਨ੍ਹਾਂ ਨੂੰ ਜਹਾਦੀਆਂ ਵਾਸਤੇ ਸਾਡੇ ਨਾਇਬ ਦੀ ਖ਼ਿਦਮਤ ਵਿਚ ਹਾਜ਼ਰ ਕੀਤਾ ਜਾਏਗਾ।' [ਪੰਨਾ 197]

ਇਸ ਪ੍ਰਕਾਰ ਦੀਆਂ ਵਧੀਕੀਆਂ ਤੇ ਹੋਰ ਜ਼ੁਲਮਾਂ ਨੇ ਇਕ ਅੱਧੇ ਮਹੀਨੇ ਵਿਚ ਪਿਸ਼ੌਰੀ ਮੁਸਲਮਾਨਾਂ ਦਾ ਵੀ ਨੱਕ ਵਿਚ ਦਮ ਲੈ ਆਂਦਾ ਤੇ ਜਹਾਦੀਆਂ ਦਾ ਸਾਰਾ ਅਸਰ ਇਕ ਦਮ ਹੀ ਧੂੰਏਂ ਦੇ ਬਦਲਾਂ ਵਾਂਗ ਉਡ ਗਿਆ। ਇਹ ਗੱਲ ਸੰਨ 1831 ਦੇ ਆਰੰਭ ਦੀ ਹੈ। ਹੁਣ ਮਹਾਰਾਜਾ ਰਣਜੀਤ ਸਿੰਘ ਨੇ ਕੰਵਰ ਸ਼ੇਰ ਸਿੰਘ ਨੂੰ ਤਾਕੀਦੀ ਹੁਕਮ ਦਿੱਤੇ ਕਿ ਪਿਸ਼ਾਵਰ ਪਹੁੰਚ ਕੇ ਸੱਯਦ ਅਹਿਮਦ ਤੇ ਉਸ ਦੇ ਸਾਥੀ ਜਹਾਦੀਆਂ ਦੀ ਸ਼ੋਰਸ਼ ਦਾ ਸਦਾ ਲਈ ਪੱਕੀ ਤਰ੍ਹਾਂ ਖ਼ਾਤਮਾ ਕਰੇ। 5-6 ਚੇਤ ਸੰਮਤ 1888, 16-17 ਮਾਰਚ ਸੰਨ 1831, ਨੂੰ ਕੰਵਰ ਸ਼ੇਰ ਸਿੰਘ ਦੀ ਚਿੱਠੀ ਪੁੱਜੀ ਕਿ ਖ਼ਲੀਫ਼ਾ ਸੱਯਦ ਅਹਿਮਦ ਨੇ ਮੁਜ਼ੱਫਰਾਬਾਦ ਦੇ ਕਿਲ੍ਹੇ ਨੂੰ ਆਕੀ ਕੀਤਾ ਹੋਇਆ ਹੈ। ਇਸ ਦੇ ਉੱਤਰ ਵਿਚ ਮਹਾਰਾਜਾ ਸਾਹਿਬ ਨੇ ਲਿਖ ਭੇਜਿਆ ਕਿ ਛੇਤੀ ਹੀ ਉੱਥੇ ਫ਼ੌਜਾਂ ਭੇਜੀਆਂ ਜਾਣਗੀਆਂ ਅਤੇ ਕਸ਼ਮੀਰੋਂ ਵੀ ਹੋਰ ਫ਼ੌਜ ਜਲਦੀ ਹੀ ਸਹਾਇਤਾ ਲਈ ਪਹੁੰਚ ਜਾਵੇਗੀ, ਚੰਗਾ ਹੋਵੇ ਕਿ ਚੇਤ ਵਿਚ ਇਸ ਮੁਹਿੰਮ ਨੂੰ ਖ਼ਤਮ ਕਰਕੇ ਉਹ ਵਿਸਾਖੀ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਤੇ ਇਸ਼ਨਾਨ ਲਈ ਸ੍ਰੀ ਅੰਮ੍ਰਿਤਸਰ ਜੀ ਪਹੁੰਚ ਜਾਵੇ। ਇਸ ਵੇਲੇ ਸਰਦਾਰ ਸ਼ਾਮ ਸਿੰਘ ਭੀ ਕੰਵਰ ਸਾਹਿਬ ਦੇ ਨਾਲ ਹੀ ਸੀ।[1]

ਸੰਮਤ 1888 ਦੀ ਵਿਸਾਖੀ (11 ਅਪ੍ਰੈਲ 1831) ਵਾਲੇ ਦਿਨ ਮਹਾਰਾਜਾ ਸਾਹਿਬ ਨੇ ਰਾਮ ਬਾਗ ਸ੍ਰੀ ਅੰਮ੍ਰਿਤਸਰ ਤੋਂ ਕੰਵਰ ਸ਼ੇਰ ਸਿੰਘ ਦੇ ਨਾਮ ਪਰਵਾਨਾ ਭੇਜਿਆ ਕਿ ਸਰਦਾਰ ਮਹਾਂ ਸਿੰਘ ਥਾਨੇਦਾਰ ਹਜ਼ਾਰਾ ਅਤੇ ਸਰਦਾਰ ਫਤਿਹ ਸਿੰਘ ਮਾਨ ਨੂੰ ਉਨ੍ਹਾਂ ਦੀ ਫ਼ੌਜ ਸਣੇ ਮੁਜ਼ੱਫਰਾਬਾਦ ਛੱਡ ਕੇ ਆਪ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ, ਸਰਦਾਰ ਅਤਰ ਸਿੰਘ

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, *ਹਿੱਸਾ ਅਵੱਲ*, 22

ਕਾਲਿਆਂਵਾਲੇ, ਸਰਦਾਰ ਜੈ ਸਿੰਘ ਅਟਾਰੀਵਾਲੇ, ਸਰਦਾਰ ਫ਼ਤਿਹ ਸਿੰਘ ਮਾਨ ਦੇ ਪੁੱਤਰ ਜਗਤ ਸਿੰਘ, ਸਾਧੂ ਸਿੰਘ, ਰਣ ਸਿੰਘ, ਗੁਰਮੁਖ ਸਿੰਘ ਚਾਹਲ ਅਤੇ ਗੁਰਮੁਖ ਸਿੰਘ ਲੰਡੇ ਦੀਆਂ ਫ਼ੌਜਾਂ ਸਮੇਤ ਮੁਜ਼ੱਫ਼ਰਬਾਦ ਤੋਂ ਕੂਚ ਕਰ ਕੇ ਕਸ਼ਮੀਰ ਦੇ ਪ੍ਰਬੰਧ ਲਈ ਬਾਰਾਮੂਲੇ ਪਹੁੰਚ ਜਾਣ।[1]

ਪਰ ਇਹ ਮੁਹਿੰਮ ਪੌਣਾ ਕੁ ਮਹੀਨਾ ਜ਼ਰਾ ਜ਼ਿਆਦਾ ਲਮਕ ਗਈ, ਇਸ ਲਈ ਕੰਵਰ ਸਾਹਿਬ ਦੇ ਕਸ਼ਮੀਰ ਨੂੰ ਜਾਣ ਵਿਚ ਢਿੱਲ ਪੈ ਗਈ। ਸੱਯਦ ਨੇ ਬੜੀਆਂ ਘੁਸਾਈਆਂ ਮਾਰਨ ਦੇ ਯਤਨ ਕੀਤੇ, ਪਰ ਅੰਤ ਬਾਲਾਕੋਟ ਦੇ ਮੁਕਾਮ ਤੇ ਸੱਯਦ ਅਹਿਮਦ, ਉਸ ਦਾ ਨਾਇਬ ਮੁਹੰਮਦ ਇਸਮਾਈਲ ਤੇ ਉਨ੍ਹਾਂ ਦੇ ਸਾਥੀ ਜਹਾਦੀਆਂ ਤੇ ਹਿਮਾਇਤੀਆਂ ਨੂੰ ਘੇਰ ਲਿਆ ਗਿਆ ਅਤੇ 6 ਮਈ ਸੰਨ 1837 (24 ਜ਼ੀ' ਕਦਾ 1246 ਹਿਜਰੀ) ਦਿਨ ਸ਼ੁਕਰਵਾਰ ਦੀ ਲੜਾਈ ਵਿਚ ਇਹ ਦੋਨੋਂ ਮਾਰੇ ਗਏ ਤੇ ਜਹਾਦੀ ਤਿੱਤਰ ਬਿੱਤਰ ਹੋ ਕੇ ਭੱਜ ਨਿਕਲੇ।[2] ਇਸ ਤਰ੍ਹਾਂ ਪੰਜ ਸਾਲ ਦੀ ਖੱਪ ਦੇ ਬਾਅਦ ਸਰਹੱਦ ਉੱਤੇ ਮੁੜ ਅਮਨ ਅਮਾਨ ਹੋ ਗਿਆ।

3 ਜੇਠ, 14 ਮਈ 1831, ਨੂੰ ਇਸ ਫ਼ਤਿਹ ਦੀ ਖ਼ਬਰ ਮਹਾਰਾਜਾ ਸਾਹਿਬ ਨੂੰ ਗੁਰਦਾਸਪੁਰ ਪਹੁੰਚੀ ਤੇ ਉਨ੍ਹਾਂ ਨੇ ਬੜੀ ਖ਼ੁਸ਼ੀ ਮਨਾਈ। 12 ਜੇਠ ਨੂੰ ਦੀਵਾਨ ਵਸਾਖਾ ਸਿੰਘ ਦੀ ਅਰਜ਼ੀ ਤੋਂ ਪਤਾ ਲੱਗਾ ਕਿ ਸੱਯਦ ਅਹਿਮਦ ਦੀ ਲੋਥ ਦਾ ਹਰ ਪ੍ਰਕਾਰ ਸਤਿਕਾਰ ਕੀਤਾ ਗਿਆ ਹੈ ਤੇ ਇਕ ਬਹੁਮੁੱਲਾ ਦੋਸ਼ਾਲਾ ਉੱਪਰ ਪਾ ਕੇ ਦਫ਼ਨਾ ਦਿੱਤਾ ਗਿਆ ਹੈ।

ਮਹਾਰਾਜਾ ਸਾਹਿਬ ਦੇ ਹੁਕਮ ਨਾਲ ਕੰਵਰ ਸ਼ੇਰ ਸਿੰਘ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਤੇ ਹੋਰ ਸਰਦਾਰ ਲਾਹੌਰ ਨੂੰ ਮੁੜ ਆਏ। 24 ਜੇਠ ਨੂੰ ਮਹਾਰਾਜਾ ਸਾਹਿਬ ਨੇ ਸਰਦਾਰ ਹਰੀ ਸਿੰਘ ਨੂੰ ਕੰਵਰ ਸਾਹਿਬ ਤੇ ਸਰਦਾਰ ਸ਼ਾਮ ਸਿੰਘ ਦੇ ਸਵਾਗਤ ਲਈ ਹੁਕਮ ਦਿੱਤਾ ਤੇ ਉਹ ਸਵੇਰੇ ਹੀ ਸਵਾਰ ਹੋ ਕੇ ਪਹੁੰਚ ਗਏ। ਕੰਵਰ ਸਾਹਿਬ ਨੇ 51 ਸੁਨਹਿਰੀ ਬੁਤਕੀਆਂ ਤੇ ਇਕ ਘੋੜਾ ਨਜ਼ਰ ਪੇਸ਼ ਕੀਤਾ ਤੇ ਮੁਹਿੰਮ ਦਾ ਸਾਰਾ ਹਾਲ ਬੇਨਤੀ ਕੀਤਾ। ਦੂਸਰੇ ਦਿਨ 25 ਜੇਠ ਮੁਤਾਬਕ 5 ਜੂਨ 1831 ਨੂੰ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਜੈ ਸਿੰਘ ਤੇ ਪ੍ਰਤਾਬ ਸਿੰਘ ਸਮੇਤ, ਕੰਵਰ ਸ਼ੇਰ ਸਿੰਘ ਨਾਲ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ ਅਤੇ 15 ਬੁਤਕੀਆਂ, 9 ਬੰਦੂਕਾਂ, ਕਰਾਬੀਨਾਂ ਤੇ ਤਮਾਂਚੇ, 3 ਝੰਡੇ ਤੇ ਇਕ ਖ਼ਲੀਫਾ ਸੱਯਦ ਅਹਿਮਦ ਦੀ ਆਪਣੀ ਸਵਾਰੀ ਦਾ ਹਾਥੀ ਪੇਸ਼ ਕੀਤੇ। ਮਹਾਰਾਜਾ ਸਾਹਿਬ ਨੇ ਬਹੁਤ ਪ੍ਰਸੰਨਤਾ ਪ੍ਰਗਟ ਕੀਤੀ ਤੇ ਬਹੁਮੁੱਲੇ ਪਸ਼ਮੀਨੇ ਦੀਆਂ ਖ਼ਿਲਅਤਾਂ ਇਨਾਮ ਬਖ਼ਸ਼ੀਆਂ। ਹਾੜ੍ਹ ਦੀ ਸੰਗ੍ਰਾਂਦ ਵਾਲੇ ਦਿਨ ਮਹਾਰਾਜਾ ਸਾਹਿਬ ਨੇ ਸਰਦਾਰ ਸ਼ਾਮ ਸਿੰਘ ਦੀ ਬਹਾਦਰੀ ਦੀ ਕਦਰ ਕਰਦੇ ਹੋਏ, ਜੋ ਉਨ੍ਹਾਂ ਨੇ ਸੱਯਦ ਅਹਿਮਦ ਦੇ ਵਿਰੁੱਧ ਮੁਹਿੰਮ ਵਿਚ ਦਿਖਾਈ ਸੀ, ਇਕ ਸ਼ਮਸ਼ੇਰ ਉਨ੍ਹਾਂ ਨੂੰ ਬਖ਼ਸ਼ੀ।[3]

---

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, *ਹਿੱਸਾ ਅਵੱਲ*, 22।
2. *ਹਯਾਤਿ-ਤੱਈਯਬਾ*, 199-205, 309।
3. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, *ਹਿੱਸਾ ਅਵੱਲ*, 32, 35, 45-7, 50।

# ਲੈਫਟਿਨੈਂਟ ਅਲੈਗਜ਼ੈਂਡਰ ਬਰਨਜ਼ ਦੀ ਆਓ-ਭਗਤ

ਇਨ੍ਹਾਂ ਦਿਨਾਂ ਵਿਚ ਲੈਫਟਿਨੈਂਟ ਅਲੈਗਜ਼ੈਂਡਰ ਬਰਨਜ਼ ਇੰਗਲਿਸਤਾਨ ਦੇ ਬਾਦਸ਼ਾਹ ਵੱਲੋਂ ਮਹਾਰਾਜਾ ਰਣਜੀਤ ਸਿੰਘ ਲਈ ਪੰਜ ਘੋੜੇ, ਵਜ਼ੀਰ ਲਾਰਡ ਐਲਨਬਰੋ, ਪ੍ਰੈਜ਼ੀਡੈਂਟ ਇੰਡੀਆ ਬੋਰਡ ਵੱਲੋਂ ਇਕ ਮਿਤਰਾਨਾ ਚਿੱਠੀ ਤੇ ਈਸਟ ਇੰਡੀਆ ਕੰਪਨੀ ਦੀ ਹਿੰਦੁਸਤਾਨ ਦੀ ਹਕੂਮਤ ਵੱਲੋਂ ਇਕ ਬੱਘੀ ਤੋਹਫ਼ੇ ਦੇ ਤੌਰ ਤੇ ਲੈ ਕੇ ਸਤਲੁਜ ਦਰਿਆ ਦੇ ਰਸਤੇ ਲਾਹੌਰ ਨੂੰ ਆ ਰਿਹਾ ਸੀ।

ਇੰਗਲਿਸਤਾਨ ਤੋਂ ਘੋੜੇ ਤੇ ਚਿੱਠੀ ਸੰਨ 1830 ਵਿਚ ਬੰਬਈ ਪਹੁੰਚ ਗਏ ਸਨ। ਸਰ ਜੋਨ ਮੈਲਕਮ ਗਵਰਨਰ ਬੰਬਈ ਦੀ ਸਿਫ਼ਾਰਸ਼ ਉੱਤੇ ਕੰਪਨੀ ਦੀ ਹਿੰਦੁਸਤਾਨ ਦੀ ਗਵਰਨਮੈਂਟ ਨੇ ਕੱਛ ਦੇ ਇਕ ਪੋਲੀਟੀਕਲ ਅਫ਼ਸਰ ਲੈਫਟਿਨੈਂਟ ਅਲੈਗਜ਼ੈਂਡਰ ਬਰਨਜ਼ ਨੂੰ ਚੁਣਿਆ ਕਿ ਉਹ ਇਨ੍ਹਾਂ ਤੋਹਫਿਆਂ ਦੇ ਨਾਲ ਦਰਿਆ ਸਿੰਧ ਤੇ ਸਤਲੁਜ ਦੇ ਰਸਤੇ ਸਿੱਖ ਰਾਜਧਾਨੀ ਨੂੰ ਜਾਵੇ। ਦਰਿਆ ਦੇ ਰਸਤੇ ਇਨ੍ਹਾਂ ਚੀਜ਼ਾਂ ਨੂੰ ਭੇਜਣ ਵਿਚ ਇਕ ਖ਼ਾਸ ਪੋਲੀਟੀਕਲ ਭੇਦ ਸੀ ਤੇ ਉਹ ਇਹ ਸੀ ਕਿ ਈਸਟ ਇੰਡੀਆ ਕੰਪਨੀ ਸਿੰਧ ਵਿਚ ਜਹਾਜ-ਰਾਨੀ ਨੂੰ ਪੋਲੀਟੀਕਲ ਤੇ ਤਜਾਰਤੀ ਨਜ਼ਰ ਤੋਂ ਬੜਾ ਜ਼ਰੂਰੀ ਸਮਝਦੀ ਸੀ, ਪਰ ਚੂੰਕਿ ਉਨ੍ਹਾਂ ਨੂੰ ਹੈਦਰਬਾਦ ਤੋਂ ਉੱਪਰ ਦਰਿਆ ਅਤੇ ਮੁਲਕ ਸੰਬੰਧੀ ਪੂਰੀ ਪੂਰੀ ਵਾਕਫ਼ੀ ਨਹੀਂ ਸੀ ਇਸ ਲਈ ਉਨ੍ਹਾਂ ਨੇ ਇਸ ਮਤਲਬ ਨੂੰ ਪੂਰਾ ਕਰਨ ਲਈ ਇਹ ਵਿਉਂਤ ਬਣਾਈ ਸੀ। ਪਰ ਫੇਰ ਇਹ ਖ਼ਿਆਲ ਪੈਦਾ ਹੋਇਆ ਕਿ ਕਿਧਰੇ ਸਿੰਧ ਸਰਕਾਰ ਨੂੰ ਕੋਈ ਸ਼ੱਕ ਤੇ ਡਰ ਹੀ ਨਾ ਪੈ ਜਾਣ, ਇਸ ਲਈ ਲੈਫਟਿਨੈਂਟ-ਕਰਨਲ ਹੈਨਰੀ ਪੋਟਿੰਜਰ ਨੇ ਇਹ ਸਲਾਹ ਦਿੱਤੀ ਕਿ ਇਕ ਵੱਡੀ ਸਾਰੀ ਬੱਘੀ ਵੀ ਘੋੜਿਆਂ ਦੇ ਨਾਲ ਭੇਜ ਦਿੱਤੀ ਜਾਵੇ ਤਾਂ ਕਿ ਉਸ ਦਾ ਵਿਤ ਤੇ ਆਕਾਰ ਵੇਖ ਕੇ ਦਰਿਆ ਦੇ ਰਸਤੇ ਜਾਣ ਬਾਬਤ ਤਸੱਲੀ ਹੋ ਜਾਵੇ। ਇਸ ਨਿਵੇਕਲੇ ਰਸਤੇ ਤੇ ਜਾਣ ਸੰਬੰਧੀ ਸ਼ੱਕ ਦੀ ਗੁੰਜਾਇਸ਼ ਨੂੰ ਹੋਰ ਵੀ ਘੱਟ ਕਰਨ ਲਈ ਸਿੰਧ ਦੇ ਅਮੀਰਾਂ ਲਈ ਵੀ ਕੁਝ ਤੋਹਫ਼ੇ ਬਰਨਜ਼ ਪਾਸ ਘੱਲ ਦਿੱਤੇ। ਉਨ੍ਹਾਂ ਨਾਲ ਕੁਝ ਰਾਜਸੀ ਗੱਲ-ਬਾਤ ਲਈ ਚਿੱਠੀ-ਪੱਤਰ ਵੀ ਉਸ ਨੂੰ ਦੇ ਦਿੱਤੇ। ਬਰਨਜ਼ ਦੀ ਹਿਫ਼ਾਜ਼ਤ ਲਈ ਨਾਲ ਕੋਈ ਫ਼ੌਜ ਭੇਜਣ ਦੀ ਥਾਂ ਉਸ ਨੂੰ ਆਗਿਆ ਦੇ ਦਿੱਤੀ ਕਿ ਉਹ ਜਿਥੋਂ ਦੀ ਗੁਜ਼ਰੇ, ਉੱਥੋਂ ਦੇ ਲੋਕਾਂ ਵਿਚੋਂ ਹੀ ਚੌਕੀਦਾਰ ਰੱਖ ਲਵੇ। ਪਰ ਇਹ ਸਾਰੀਆਂ ਚੌਕਸੀਆਂ ਬਨਰਜ਼ ਦੇ ਅੰਦਰੂਨੀ ਮਦਸਦ ਨੂੰ ਛਿਪਾਉਣ ਲਈ ਸਨ, ਜਿਹੜਾ ਕਿ ਦਰਿਆ ਸਿੰਧ ਤੇ ਸਤਲੁਜ ਅਤੇ ਇਨ੍ਹਾਂ ਦੇ ਆਲੇ ਦੁਆਲੇ ਦੇ ਮੁਲਕ ਨੂੰ ਪੋਲੀਟੀਕਲ ਤੇ ਤਜਾਰਤੀ ਮਤਲਬ ਲਈ ਕੱਛਣਾ, ਮਾਪਣਾ ਤੇ ਉਥੋਂ ਦੇ ਹਾਕਮਾਂ ਤੇ ਲੋਕਾਂ

ਬਾਬਤ ਪੂਰੀ ਪੂਰੀ ਵਾਕਫ਼ੀ ਹਾਸਲ ਕਰਨਾ ਸੀ। ਇਨ੍ਹਾਂ ਗੱਲਾਂ ਦਾ ਜ਼ਿਕਰ ਸਰਕਾਰ ਬੰਬਈ ਦੇ ਚੀਫ਼ ਸੈਕਰਿਟਰੀ ਦੀ ਬਰਨਜ਼ ਦੇ ਨਾਮ ਖੁਫ਼ੀਆ ਚਿੱਠੀ ਵਿਚ ਹੈ। ਇਸ ਵਿਚ ਇਹ ਵੀ ਲਿਖਿਆ ਹੋਇਆ ਹੈ ਕਿ ਸਿੰਧ ਦਰਿਆ ਵਿਚ ਉੱਪਰ ਨੂੰ ਜਾਣ ਵੇਲੇ ਬੇੜੀਆਂ ਦੀ ਮੱਠੀ ਚਾਲ ਉਸ ਨੂੰ ਆਪਣੀ ਖੋਜ ਪੜਤਾਲ ਲਈ ਕਾਫ਼ੀ ਮੌਕੇ ਬਣਾ ਦੇਵੇਗੀ। ਕੱਛਣ-ਮਾਪਣ ਦਾ ਸਾਰਾ ਸਾਮਾਨ ਵੀ ਬਨਰਜ ਨੂੰ ਏਸੇ ਮਤਲਬ ਲਈ ਦੇ ਦਿੱਤਾ ਗਿਆ ਤੇ ਇਕ ਸਰਵੇਅਰ ਜੋਨ ਡੀ. ਲੈੱਕੀ ਉਸ ਦੇ ਨਾਲ ਭੇਜਿਆ ਗਿਆ।[1]

ਮੇਸਨ ਲਿਖਦਾ ਹੈ ਕਿ ਸਿੰਧ ਨੂੰ ਤਜਾਰਤ ਲਈ ਖੋਲ੍ਹਿਆ ਆਖਣਾ ਇਕ ਢਕੌਂਸਲਾ ਹੀ ਸੀ। ਇਸ ਦੀ ਤਹਿ ਵਿਚ ਲੁਕੀ ਹੋਈ ਪੋਲਿਸੀ ਦਾ ਨਤੀਜਾ ਇਨ੍ਹਾਂ ਮੁਲਕਾਂ ਵਿਚ ਫ਼ੌਜਾਂ ਲਿਆਉਣਾ ਤੇ ਫ਼ੌਜੀ ਮਤਲਬ ਲਈ ਅੱਧੀ ਕੁ ਦਰਜਨ ਬੇੜੀਆਂ ਦਾ ਚਲਾਉਣਾ ਸੀ।[2] ਸਰ ਚਾਰਲਸ ਮੈਂਟਕਾਫ਼ ਇਸ ਲੁਕਵੇਂ ਢੰਗ ਨਾਲ ਸਿੰਧ ਦਰਿਆ ਅਤੇ ਆਲੇ ਦੁਆਲੇ ਦੇ ਦੇਸ਼ਾਂ ਦੇ ਨਾਪਣ-ਕੱਛਣ ਨੂੰ ਇਕ ਬੜੀ ਕੋਝੀ ਤੇ ਨਿੰਦਨੀਯ ਚਾਲਾਕੀ ਦੱਸਦਾ ਹੈ ਤੇ ਇਸ ਦੀ ਜ਼ੋਰਦਾਰ ਨਿਖੇਧੀ ਕਰਦਾ ਹੋਇਆ ਕਹਿੰਦਾ ਹੈ ਕਿ ਅੰਗ੍ਰੇਜ਼ੀ ਹਕੂਮਤ ਦੀ ਸ਼ਾਨ ਦੇ ਵਿਰੁੱਧ ਸੀ।[3]

ਅਲੈਗਜ਼ੈਂਡਰ ਬਰਨਜ਼ ਕੱਛ ਦੀ ਬੰਦਰਗਾਹ ਮਾਂਡਵੀ ਤੋਂ 21 ਜਨਵਰੀ 1831 ਨੂੰ ਚਲਿਆ ਅਤੇ ਬੜੀਆਂ ਮੁਸ਼ਕਲਾਂ ਨਾਲ ਸਿੰਧ ਵਿਚ ਦੀ ਹੁੰਦਾ ਹੋਇਆ ਸਵਾ ਚਾਰ

---

1. ਬਰਨਜ਼, *ਟਰੈਵਲਜ਼ ਇੰਟੂ ਬੁਖ਼ਾਰਾ*, ਜਿਲਦ ਤੀਸਰੀ, 1-5; ਪ੍ਰਿੰਸੈਪ, *ਮਹਾਰਾਜਾ ਰਣਜੀਤ ਸਿੰਘ*, 153-54। ਹੋਰ ਦੇਖੋ ਮੇਸਨ, *ਨੈਰੇਟਿਵ ਔਫ਼ ਵਰੀਅਸ ਜਰਨੀਜ਼*, ਜਿਲਦ ਤੀਸਰੀ, 432।
2. The Government of India and of England, as well as the public at large, were never amused and deceived by a greater fallacy than that of opening the Indus as regards the commercial objects. The results of the policy concealed under this pretext have been the introduction of troops in the countries on and beyond the river, and of some half a dozen steamers on the stream itself, employed for warlike objects, not for those of trade. Masson, *Narrative of Various Journies*, iii, 432.
3. The scheme of surveying the Indus, under the pretence of sending a present to Rajah Runjeet Singh, seems to me highly objectionable.
   It is a trick in my opinion, unworthy of our Government, which cannot fail when detected, as most probably it will be, to excite the jealousy and indignation of the powers on whom we play it.
   It is just such a trick as we are often falsely suspected and accused of by the native powers of India, and this confirmation of their suspicions, generally unjust, will do more injury by furnishing the ground of merited reproach, than any advantage to be gained by the measure can compensate......
   To demand a passage for our officers under a fictitious pretence, and then to take advantage of the civility of the rulers of Sind to do that which we are concious would not be allowed, appears to me to be ungenerous and unfair."—Kaye, *Selections from the Papers of Lord Metcalf*, 211-12.

ਮਹੀਨਿਆਂ ਪਿੱਛੋਂ 27 ਮਈ ਨੂੰ ਬਹਾਵਲਪੁਰ ਦੀ ਸਰਹੱਦ ਤੇ ਪਹੁੰਚਿਆ ਜਿੱਥੇ ਕਿ ਨਵਾਬ ਬਹਾਵਲ ਖ਼ਾਨ ਦਾਊਦਪੋਤ੍ਰੇ ਵੱਲੋਂ ਭੇਜੇ ਗਏ ਮੈਹਮਾਨਦਾਰ ਗ਼ੁਲਾਮ ਕਾਦਰ ਖ਼ਾਨ ਨੇ ਉਸ ਦਾ ਸੁਆਗਤ ਕੀਤਾ। 5 ਜੂਨ ਨੂੰ ਖ਼ੁਦ ਨਵਾਬ ਨਾਲ ਮੁਲਾਕਾਤ ਹੋਈ ਤੇ 8 ਜੂਨ ਨੂੰ ਬਰਨਜ਼ ਤੇ ਉਸ ਦੀ ਪਾਰਟੀ ਪੰਜਾਬ ਦੀ ਸਰਹੱਦ ਤੇ ਪਹੁੰਚੇ ਜਿੱਥੇ ਕਿ ਮਹਾਰਾਜਾ ਰਣਜੀਤ ਸਿੰਘ ਵੱਲੋਂ ਸਰਦਾਰ ਲਹਿਣਾ ਸਿੰਘ ਮਜੀਠੀਏ ਨੇ ਉਸ ਦੀ ਆਓ-ਭਗਤ ਕੀਤੀ।[1]

ਬਰਨਜ਼ ਲਿਖਦਾ ਹੈ ਕਿ ਸਿੱਖ ਇਲਾਕੇ ਵਿਚੋਂ ਗੁਜ਼ਰਨ ਲਈ ਇੰਤਜ਼ਾਮ ਬਿਲਕੁਲ ਮੁਕੰਮਲ ਸਨ ਅਤੇ ਮੈਹਮਾਨਦਾਰੀ ਦਾ ਪ੍ਰਬੰਧ ਇਤਨਾ ਉਦਾਰਤਾ ਭਰਿਆ ਸੀ ਕਿ ਪਾਰਟੀ ਤੋਂ ਇਲਾਵਾ ਪਿੰਡਾਂ ਦੇ ਤਿੰਨ ਸੋ ਹੋਰ ਗ਼ਰੀਬ ਆਦਮੀ ਹਰ ਰੋਜ਼ ਪ੍ਰਸਾਦੇ ਤੇ ਘਿਓ ਨਾਲ ਰੱਜ ਜਾਂਦੇ ਸਨ। ਸਰਦਾਰ ਲਹਿਣਾ ਸਿੰਘ ਮਜੀਠੀਏ ਨੇ ਉਸ ਨੂੰ ਇਸ ਗੱਲ ਦਾ ਵੀ ਯਕੀਨ ਦਿਲਾਇਆ ਕਿ ਇਸ ਸਫ਼ਰ ਵਿਚ ਜਿਸ ਕਿਸੇ ਦੇ ਵੀ ਖੇਤ ਦਾ ਕੋਈ ਨੁਕਸਾਨ ਹੋਵੇਗਾ, ਸਰਕਾਰ ਵੱਲੋਂ ਉਸ ਨੂੰ ਉਤਨੀ ਛੋਟ ਕਰ ਦਿੱਤੀ ਜਾਵੇਗੀ।[2]

ਰਸਤੇ ਵਿਚ ਤਲਵਾਰ ਨਾਲ ਜੰਗਲੀ ਸੂਰ ਤੇ ਸ਼ੇਰ ਦੇ ਸ਼ਿਕਾਰ ਵਿਚ ਸਿੱਖਾਂ ਦੀ ਦਲੇਰੀ ਤੇ ਬਹਾਦਰੀ ਨੇ ਬਰਨਜ਼ ਦੇ ਦਿਲ ਤੇ ਆਪਣਾ ਸਿੱਕਾ ਬਿਠਾ ਦਿੱਤਾ। ਰਾਵੀ ਦੇ ਕੰਢੇ ਝਾਊ ਦੇ ਝੱਲ ਵਿਚੋਂ ਇਕ ਸ਼ੇਰ ਨਿਕਲ ਪਿਆ ਤੇ ਸਰਦਾਰ ਲਹਿਣਾ ਸਿੰਘ ਨੇ ਬਰਨਜ਼ ਤੇ ਲੈੱਕੀ ਨੂੰ ਸ਼ਿਕਾਰ ਦੇਖਣ ਲਈ ਸੱਦਾ ਦਿੱਤਾ। ਹਾਥੀ ਤਿਆਰ ਨਾ ਹੋਣ ਕਰ ਕੇ ਬਰਨਜ਼ ਤਾਂ ਨਾ ਗਿਆ ਪਰ ਲੈੱਕੀ ਸਿੰਘਾਂ ਨਾਲ ਰਲ ਪਿਆ। ਝਟ ਹੀ ਇਕ ਸਿੰਘ ਨੇ ਸ਼ੇਰ ਨੂੰ ਜ਼ਖ਼ਮੀ ਕਰ ਦਿੱਤਾ, ਪਰ ਚੂੰਕਿ ਕਈਆਂ ਦੇ ਘੋੜੇ ਸ਼ੇਰ ਤੋਂ ਡਰ ਗਏ ਸਨ ਇਸ ਲਈ ਸਿੰਘ ਘੋੜਿਆਂ ਤੋਂ ਉਤਰ ਕੇ ਪੈਦਲ ਹੋ ਪਏ ਤੇ ਤਲਵਾਰਾਂ ਹੱਥ ਵਿਚ ਲੈ ਕੇ ਸ਼ੇਰ ਵੰਗਾਰਨ ਲਈ ਅੱਗੇ ਵਧੇ। ਝੁੰਜਲਾਇਆ ਹੋਇਆ ਸ਼ੇਰ ਬੜੇ ਗੁੱਸੇ ਨਾਲ ਇਕ ਸਿੰਘ ਉੱਤੇ ਕੁੱਦ ਪਿਆ। ਅਜੇ ਉਹ ਉਸ ਸਿੰਘ ਦੇ ਖੱਬੇ ਮੋਢੇ ਤੇ ਟਿਕਿਆ ਹੀ ਸੀ ਕਿ ਸਿੰਘ ਜੀ ਨੇ ਤਲਵਾਰ ਦਾ ਇਕ ਚੰਗਾ ਟਿਕਵਾਂ ਵਾਰ ਉਸ ਦੇ ਸਿਰ ਤੇ ਜੜ ਦਿੱਤਾ। ਪਰ ਜੋੜ ਚੂੰਕਿ ਬਰਾਬਰ ਦਾ ਨਹੀਂ ਸੀ, ਇਸ ਲਈ ਸਿੰਘ ਹੋਰੀਂ ਝੰਝੋੜ ਗਏ ਤੇ ਡਿੱਗ ਪਏ। ਇਤਨੇ ਨੂੰ ਹੋਰ ਸਾਥੀ ਭੀ ਪੁੱਜ ਗਏ ਤੇ ਸ਼ੇਰ ਨੂੰ ਮਾਰ ਗਿਰਾਇਆ। ਇਹ ਸ਼ੇਰ ਇਕ ਬੜੇ ਵੱਡੇ ਆਕਾਰ ਦਾ ਸੀ ਤੇ ਦਸ ਫੁੱਟ ਲੰਬਾ ਸੀ ਤੇ ਉਸ ਦਾ ਪੱਟ ਇਕ ਚੰਗੇ ਜੁਆਨ ਆਦਮੀ ਦੇ ਪੱਟ ਵਰਗਾ ਸੀ।

ਬਰਨਜ਼ ਲਿਖਦਾ ਹੈ ਕਿ ਸਿੱਖਾਂ ਦੇ ਮਨ ਦੀ ਸ਼ਾਂਤੀ ਤੇ ਦਲੇਰੀ ਯਕੀਨ ਦੀ ਹੱਦੋਂ ਲੰਘੀ ਹੋਈ ਹੈ ਤੇ ਉਨ੍ਹਾਂ ਨੂੰ ਆਪਣੇ ਸਰਦਾਰਾਂ ਵੱਲੋਂ ਬੜਾ ਉਤਸ਼ਾਹ ਮਿਲਦਾ ਹੈ। ਜ਼ਖਮੀ ਹੋ ਚੁੱਕੇ ਅਭਾਗੇ ਆਦਮੀ ਸੰਬੰਧੀ ਸਵਾਲਾਂ ਦੇ ਜਵਾਬ ਵਿਚ ਉਨ੍ਹਾਂ ਨੇ ਬੇਪਰਵਾਹੀ ਨਾਲ ਆਖਿਆ ਕਿ ਹੋਇਆ ਕੀ, ਆਖ਼ਰ ਉਹ ਸਿੱਖ ਹੈ, ਉਸ ਨੂੰ ਚੰਗਾ ਇਨਾਮ ਮਿਲੇਗਾ। ਅੱਗੇ ਉਸ ਨੂੰ ਇਕ ਘੋੜਾ ਤੇ ਸੌ ਰੁਪਏ ਸਾਲਾਨਾ ਤਰੱਕੀ ਮਿਲ ਚੁੱਕੀ ਹੈ। ਸ਼ੇਰ ਦੀ ਖੱਲ,

---

1. ਬਰਨਜ਼, ਟਰੈਵਲਜ਼, ਜਿਲਦ ਤੀਸਰੀ, 100-1; ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, *ਹਿੱਸਾ ਅਵੱਲ*, 55।
2. ਬਰਨਜ਼, ਟਰੈਵਲਜ਼, ਜਿਲਦ ਤੀਸਰੀ, 122-23।

ਸਿਰ ਤੇ ਪੰਜੇ ਝਟ ਪਟ ਹੀ ਮਹਾਰਾਜੇ ਪਾਸ ਭੇਜ ਦਿੱਤੇ ਗਏ ਸਨ ਅਤੇ ਉਨ੍ਹਾਂ ਵੱਲੋਂ ਜ਼ਖ਼ਮੀ ਨਾਲ ਹੋਰ ਵੀ ਜ਼ਿਆਦਾ ਉਦਾਰਤਾ ਭਰੀ ਕਿਰਪਾ ਦਾ ਵਰਤਾਓ ਹੋਵੇਗਾ। ਇਹ ਉਤਸਾਹ ਇਨ੍ਹਾਂ ਲੋਕਾਂ ਨੂੰ ਹਿੰਦੁਸਤਾਨੀਆਂ ਵਿਚੋਂ ਸਭ ਤੋਂ ਬਹਾਦੁਰ ਬਣਾਉਂਦਾ ਹੈ।'[1]

ਮਹਾਰਾਜਾ ਰਣਜੀਤ ਸਿੰਘ ਦਾ ਇਹ ਦਸਤੂਰ ਸੀ ਕਿ ਜਦ ਵੀ ਕੋਈ ਵੱਡਾ ਪ੍ਰਦੇਸੀ, ਖ਼ਾਸ ਕਰ ਕੇ ਯੋਰਪੀਅਨ, ਪੰਜਾਬ ਵਿਚ ਆਉਂਦਾ ਤਾਂ ਉਹ ਬੜੀ ਖੁੱਲ੍ਹ ਦਿਲੀ ਨਾਲ ਉਸ ਦਾ ਸੁਆਗਤ ਕਰਦਾ ਅਤੇ ਇਕ ਖ਼ਾਸ ਵੱਡੇ ਸਰਦਾਰ ਜਾਂ ਅਹਿਲਕਾਰ ਨੂੰ ਉਸ ਦਾ ਮੈਹਮਾਨਦਾਰ ਨਿਯਤ ਕਰਦਾ। ਕਾਫ਼ੀ ਗਿਣਤੀ ਵਿਚ ਨੌਕਰ ਚਾਕਰ ਉਸ ਨੂੰ ਦਿੱਤੇ ਜਾਂਦੇ ਤੇ ਉਸ ਦੇ ਖਾਣੇ ਦਾਣੇ ਅਤੇ ਘਾਹ-ਪੱਠੇ ਦਾ ਸਾਰਾ ਪ੍ਰਬੰਧ ਮੈਹਮਾਨਦਾਰ ਦੀ ਦੇਖ ਭਾਲ ਨਾਲ ਸਰਕਾਰ ਦੇ ਨੌਕਰ ਕਰਦੇ। ਇਸ ਦਾ ਸਭ ਤੋਂ ਵੱਡਾ ਫ਼ਾਇਦਾ ਸਰਕਾਰ ਨੂੰ ਇਹ ਸੀ ਕਿ ਇਸ ਤਰ੍ਹਾਂ ਉਸ ਪ੍ਰਦੇਸੀ ਦੀ ਹਰ ਇਕ ਨਿੱਕੀ ਮੋਟੀ ਗੱਲ ਦਾ ਪਤਾ ਲਗਦਾ ਰਹਿੰਦਾ ਤੇ ਦੇਸ਼ ਵਿਚ ਉਸ ਨੂੰ ਕੋਈ ਲੁਕਵੀਂ ਗੱਲ ਕਰ ਸਕਣ ਦਾ ਮੌਕਾ ਨਾ ਮਿਲਦਾ। ਮੈਹਮਾਨਦਾਰ ਜਾਂ ਨਾਲ ਭੇਜੇ ਗਏ ਮੁਨਸ਼ੀ ਜਾਂ ਅਖ਼ਬਾਰ-ਨਵੀਸ ਰੋਜ਼ ਦੇ ਰੋਜ਼ ਹਾਲਾਤ ਲਿਖ ਕੇ ਮਹਾਰਾਜਾ ਸਾਹਿਬ ਨੂੰ ਭੇਜਦੇ ਰਹਿੰਦੇ, ਜਿਨ੍ਹਾਂ ਤੋਂ ਉਨ੍ਹਾਂ ਨੂੰ ਪੂਰੀ ਪੂਰੀ ਵਾਕਫ਼ੀਅਤ ਪੁੱਜ ਜਾਂਦੀ ਤੇ ਉਹ ਨਾਲੋਂ ਨਾਲ ਯੋਗ ਪ੍ਰਬੰਧ ਵੀ ਕਰੀ ਜਾਂਦੇ ਅਤੇ ਉਸ ਨਾਲ ਮੁਲਾਕਾਤ ਲਈ ਪੂਰੀ ਤਰ੍ਹਾਂ ਤਿਆਰ ਹੋ ਜਾਂਦੇ।

ਜਿਸ ਵੇਲੇ ਲੈਫ਼ਟਿਨੈਂਟ ਬਰਨਜ਼ ਦੇ ਸਰਦਾਰ ਲਹਿਣਾ ਸਿੰਘ ਮਜੀਠੀਏ ਮੈਹਮਾਨਦਾਰ ਵੱਲੋਂ ਹੋਏ ਸੁਆਗਤ ਸੰਬੰਧੀ ਧੰਨਵਾਦ ਦੀ ਚਿੱਠੀ ਅਤੇ ਸਰਦਾਰ ਵੱਲੋਂ ਵੇਰਵੇ ਦੀ ਅਰਜ਼ੀ ਪੁੱਜੀ ਤਾਂ ਹਾੜ੍ਹ ਸੰਮਤ 1888 ਦੇ ਆਖ਼ਰੀ ਹਫਤੇ (ਜੁਲਾਈ 1831 ਦੇ ਦੂਸਰੇ ਹਫ਼ਤੇ ਦੇ ਆਰੰਭ ਵਿਚ) ਮਹਾਰਾਜਾ ਸਾਹਿਬ ਨੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਤੇ ਖ਼ਲੀਫ਼ਾ ਨੂਰੁੱਦੀਨ ਨੂੰ ਆਗਿਆ ਕੀਤੀ ਕਿ ਛਾਂਗੇ ਮਾਂਗੇ ਦੇ ਮੁਕਾਮ ਉੱਤੇ ਜਾ ਕੇ ਉਸ ਦੀ ਆਓ-ਭਗਤ ਕਰਨ ਅਤੇ ਸਰਦਾਰ ਲਹਿਣਾ ਸਿੰਘ ਨੂੰ ਇਨਾਮ ਵੱਜੋਂ ਸੋਨੇ ਦੇ ਜੜਾਊ ਕੜਿਆਂ ਦੀ ਜੋੜੀ ਭੇਜੀ। ਸਰਦਾਰ ਸ਼ਾਮ ਸਿੰਘ ਨੂੰ ਇਕ ਹਜ਼ਾਰ ਪੰਜ ਸੌ ਰੁਪਈਆ ਪ੍ਰਾਹੁਣੇ ਦੇ ਪ੍ਰਸਾਦ ਪਾਣੀ ਲਈ ਤੇ ਢਾਈ ਸੌ ਸਿਰਵਾਰਨੇ ਵਜੋਂ ਦਿੱਤਾ ਤੇ ਪੰਜ ਸੌ ਰੁਪਈਆ ਖ਼ਲੀਫ਼ਾ

---

1. The bravery of our Seik friends had been already exhibited to us by their attacking the wild hog with a sword, on foot; but a nobler specimen of their courage was displayed in the death of a tiger......
"The coolness and courage of the Seiks surpass belief; they have great encouragement from their chiefs. To all my enquiries regarding the unfortunate man that had been wounded, they replied, with an ostentation of indifference, that he was but a Seik, would be well rewarded, and had already received a horse and his annual pay had been increased an hundred rupees. The skin, head an paws of the tiger were immediately despatched to the Maharaja, whose bounty will be further extended to the wounded. This encouragement makes these people the bravest of the Indians." Burnes—*Travels into Bokhara,* Vol. iii. 138-140.

ਨੂਰੁੱਦੀਨ ਦੇ ਸਪੁਰਦ ਹੋਇਆ। ਪੰਝੀ ਸੂਰਮੇ ਘੋੜ-ਚੜ੍ਹੇ, ਸੋਦਾਗਰ ਕੁਰਸੀਵਾਲਾ ਅਤੇ ਸਾਏਬਾਨ ਤੇ ਚੋਬਾਂਵਾਲੇ ਫ਼ਰਾਸ਼ ਖ਼ਲੀਫ਼ਾ ਨੂਰੁੱਦੀਨ ਦੇ ਨਾਲ ਭੇਜੇ। ਦੋ ਸੌ ਰੁਪਈਆ ਸਵਾਰਾਂ ਦੇ ਖ਼ਰਚ ਲਈ, ਤੀਹ ਰੁਪਈਏ ਸੁਦਾਗਰ ਲਈ ਤੇ ਸੌ ਰੁਪਈਆ ਫ਼ਰਾਸ਼ਾਂ ਲਈ ਦਿੱਤਾ ਗਿਆ।[1]

15 ਜੁਲਾਈ 1831 ਦੀ ਸ਼ਾਮ ਨੂੰ ਅਲੈਗਜ਼ੈਂਡਰ ਬਰਨਜ਼ ਦੀ ਪਾਰਟੀ ਛਾਂਗੇ ਮਾਂਗੇ ਪੁੱਜੀ। ਸਰਦਾਰ ਸ਼ਾਮ ਸਿੰਘ ਅੱਗੇ ਹੀ ਸੁਆਗਤ ਲਈ ਉੱਥੇ ਮੌਜੂਦ ਸੀ। ਪਹਿਲੀ ਮੁਲਾਕਾਤ ਹਾਥੀਆਂ ਉੱਤੇ ਹੋਈ। ਮਿਲਨੀ ਵੇਲੇ ਸਰਦਾਰ ਸ਼ਾਮ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸੋਨੇ ਦੀਆਂ ਮੋਹਰਾਂ ਤੇ ਚਾਂਦੀ ਦੇ ਰੁਪਈਆਂ ਦੀਆਂ ਥੈਲੀਆਂ ਸਿਰਵਾਰਨੇ ਵਜੋਂ ਪੇਸ਼ ਕੀਤੀਆਂ ਗਈਆਂ। ਸਰਦਾਰ ਸ਼ਾਮ ਸਿੰਘ ਨੇ ਇਕ ਕਮਾਨ ਪੇਸ਼ ਕੀਤੀ ਤੇ ਸੁਖ-ਸ਼ਾਂਤ ਨਾਲ ਆ ਪੁੱਜਣ ਪਰ ਬਰਨਜ਼ ਨੂੰ ਵਧਾਈ ਦਿੱਤੀ ਤੇ ਬਾਦਸ਼ਾਹ ਇੰਗਲਿਸਤਾਨ ਦੀ ਰਾਜ਼ੀ ਖ਼ੁਸ਼ੀ ਪੁੱਛੀ। ਸਿੱਖ ਸਰਦਾਰ ਦੇ ਨਾਲ ਇਸ ਵੇਲੇ ਨੇਜ਼ੇਦਾਰਾਂ ਦਾ ਇਕ ਦਸਤਾ ਤੇ ਇਸ ਸਿੱਖ ਰਿਸਾਲਾ ਸੀ। ਸਿੱਖ ਰਿਸਾਲੇ ਨੇ ਬਸੰਤੀ ਰੰਗ ਦੀ ਵਰਦੀ ਸਜਾਈ ਹੋਈ ਸੀ। ਇਹ ਉਹੀ ਰਸਾਲਾ ਸੀ ਜੋ ਸਰਦਾਰ ਸ਼ਾਮ ਸਿੰਘ ਦੇ ਨਾਲ ਹੀ ਸੱਯਦ ਅਹਿਮਦ ਬਰੇਲੀਵਾਲੇ ਨੂੰ ਟਿਕਾਣੇ ਲਾ ਕੇ ਮੁੜਿਆ ਸੀ।[2]

18 ਜੁਲਾਈ ਨੂੰ ਇਹ ਪਾਰਟੀ ਸਰਦਾਰ ਸ਼ਾਮ ਸਿੰਘ ਦੇ ਨਾਲ ਲਾਹੌਰ ਪਹੁੰਚੀ ਜਦ ਕਿ ਫ਼ਕੀਰ ਅਜ਼ੀਜ਼ੁੱਦੀਨ ਤੇ ਰਾਜਾ ਗੁਲਾਬ ਸਿੰਘ ਨੇ ਮਹਾਰਾਜਾ ਸਾਹਿਬ ਵੱਲੋਂ ਇਨ੍ਹਾਂ ਦਾ ਸਵਾਗਤ ਕੀਤਾ, ਤੇ ਜਨਰਲ ਅਲਾਰਦ ਦੇ ਬੰਗਲੇ ਇਨ੍ਹਾਂ ਨੂੰ ਉਤਾਰਾ ਦਿੱਤਾ ਗਿਆ। 20 ਜੁਲਾਈ ਦਾ ਦਿਨ ਬਰਨਜ਼ ਦੀ ਮਹਾਰਾਜਾ ਸਾਹਿਬ ਨਾਲ ਮੁਲਾਕਾਤ ਲਈ ਨਿਯਤ ਹੋਇਆ ਤੇ ਉਸ ਦਿਨ ਛਾਹ ਕੁ ਵੇਲੇ ਉਨ੍ਹਾਂ ਨੂੰ ਬੁਲਾ ਲਿਆ ਗਿਆ। ਮਿਲਨੀ ਤੇ ਖ਼ੈਰ ਖ਼ਰੀਅਤ ਪੁੱਛਣ ਤੋਂ ਬਾਅਦ ਘੋੜਿਆਂ ਦਾ ਮੁਲਾਹਜ਼ਾ ਹੋਇਆ ਤੇ ਲਾਰਡ ਐਲਨਬਰੋ ਦੀ ਚਿੱਠੀ ਪੜ੍ਹੀ ਗਈ। ਮਹਾਰਾਜਾ ਸਾਹਿਬ ਨੇ ਬੜੀ ਖ਼ੁਸ਼ੀ ਪ੍ਰਗਟ ਕੀਤੀ ਤੇ ਉਨ੍ਹਾਂ ਨੂੰ ਕੁਝ ਕੁ ਆਪਣੇ ਘੋੜੇ ਵਿਖਾਏ। ਬਰਨਜ਼ ਮਹੀਨਾ ਕੁ ਲਾਹੌਰ ਠਹਿਰਿਆ ਤੇ ਆਲੇ ਦੁਆਲੇ ਦੀ ਸੈਰ ਕੀਤੀ ਅਤੇ 16 ਅਗਸਤ ਨੂੰ ਲਾਹੌਰੋਂ ਵਿਦਿਆ ਹੋ ਕੇ ਸ਼ਿਮਲੇ ਨੂੰ ਤੁਰ ਗਿਆ।[3]

ਮਹਾਰਾਜਾ ਸਾਹਿਬ ਸੰਬੰਧੀ ਬਰਨਜ਼ ਲਿਖਦਾ ਹੈ ਕਿ "ਉਹ ਠਾਠ ਬਾਠ ਅਤੇ ਦਿਖਾਵੇ ਤੋਂ ਬਿਲਕੁਲ ਰਹਿਤ ਹੈ ਪਰ ਤਾਂ ਵੀ ਉਸ ਦੇ ਦਰਬਾਰ ਦਾ ਪੱਕਾ ਹੋਇਆ ਸਤਿਕਾਰ ਧਿਆਨ ਯੋਗ ਹੈ।...ਦਰਬਾਰ ਵਿਚ ਮਹਾਰਾਜੇ ਦਾ ਪਹਿਰਾਵਾ ਸਭ ਤੋਂ ਸਾਦਾ ਸੀ।...ਰਣਜੀਤ ਸਿੰਘ ਹਰ ਗੱਲ ਵਿਚ ਇਕ ਨਿਰਾਲਾ ਬੰਦਾ ਹੈ। ਮੈਂ ਉਸ ਦੇ ਫ਼ਰਾਂਸੀਸੀ ਅਫ਼ਸਰਾਂ ਪਾਸੋਂ ਸੁਣਿਆ ਹੈ ਕਿ ਕਸਤਨਤੁਨੀਆ ਤੋਂ ਲੈ ਕੇ ਹਿੰਦੁਸਤਾਨ ਤਕ ਕੋਈ ਆਦਮੀ ਉਸ ਦੇ ਬਰਾਬਰ ਦਾ ਨਹੀਂ ਹੈ। ਇਨ੍ਹਾਂ ਸਾਰਿਆਂ [ਫਰਾਂਸੀਸੀਆਂ] ਨੇ ਵਿਚਕਾਰਲੇ ਰਾਜ ਵੇਖੇ ਹੋਏ

---

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, ਹਿੱਸਾ ਅਵੱਲ, 55।
2. ਬਰਨਜ਼, *ਟਰੈਵਲਜ਼*, ਜਿਲਦ ਤੀਸਰੀ, 144-46।
3. ਬਰਨਜ਼, *ਟਰੈਵਲਜ਼*, ਜਿਲਦ ਤੀਸਰੀ, 148-68।

ਸਨ।...ਰਣਜੀਤ ਸਿੰਘ ਦੇ ਸੁਭਾਵ ਵਿਚ ਸਭ ਤੋਂ ਜਿਆਦਾ ਪ੍ਰਸ਼ੰਸਾ ਕਰਨ ਵਾਲੀ ਖ਼ੂਬੀ ਉਸ ਦਾ ਮਨੁੱਖ ਲਈ ਰਹਿਮ ਭਰਿਆ ਪਿਆਰ ਹੈ। ਜਦ ਤੋਂ ਉਸ ਨੇ ਤਾਕਤ ਹਾਸਲ ਕੀਤੀ ਹੈ ਉਸ ਨੇ ਕਦੀ ਵੀ ਕਿਸੇ ਦੋਸ਼ੀ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ।"

ਸਿੰਧੋਂ ਪਾਰ ਗਾਜ਼ੀਆਂ ਦੇ ਵਿਰੁੱਧ ਮੁਹਿੰਮਾਂ ਦਾ ਜ਼ਿਕਰ ਕਰਦੇ ਹੋਏ ਮਹਾਰਾਜੇ ਨੇ ਕਿਹਾ "ਕਿ ਉਸ ਦੀਆਂ ਸਾਰੀਆਂ ਜਿੱਤਾਂ ਉਸ ਦੀ ਆਪਣੀ ਕੌਮ [ਸਿੰਘਾਂ] ਦੀ ਬਹਾਦਰੀ ਕਰ ਕੇ ਹੋਈਆਂ ਹਨ ਜਿਹੜੇ ਕਿ ਭਰਮਾਂ ਤੋਂ ਆਜ਼ਾਦ ਹਨ, ਜੋ ਅੱਠਾਂ ਦਿਨਾਂ ਦਾ ਖਾਣਾ ਨਾਲ ਪਿੱਠ ਤੇ ਲੈ ਜਾਂਦੇ ਹਨ, ਜੇ ਪਾਣੀ ਦਾ ਘਾਟਾ ਹੋਵੇ ਤਾਂ ਖ਼ੂਹ ਪੁਟ ਲੈਂਦੇ ਹਨ ਅਤੇ ਜੇ ਲੋੜ ਭਾਸੇ ਤਾਂ ਕਿਲ੍ਹਾ ਬਣਾ ਲੈਂਦੇ ਹਨ, ਪਰ ਉਹ ਪੂਰਬੀਆਂ ਨੂੰ ਇਹੋ ਜੇਹੇ ਕੰਮ ਕਰਨ ਲਈ ਨਹੀਂ ਮਨਾ ਸਕਦਾ...ਉਸ ਨੇ ਕਿਹਾ ਤੁਹਾਨੂੰ ਪਤਾ ਹੀ ਹੈ ਕਿ ਮੇਰੀਆਂ ਫ਼ੌਜਾਂ ਦੀ ਬਹਾਦੁਰੀ ਨੇ ਮੇਰੇ ਲਈ ਕਸ਼ਮੀਰ ਫ਼ਤਹਿ ਕੀਤੀ ਸੀ, ਕੀ ਤੁਹਾਨੂੰ ਪਤਾ ਹੈ ਮੈਂ ਵਪਾਰ ਦੇ ਇਸ ਆਫਰੇ ਹੋਏ ਵੇਲੇ ਉਸ ਦੇਸ਼ ਦੇ ਪਸ਼ਮੀਨੇ ਤੇ ਹੋਰ ਪੈਦਾਵਾਰ ਨੂੰ ਕਿਵੇਂ ਨਿਬੇੜਦਾ ਹਾਂ। ਮੈਂ ਆਪਣੇ ਸਰਦਾਰਾਂ ਤੇ ਫ਼ੌਜਾਂ ਨੂੰ ਇਹ ਚੀਜ਼ਾਂ ਤਨਖ਼ਾਹਾਂ ਵਿਚ ਦਿੰਦਾ ਹਾਂ। ਜਿਸ ਵੇਲੇ ਕਿਸੇ ਸਰਦਾਰ ਨੂੰ, ਜਿਸ ਦੀ ਬਾਕੀ ਤਿੰਨ ਸੌ ਰੁਪਈਆ ਬਣਦੀ ਹੋਵੇ, ਪੰਜ ਸੌ ਰੁਪਏ ਦਾ ਪਸ਼ਮੀਨਾ ਦੇ ਦਿੰਦਾ ਹਾਂ ਤਾਂ ਉਹ ਵੀ ਬਹੁਤ ਖ਼ੁਸ਼ ਹੋ ਜਾਂਦਾ ਹੈ ਤੇ ਰਾਜ ਨੂੰ ਵੀ ਫ਼ਾਇਦਾ ਹੋ ਜਾਂਦਾ ਹੈ।[1]

---

1. ਬਰਨਜ਼, *ਟਰੈਵਲਜ਼*, ਜਿਲਦ ਤੀਸਰੀ, 154, 161, 167, 163-64।
He is entirely free from pomp and show, yet the studied respect of his Court is remarkable (p. 154.)
Maharaja was the plainest dressed man at his Durbar, (p. 161.) Ranjit Singh is, in every respect, an extraordinary character. I have heard his French Officers observe that he has no equal from Constantinople to India; and all of them have seen the intermediate powers......The most creditable trait in Ranjeet's character is his humanity; he has never been known to punish a criminal with death since his accession to power (P. 167.)
He said that he owed all his success to the bravery of his nation, who were free from prejudice, would carry eight day's provision on their backs; dig a well if water were scarce, and build a fort if circumstances required it; a kind of service which he could not prevail on the natives of Hindustan to perform. "The bravery of my troops, as you are aware, conquered Kashmir for me; and how do you think," said he, "I dispose of the shawls and productions of that country in the present glut of trade? I pay my officers and troops with them; and as I give a chief, who may be entitled to a balance of 300 rupees, shawls to the value of 500, he is well pleased, and the state is benefitted." (p. 163-64)

# ਰੋਪੜ ਦੀ ਮੁਲਾਕਾਤ

ਮਹਾਰਾਜਾ ਰਣਜੀਤ ਸਿੰਘ ਵੱਲੋਂ ਲੈਫ਼ਟਿਨੈਂਟ ਅਲੈਗਜ਼ੈਂਡਰ ਦੀ ਖੁੱਲ੍ਹੇ ਦਿਲ ਨਾਲ ਆਓ-ਭਗਤ ਨੇ ਈਸਟ ਇਡੀਆ ਕੰਪਨੀ ਦੇ ਗਵਰਨਰ ਜਰਨਲ ਲਾਰਡ ਵਿਲੀਅਮ ਬੈਂਟਿੰਕ ਨੂੰ ਆਸ ਦਿਲਾ ਦਿੱਤੀ ਕਿ ਮਹਾਰਾਜਾ ਸਾਹਿਬ ਨਾਲ ਖ਼ੁਦ ਉਸ ਦੀ ਆਪਣੀ ਮੁਲਾਕਾਤ ਦੀ ਤਜਵੀਜ਼ ਵੀ ਪੂਰੀ ਤਰ੍ਹਾਂ ਸਿਰੇ ਚੜ੍ਹ ਸਕੇਗੀ। ਇਸ ਲਈ ਗਵਰਨਰ ਜਨਰਲ ਨੇ ਲੁਧਿਆਨੇ ਦੇ ਪੋਲੀਟੀਕਲ ਏਜੰਟ ਕੈਪਟਨ ਵੇਡ ਨੂੰ, ਜਦ ਕਿ ਉਹ ਬਨਰਜ਼ ਦੇ ਲਾਹੌਰ ਆਉਣ ਵੇਲੇ ਉੱਥੇ ਗਿਆ ਹੋਇਆ ਸੀ, ਲਿਖਿਆ ਕਿ ਉਹ ਇਸ ਸੰਬੰਧੀ ਮਹਾਰਾਜਾ ਸਾਹਿਬ ਦੇ ਖ਼ਾਸ ਸਲਾਹਕਾਰਾਂ ਨੂੰ ਟੋਹੇ। ਜਿਵੇਂ ਕਿ ਲਾਰਡ ਬੈਂਟਿੰਕ ਦਾ ਖ਼ਿਆਲ ਸੀ ਮਹਾਰਾਜਾ ਸਾਹਿਬ ਨੇ ਰਜ਼ਾਮੰਦੀ ਪ੍ਰਗਟ ਕਰ ਦਿੱਤੀ। ਇਸ ਮਤਲਬ ਲਈ ਕੈਪਟਨ ਵੇਡ ਇਕ ਦੋ ਵਾਰੀ ਉਚੇਚਾ ਲਾਹੌਰ ਆਇਆ ਤੇ ਮੁਲਾਕਾਤ ਦਾ ਪ੍ਰਬੰਧ ਕਰ ਗਿਆ, ਤੇ 26 ਅਕਤੂਬਰ 1831 ਦਾ ਦਿਨ ਨਿਯਤ ਕੀਤਾ ਗਿਆ।[1]

ਲਾਰਡ ਬੈਂਟਿੰਕ ਦਾ ਮਹਾਰਾਜਾ ਸਾਹਿਬ ਨਾਲ ਮੁਲਾਕਾਤ ਲਈ ਖ਼ਾਸ ਯਤਨ ਕਰ ਕੇ ਪ੍ਰਬੰਧ ਕਰਾਉਣ ਦਾ ਅਸਲ ਅੰਦਰੂਨੀ ਮਤਲਬ ਕੀ ਸੀ ਪੱਕੀ ਤਰ੍ਹਾਂ ਕੁਝ ਨਹੀਂ ਕਿਹਾ ਜਾ ਸਕਦਾ। ਭਾਵੇਂ ਬਾਹਰੋਂ ਕੇਵਲ ਦੋਸਤਾਨਾ ਸੰਬੰਧ ਪੱਕਾ ਕਰਨਾ ਹੀ ਦੱਸਿਆ ਗਿਆ ਪਰ ਕਈਆਂ ਦਾ ਖ਼ਿਆਲ ਹੈ ਕਿ ਗਵਰਨਰ ਜਨਰਲ, ਜੋ ਖ਼ੁਦ ਹੀ ਫ਼ੌਜਾਂ ਦਾ ਕਮਾਂਡਰ-ਇਨ-ਚੀਫ਼ ਵੀ ਸੀ, ਮਹਾਰਾਜੇ ਦੀ ਫ਼ੌਜੀ ਤਾਕਤ ਤੇ ਨਿਪੁੰਨਤਾ ਨੂੰ ਆਪਣੀ ਅੱਖੀਂ ਵੇਖਣਾ ਚਾਹੁੰਦਾ ਸੀ। ਯਾਕਮੋਂ ਲਿਖਦਾ ਹੈ ਕਿ ਸ਼ਾਇਦ ਲਾਰਡ ਵਿਲੀਅਮ, ਰਣਜੀਤ ਸਿੰਘ ਨੂੰ ਆਪਣੀ ਫ਼ੌਜੀ ਤਾਕਤ ਦਿਖਾ ਕੇ ਡਰਾਉਣਾ ਚਾਹੁੰਦਾ ਹੈ ਤੇ ਦੱਸਣਾ ਚਾਹੁੰਦਾ ਹੈ ਕਿ ਉਸ ਨੂੰ ਤਬਾਹ ਕਰਨਾ ਕਿੰਨਾਂ ਆਸਾਨ ਹੋਵੇਗਾ। ਇਕ ਖ਼ਿਆਲ ਇਹ ਹੈ ਕਿ ਚੂੰਕਿ ਇਸ ਵੇਲੇ ਰੂਸ ਦੇ ਈਰਾਨ ਵੱਲ ਵਧਣ ਦੇ ਖ਼ਿਆਲ ਉਡ ਰਹੇ ਸਨ, ਇਸ ਲਈ ਗਵਰਨਰ ਜਨਰਲ ਦੁਨੀਆਂ ਵਿਚ ਇਹ ਮਸ਼ਹੂਰ ਕਰਨਾ ਚਾਹੁੰਦਾ ਸੀ ਕਿ ਸਿੱਖਾਂ ਤੇ ਅੰਗ੍ਰੇਜ਼ਾਂ ਦੇ ਆਪਸ ਵਿਚ ਦੇ ਸੰਬੰਧ ਦੋਸਤਾਨਾ ਹਨ। ਲੁਡਲੋ ਲਿਖਦਾ ਹੈ ਕਿ ਇਸ ਮੁਲਾਕਾਤ ਵਿਚ ਸ਼ਾਹ ਸ਼ੁਜਾਹ ਦੇ ਅਫ਼ਗ਼ਾਨਿਸਤਾਨ ਉੱਤੇ ਹੱਲਾ ਕਰਨ ਦੇ ਸਵਾਲ ਸੰਬੰਧੀ ਫ਼ੈਸਲਾ ਕੀਤਾ ਗਿਆ ਸੀ ਤੇ ਇਸੇ ਅਨੁਸਾਰ ਜਨਵਰੀ 1833 ਵਿਚ ਸ਼ਾਹ ਸ਼ੁਜਾਹ ਨੇ ਅਫ਼ਗ਼ਾਨਿਸਤਾਨ ਉੱਤੇ ਚੜ੍ਹਾਈ ਕੀਤੀ ਸੀ। ਕੁਝ ਵੀ ਹੋਵੇ, ਇਸ ਮੁਲਾਕਾਤ ਤੋਂ ਛੇਤੀ ਹੀ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਨੂੰ

---

1. ਪ੍ਰਿੰਸੈਪ, *ਰਣਜੀਤ ਸਿੰਘ (1834)*, 159; ਲਤੀਫ਼, *ਹਿਸਟਰੀ ਔਫ਼ ਦੀ ਪੰਜਾਬ*, 454।

ਸਿੰਧ ਸੰਬੰਧੀ ਕੰਪਨੀ ਦੀ ਨਿਯਤ ਸਾਫ਼ ਨਾ ਰਹਿਣ ਦਾ ਖ਼ਿਆਲ ਪੈਦਾ ਹੋ ਗਿਆ ਸੀ ਅਤੇ ਆਪਸ ਦੇ ਤਅੱਲੁਕਾਤ ਪਹਿਲੇ ਜਿਤਨੇ ਨਿੱਘੇ ਨਹੀਂ ਸਨ ਰਹੇ।[1]

ਲਾਰਡ ਬੈਂਟਿੰਕ ਕੁਝ ਦਿਨ ਪਹਿਲਾਂ ਹੀ 22 ਅਕਤੂਬਰ ਨੂੰ ਰੋਪੜ ਆ ਪੁੱਜਾ। ਚੋਥੇ ਦਿਨ ਪਿੱਛੋਂ 25 ਦੀ ਸਵੇਰ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਦਰਿਆ ਦੇ ਦੂਸਰੇ ਪਾਸੇ ਪੁੱਜਣ ਤੋਂ ਝੱਬਦੇ ਹੀ ਪਿੱਛੋਂ ਲਾਰਡ ਬੈਂਟਿੰਕ ਵੱਲੋਂ ਇਕ ਡੈਪੂਟੇਸ਼ਨ ਉਨ੍ਹਾਂ ਪਾਸ ਸਲਾਮ ਲਈ ਪੁੱਜਾ। ਮਹਾਰਾਜੇ ਨੇ ਉਨ੍ਹਾਂ ਦਾ ਪੰਦਟਾਂ ਤੋਪਾਂ ਦੀ ਸਲਾਮੀ ਨਾਲ ਸੁਆਗਤ ਕੀਤਾ ਤੇ ਪਿੱਛੋਂ ਕੰਵਰ ਖੜਕ ਸਿੰਘ ਮਹਾਰਾਜਾ ਸਾਹਿਬ ਵੱਲੋਂ ਮੋੜਵੀਂ ਮੁਲਾਕਾਤ ਦੀ ਰਸਮ ਲਈ ਗਵਰਨਰ ਜਨਰਲ ਨੂੰ ਮਿਲੇ। ਇਸ ਵੇਲੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਕੰਵਰ ਸਾਹਿਬ ਦੇ ਨਾਲ ਸਨ ਤੇ ਸਰਦਾਰ ਹਰੀ ਸਿੰਘ ਨਲਵਾ, ਰਾਜਾ ਗੁਲਾਬ ਸਿੰਘ, ਰਾਜਾ ਸੰਗਤ ਸਿੰਘ ਨਾਭੇਵਾਲਾ ਤੇ ਸਰਦਾਰ ਅਤਰ ਸਿੰਘ ਸੰਧਾਵਾਲੀਆ ਵੀ ਉਨ੍ਹਾਂ ਦੇ ਨਾਲ ਗਏ। 26 ਤੋਂ 31 ਅਕਤੂਬਰ ਤਕ ਦੋਹਾਂ ਪਾਸਿਆਂ ਤੋਂ ਮੁਲਾਕਾਤਾਂ ਤੇ ਫ਼ੌਜੀ ਦੇਖ-ਦਿਖਾਵੇ ਹੁੰਦੇ ਰਹੇ। ਇਨ੍ਹਾਂ ਵਿਚ ਵੀ ਹਰ ਮੌਕੇ ਤੇ ਸਰਦਾਰ ਸ਼ਾਮ ਸਿੰਘ ਹੀ ਮੌਜੂਦ ਸਨ। ਮਹਾਰਾਜਾ ਰਣਜੀਤ ਸਿੰਘ ਨੂੰ ਚੂੰਕਿ ਕੰਪਨੀ ਦੀ ਨਿਯਤ ਸੰਬੰਧੀ ਸ਼ੱਕ ਸਨ, ਇਸ ਲਈ 31 ਅਕਤੂਬਰ ਨੂੰ ਗਵਰਨਰ ਜਨਰਲ ਵੱਲੋਂ ਮਹਾਰਾਜਾ ਸਾਹਿਬ ਨੂੰ ਇਕ ਦੋਸਤੀ-ਪੱਤ੍ਰ ਦਿੱਤਾ ਗਿਆ ਤੇ 1 ਨਵੰਬਰ ਨੂੰ ਛਿੜੋ-ਛਿੜੀ ਹੋ ਗਈ।[2]

ਇੱਥੇ ਮਹਾਰਾਜਾ ਸਾਹਿਬ ਨੇ ਅੰਗ੍ਰੇਜ਼ਾਂ ਪਾਸੋਂ ਸਿੰਧ ਸੰਬੰਧੀ ਉਨ੍ਹਾਂ ਦੀ ਨੀਅਤ ਤੇ ਇਰਾਦਿਆਂ ਦਾ ਪਤਾ ਕਰਨ ਦਾ ਯਤਨ ਕੀਤਾ। ਪਰ ਉਨ੍ਹਾਂ ਨੇ ਕੋਈ ਸਿਰ ਪੈਰ ਨਾ ਦੱਸਿਆ ਹਾਲਾਂਕਿ ਜਿਸ ਦਿਨ ਮਹਾਰਾਜਾ ਰੋਪੜ ਪੁੱਜਾ ਸੀ, ਉਸੇ ਦਿਨ ਹੀ ਕਰਨਲ ਪੋਟਿੰਜਰ ਨੂੰ ਹੁਕਮ ਦਿੱਤਾ ਗਿਆ ਸੀ ਕਿ ਹੈਦਰਾਬਾਦ ਜਾ ਕੇ ਮੀਰ ਮੁਰਾਦ ਅਲੀ ਨਾਲ ਤਜਾਰਤੀ ਇਕਰਾਰ-ਨਾਮਾ ਕਰੇ। ਪ੍ਰਿੰਸਪ ਲਿਖਦਾ ਹੈ ਕਿ ਹੋ ਸਕਦਾ ਹੈ ਕਿ ਗਵਰਨਰ ਜਨਰਲ ਨੂੰ ਰੂਸ ਦੇ ਈਰਾਨ ਵਿਚ ਆਪਣਾ ਰਸੂਖ ਜਮਾਉਣ ਵਿਚ ਕਾਮਯਾਬ ਹੋ ਜਾਣ ਦੀ ਹਾਲਤ ਵਿਚ ਉਸ ਦੇ ਮਨੋਰਥਾਂ ਵਿਰੁੱਧ ਤਿਆਰ ਰਹਿਣ ਦੀ ਲੋੜ ਮਹਿਸੂਸ ਹੋਈ ਹੋਵੇ। ਇਸ ਲਈ ਸਿੰਧੀਆਂ ਨਾਲ ਗੱਲ-ਬਾਤ ਸ਼ਾਇਦ ਕਿਸੇ ਹੱਦ ਤਕ ਰਾਜਸੀ ਹੀ ਹੋਵੇ, ਪਰ ਗਵਰਨਰ ਜਨਰਲ ਇਹ ਗੱਲ ਮੰਨ ਲੈਣ ਜਾਂ ਇਹੋ ਜਿਹੇ ਮਨੋਰਥਾਂ ਨੂੰ ਜ਼ਾਹਰ ਕਰਨ ਲਈ ਤਿਆਰ ਨਹੀਂ ਸੀ। ਇਸ ਲਈ ਸਿੰਧ ਦਰਿਆ ਦੇ ਕੰਢਿਆਂ ਉੱਪਰਲੀਆਂ ਹਕੂਮਤਾਂ ਤੇ

---

1. ਬਾਸੂ, *ਰਾਈਜ਼ ਔਫ਼ ਦੀ ਕਰਿਸਚੀਅਨ ਪਾਵਰ ਇਨ ਇੰਡੀਆ*, ਜਿਲਦ 4, ਪੰਨਾ 480; ਯਾਕਮੋਂ, *ਲੈਟਰਜ਼ ਫ਼ਰੋਮ ਇੰਡੀਆ* (1834), ਜਿਲਦ ਦੂਸਰੀ, 112, 255; ਲਤੀਫ਼, *ਪੰਜਾਬ*, 454 ਲੁਡਲੋ, *ਬ੍ਰਿਟਿਸ਼ ਇੰਡੀਆ*, ਜਿਲਦ ਦੂਸਰੀ, 90।

2. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, ਹਿੱਸਾ ਅੱਵਲ 84-103; ਪ੍ਰਿੰਸੈਪ, *ਰਣਜੀਤ ਸਿੰਘ*, 162-67; ਲਤੀਫ਼, *ਹਿਸਟਰੀ ਔਫ਼ ਦੀ ਪੰਜਾਬ*, 451-55, ਜੇ. ਬੀ. ਫਰੇਜ਼ਰ ਨੇ ਆਪਣੀ ਕਿਤਾਬ *'ਮਿਲਿਟਰੀ ਮੈਮੋਇਰ ਔਫ ਲੈਫ਼ਟਿਨੈਂਟ-ਕਰਨਲ ਜੇਮਜ਼ ਸਕਿੱਨਰ'* ਵਿਚ ਇਸ ਮੁਲਾਕਾਤ ਦਾ ਚੰਗਾ ਹਾਲ ਦਿੱਤਾ ਹੈ। ਸਕਿੱਨਰ-ਆਪ ਇੱਥੇ ਮੌਜੂਦ ਸੀ। ਦੇਖੋ ਜਿਲਦ 2, ਪੰਨਾ 207-18।

ਹਾਕਮਾਂ ਨਾਲ ਸੰਬੰਧ ਪੈਦਾ ਕਰਨਾ ਦਾ ਚੰਗਾ ਤਰੀਕਾ ਦਰਿਆ ਦੀ ਜਹਾਜ਼ਰਾਨੀ ਲਈ ਖੁੱਲ੍ਹ ਦੀਆਂ ਸ਼ਰਤਾਂ ਵਾਲਾ ਅਹਿਦਨਾਮਾ ਹੀ ਦਿਸਿਆ।[1]

ਅੰਗ੍ਰੇਜ਼ਾਂ ਵੱਲੋਂ ਮਹਾਰਾਜਾ ਸਾਹਿਬ ਨਾਲ ਸਿੰਧ ਦੇ ਮਾਮਲੇ ਵਿਚ ਵਰਤੀ ਗਈ ਬੇਰੁਖੀ ਤੇ ਲੁਕਵੀਂ ਚਾਲ ਨੇ ਉਸ ਦੇ ਦਿਲ ਨੂੰ ਕੁਝ ਖੱਟਾ ਕਰ ਦਿੱਤਾ। 11 ਜਨਵਰੀ 1832 ਦੀ ਚਿੱਠੀ ਵਿਚ ਯਾਕਮੋਂ ਲਿਖਦਾ ਹੈ ਕਿ "ਰਣਜੀਤ ਸਿੰਘ ਤੇ ਗਵਰਨਮੈਂਟ ਅੰਗ੍ਰੇਜ਼ੀ ਦੇ ਤਅੱਲੁਕਾਤ ਰੁੱਖੇ ਜਿਹੇ ਹਨ। ਅੰਗ੍ਰੇਜ਼ ਆਪਣਾ ਵਪਾਰ ਉਸ ਪਾਸੇ ਵਧਾਉਣ ਲਈ ਹੇਠਲੇ ਸਿੰਧ ਉੱਤੇ ਕਬਜ਼ਾ ਕਰਨਾ ਚਾਹੁੰਦੇ ਹਨ ਤੇ ਇਸ ਦੀ ਰਾਖੀ ਕਰਨ ਲਈ ਉਨ੍ਹਾਂ ਨੂੰ ਇਸ ਦੇ ਕੰਢਿਆਂ ਉੱਤੇ ਫ਼ੌਜੀ ਚੌਕੀਆਂ ਜ਼ਰੂਰ ਕਾਇਮ ਕਰਨੀਆਂ ਪੈਣਗੀਆਂ। ਰਣਜੀਤ ਸਿੰਘ ਇਸ ਨੂੰ ਬੰਦ ਨਹੀਂ ਕਰ ਸਕਦਾ ਅਤੇ ਜਿਸ ਗੱਲ ਨੂੰ ਉਹ ਰੋਕ ਨਹੀਂ ਸਕਦਾ, ਉਹ ਉਸ ਨੂੰ ਸਹਿਣੀ ਪੈ ਰਹੀ ਹੈ, ਇਸ ਲਈ ਉਸ ਨੂੰ ਰੋਹ ਹੈ।[2]

ਸੱਯਦ ਅਹਿਮਦ ਬਰੇਲਵੀ ਦੇ ਵਿਰੁੱਧ ਮੁਹਿੰਮਾਂ ਵਿਚ ਸਰਕਾਰ ਦੀ ਜੋ ਸੇਵਾ ਸਰਦਾਰ ਸ਼ਾਮ ਸਿੰਘ ਨੇ ਕੀਤੀ ਸੀ, ਮਹਾਰਾਜਾ ਸਾਹਿਬ ਉਸ ਨਾਲ ਬਹੁਤ ਹੀ ਪ੍ਰਸੰਨ ਸਨ। ਹੁਣ ਰੋਪੜ ਦੀ ਮੁਲਾਕਾਤ ਵਿਚ ਵੀ ਉਨ੍ਹਾਂ ਦਾ ਕੰਮ ਬੜਾ ਸਲਾਹਿਆ ਗਿਆ। ਇਸ ਲਈ ਮੱਘਰ ਸੰਮਤ 1888 ਬਿਕ੍ਰਮੀ ਦੇ ਅਖ਼ੀਰ, ਦਸੰਬਰ 1831 ਦੇ ਦੂਸਰੇ ਹਫ਼ਤੇ, ਮਹਾਰਾਜਾ ਸਾਹਿਬ ਨੇ ਚੋਟਾਹਲੇ ਦਾ ਤਅੱਲੁਕਾ ਅੱਠ ਹਜ਼ਾਰ ਰੁਪਏ ਸਾਲਾਨਾ ਠੇਕੇ ਤੇ ਅਤੇ ਖੇਮ-ਕਰਨ ਪੰਜ ਹਜ਼ਾਰ ਸਾਲਾਨਾ ਠੇਕੇ ਤੇ ਸਿੱਕੇ ਅਤੇ ਸ਼ੋਰੇ (ਸੁਰਬ ਵਾ ਬਾਰੂਤ) ਲਈ ਸਰਦਾਰ ਸ਼ਾਮ ਸਿੰਘ ਨੂੰ ਦਿੱਤੇ ਤੇ ਨਾਲ ਹੀ ਤਾਕੀਦੀ ਹੁਕਮ ਕੀਤਾ ਕਿ ਠੇਕੇ ਦਾ ਰੁਪਇਆ ਬਰਾਬਰ ਵਰ੍ਹੇ ਦੇ ਵਰ੍ਹੇ ਸਰਕਾਰੀ ਖ਼ਜ਼ਾਨੇ ਵਿਚ ਪੁੱਜਦਾ ਰਹੇ।[3]

---

1. ਪ੍ਰਿੰਸੈਪ, *ਰਣਜੀਤ ਸਿੰਘ*, 167-68।
2. ਵਿਕਟੋਰ ਯਾਕਮੋਂ (Victor Jacquemont), *ਲੈਟਰਜ਼ ਫ਼ਰੌਮ ਇੰਡੀਆ* (1834), ਜਿਲਦ ਦੂਸਰੀ, 255-56।
3. ਸੋਹਨ ਲਾਲ, *ਉਮਦਾਤੁ-ਤਵਾਰੀਖ਼*, *ਦਫ਼ਤਰ ਸੋਮ*, *ਹਿੱਸਾ ਅਵੱਲ*, *112*।

# ਅਲੈਗਜ਼ੈਂਡਰ ਬਰਨਜ਼ ਦਾ ਮੁੜ ਸੁਆਗਤ

ਦਸੰਬਰ 1831 ਦੇ ਅਖ਼ੀਰ ਵਿਚ ਲੈਫ਼ਟਿਨੈਂਟ ਅਲੈਗਜ਼ੈਂਡਰ ਬਰਨਜ ਨੂੰ ਲਾਰਡ ਵਿਲੀਅਮ ਬੈਂਟਿੰਕ ਵੱਲੋਂ ਮੱਧ-ਏਸ਼ੀਆ ਨੂੰ ਜਾਣ ਦੀ ਆਗਿਆ ਮਿਲ ਗਈ ਤੇ ਉਹ 23 ਦਸੰਬਰ ਨੂੰ ਦਿੱਲੀ ਤੋਂ ਲੁਧਿਆਣੇ ਨੂੰ ਤੁਰ ਪਿਆ। ਜਿੱਥੇ ਕਿ ਉਸ ਨੂੰ ਉਸ ਦੇ ਸਾਥੀ-ਮੁਸਾਫ਼ਰ ਜੇਮਜ਼ ਜੈਗਰਡ ਮਿਲ ਪਿਆ। 2 ਜਨਵਰੀ 1832 ਨੂੰ ਬਰਨਜ਼ ਲੁਧਿਆਣੇ ਤੋਂ ਹਰੀ ਕੇ ਪੱਤਣ ਨੂੰ ਤੁਰਿਆ, ਜਿੱਥੋਂ ਕਿ ਇਸ ਨੇ ਪੰਜਾਬ ਵਿਚ ਦਾਖ਼ਲ ਹੋਣਾ ਸੀ।

ਬਰਨਜ਼ ਨੇ ਪੰਜਾਬ ਵਿਚ ਦੀ ਲੰਘਣ ਦੀ ਆਗਿਆ ਲਈ ਮਹਾਰਾਜਾ ਸਾਹਿਬ ਨੂੰ ਅਰਜ਼ੀ ਭੇਜੀ। ਮਹਾਰਾਜਾ ਸਾਹਿਬ ਨੇ ਆਗਿਆ ਦੇ ਦਿੱਤੀ ਅਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੂੰ ਉਸ ਦੀ ਆਓ-ਭਗਤ ਲਈ ਹਰੀ ਕੇ ਪੱਤਣ ਭੇਜ ਦਿੱਤਾ। 11 ਜਨਵਰੀ ਨੂੰ ਬਰਨਜ਼ ਘਾਟ ਦੀਆਂ ਬੇੜੀਆਂ ਰਾਹੀਂ ਹਰੀ ਕੇ ਪੱਤਣ ਤੋਂ ਦਰਿਆ ਪਾਰ ਹੋਇਆ। ਸਰਦਾਰ ਸ਼ਾਮ ਸਿੰਘ ਸੁਆਗਤ ਲਈ ਅੱਗੇ ਮੌਜੂਦ ਸਨ। ਉਨ੍ਹਾਂ ਨੇ ਦੇਸ਼ ਦੇ ਰਿਵਾਜ ਅਨੁਸਾਰ ਇਕ ਕਮਾਨ ਤੇ ਦੋ ਥੈਲੀਆਂ ਰੁਪਈਆਂ ਦੀਆਂ ਪੇਸ਼ ਕੀਤੀਆਂ, ਪਰ ਬਰਨਜ਼ ਨੇ ਧੰਨਵਾਦ ਕਰ ਕੇ ਮੋੜ ਦਿੱਤੀਆਂ। ਸਰਦਾਰ ਸ਼ਾਮ ਸਿੰਘ ਨੇ ਦੱਸਿਆ ਕਿ ਇੱਥੇ ਚੂੰਕਿ ਨਿਹੰਗ ਸਿੰਘਾਂ ਤੋਂ ਡਰ ਹੈ, ਇਸ ਲਈ ਮਹਾਰਾਜਾ ਸਾਹਿਬ ਨੇ ਮੈਨੂੰ ਭੇਜਿਆ ਹੈ।

ਮੁਨਸ਼ੀ ਸੋਹਨ ਲਾਲ ਲਿਖਦਾ ਹੈ ਕਿ ਮਾਘ ਦੀ ਸੰਗਰਾਂਦ 12 ਜਨਵਰੀ ਨੂੰ ਲਾਹੌਰ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਬੇਨਤੀ ਹੋਈ ਕਿ ਹਰੀ ਕੇ ਪੱਤਣ ਉੱਤੇ ਅਕਾਲੀ ਸਿੰਘ ਕਾਫ਼ੀ ਗਿਣਤੀ ਵਿਚ ਇਕੱਠੇ ਹੋਏ ਹੋਏ ਹਨ, ਜਿੱਥੋਂ ਦੀ ਸਾਹਿਬ ਲੋਕ ਲੰਘਣ ਵਾਲੇ ਹਨ। ਇਸ ਉੱਤੇ ਮਹਾਰਾਜਾ ਸਾਹਿਬ ਨੇ ਸਰਦਾਰ ਤੇਜ ਸਿੰਘ ਨੂੰ ਹੁਕਮ ਦਿੱਤਾ ਕਿ ਇਕ ਰਜਬਣ ਘੋੜ-ਚੜ੍ਹਿਆਂ ਦੀ ਤੇ ਕੁਝ ਕੰਪਨੀਆਂ ਦੂਸਰੀਆਂ ਲੈ ਕੇ ਉਧਰ ਜਾਵੇ।

ਪਰ ਬਰਨਜ਼ ਤਾਂ 11 ਜਨਵਰੀ ਨੂੰ ਪਤਣੋਂ ਲੰਘ ਕੇ ਸਰਦਾਰ ਸ਼ਾਮ ਸਿੰਘ ਨੂੰ ਮਿਲ ਪਿਆ ਸੀ ਤੇ ਉਨ੍ਹਾਂ ਦੇ ਨਾਲ ਹੀ ਪੱਟੀ ਦੇ ਰਸਤੇ 14 ਜਨਵਰੀ ਨੂੰ ਭੜਾਣੇ ਪੁੱਜ ਗਿਆ। ਇੱਥੇ ਸਰਦਾਰ ਜੁਆਲਾ ਸਿੰਘ ਭੜਾਣੀਏ ਨੇ ਉਨ੍ਹਾਂ ਦੀ ਬੜੀ ਖ਼ਾਤਰ ਤਵਾਜ਼ਿਆ ਕੀਤੀ।

17 ਜਨਵਰੀ ਨੂੰ ਇਹ ਪਾਰਟੀ ਲਾਹੌਰ ਪਹੁੰਚੀ, ਤੇ 25 ਦਿਨ ਮਹਾਰਾਜਾ ਦੇ ਪਰਾਹੁਣੇ

ਰਹਿ ਕੇ ਬਰਨਜ਼ ਤੇ ਉਸ ਦੇ ਸਾਥੀ 11 ਫ਼ਰਵਰੀ 1832 ਨੂੰ ਲਾਹੌਰੋਂ ਅੱਗੇ ਨੂੰ ਤੁਰ ਗਏ। ਬਰਨਜ਼ ਦੀ ਆਓ-ਭਗਤ ਤੋਂ ਵੇਹਲੇ ਹੁੰਦੇ ਸਾਰ ਹੀ ਸਰਦਾਰ ਸ਼ਾਮ ਸਿੰਘ ਨੂੰ ਕੰਵਰ ਖੜਕ ਸਿੰਘ ਦੀ ਸਹਾਇਤਾ ਲਈ ਡੇਰਾ ਗ਼ਾਜ਼ੀ ਖ਼ਾਨ ਵੱਲ ਜਾਣ ਦਾ ਹੁਕਮ ਹੋਇਆ।[1]




---

1. ਬਰਨਜ਼, *ਟਰੈਵਲਜ ਇੰਟੂ ਬੁਖ਼ਾਰਾ*, ਜਿਲਦ 1, 1-33; ਮੋਹਨ ਲਾਲ, *ਟਰੈਵਲਜ਼*, 9-19, ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, ਹਿੱਸਾ ਅਵੱਲ, 118।

# ਸੰਗੜ (ਡੇਰਾ ਗਾਜ਼ੀ ਖ਼ਾਨ) ਦੀ ਮੁਹਿੰਮ

ਪੋਹ 1888 ਦੀ ਸੰਗ੍ਰਾਂਦ, 14 ਦਸੰਬਰ 1831, ਦੇ ਦਿਨ ਮਹਾਰਾਜਾ ਸਾਹਿਬ ਨੇ ਕੰਵਰ ਖੜਕ ਸਿੰਘ ਨੂੰ ਸੁਨਹਿਰੀ ਕਾਠੀ ਸਣੇ ਇਕ ਘੋੜੇ, ਇਕ ਸ਼ਮਸ਼ੇਰ ਤੇ ਦੁਸ਼ਾਲਾ ਬਖ਼ਸ਼ ਕੇ ਬਹਾਵਲਪੁਰ ਤੇ ਮੁਲਤਾਨ ਵੱਲ ਉਗ੍ਰਾਹੀ ਲਈ ਜਾਣ ਵਾਸਤੇ ਹੁਕਮ ਕੀਤਾ ਸੀ ਅਤੇ ਸਰਦਾਰ ਗੰਡਾ ਸਿੰਘ ਬਸਤਰੀ ਨੂੰ ਆਗਿਆ ਹੋਈ ਕਿ ਉਹ ਕੁਝ ਮਜ਼ਲਾਂ ਕੰਵਰ ਸਾਹਿਬ ਦੇ ਨਾਲ ਜਾਵੇ ਤੇ ਉਨ੍ਹਾਂ ਨੂੰ ਅੱਗੇ ਨੂੰ ਤੋਰ ਕੇ ਮੁੜ ਆਵੇ।

ਦਸੰਬਰ 1839 ਦੇ ਅਖ਼ੀਰਲੇ ਦਿਨ ਜਾਂ ਜਨਵਰੀ 1832 ਦੇ ਪਹਿਲੇ ਦਿਨੀਂ (18 ਪੋਹ ਤੋਂ 22 ਪੋਹ, 1888 ਬਿਕ੍ਰਮੀ) ਮਹਾਰਾਜਾ ਨੇ ਸਰਦਾਰ ਸ਼ਾਮ ਸਿੰਘ ਅਤੇ ਸਰਦਾਰ ਚੜ੍ਹਤ ਸਿੰਘ ਤੇ ਲਖਮੀਰ ਸਿੰਘ ਨੂੰ ਵੀ ਆਗਿਆ ਕੀਤੀ ਸੀ ਕਿ ਜਲਦੀ ਕੰਵਰ ਖੜਕ ਸਿੰਘ ਨਾਲ ਸ਼ਾਮਲ ਹੋ ਕੇ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਨ। ਪਰ ਬਰਨਜ਼ ਦੇ ਸਵਾਗਤ ਲਈ ਹਰੀ ਕੇ ਪੱਤਣ ਜਾਣਾ ਪੈ ਜਾਣ ਕਰ ਕੇ ਕੁਝ ਦਿਨ ਦਾ ਅਟਕਾ ਪੈ ਗਿਆ। ਉਥੋਂ ਮੁੜਨ ਪਰ ਛੇਤੀ ਹੀ ਸਰਦਾਰ ਜੀ ਕੰਵਰ ਸਾਹਿਬ ਦੀ ਸਹਾਇਤਾ ਲਈ ਰਵਾਨਾ ਹੋ ਗਏ। 3 ਫੱਗਣ 1888 (12 ਫ਼ਰਵਰੀ 1832) ਨੂੰ ਮਹਾਰਾਜਾ ਸਾਹਿਬ ਨੂੰ ਕੰਵਰ ਖੜਕ ਸਿੰਘ ਵੱਲੋਂ ਇਤਲਾਹ ਪੁੱਜੀ ਕਿ ਉਹ ਸੰਗੜ (ਜ਼ਿਲਾ ਡੇਰਾ ਗ਼ਾਜ਼ੀ ਖ਼ਾਨ) ਦੀ ਹੱਦ ਵਿਚ ਪਹੁੰਚ ਗਏ ਹਨ ਤੇ ਅਸਦ ਖ਼ਾਨ ਸੰਗੜਵਾਲਾ ਇਲਾਕਾ ਛੱਡ ਕੇ ਭੱਜ ਗਿਆ ਹੈ। ਜਵਾਬ ਵਿਚ ਮਹਾਰਾਜਾ ਸਾਹਿਬ ਵੱਲੋਂ ਲਿਖਿਆ ਗਿਆ ਕਿ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਤੇ ਦੀਵਾਨ ਕਿਰਪਾ ਰਾਮ ਨੂੰ ਉਨ੍ਹਾਂ ਦੀ ਮਦਦ ਲਈ ਭੇਜਿਆ ਜਾ ਚੁੱਕਿਆ ਹੈ ਤੇ ਦੀਵਾਨ ਸਾਵਨ ਮੱਲ ਗਵਰਨਰ ਮੁਲਤਾਨ ਦੇ ਨਾਮ ਤਾਕੀਦੀ ਹੁਕਮ ਜਾਰੀ ਕਰ ਦਿੱਤੇ ਗਏ ਹਨ ਕਿ ਸੌ ਕੁ ਆਦਮੀ ਮੁਲਤਾਨ ਦੀ ਹਿਫ਼ਾਜ਼ਤ ਲਈ ਰੱਖ ਕੇ ਬਾਕੀ ਸਾਰੀ ਫ਼ੌਜ ਕੰਵਰ ਸਾਹਿਬ ਦੀ ਸਹਾਇਤਾ ਲਈ ਭੇਜ ਦਿੱਤੀ ਜਾਵੇ, ਅਤੇ ਜਿਹੜਾ ਅਸਦ ਖ਼ਾਨ ਨੂੰ ਹਾਜ਼ਰ ਕਰੇਗਾ ਸੰਗੜ ਉਸੇ ਨੂੰ ਬਖ਼ਸ਼ ਦਿੱਤਾ ਜਾਵੇਗਾ।

10 ਫੱਗਣ 26 ਫ਼ਰਵਰੀ ਸੰਨ 1832, ਨੂੰ ਕੰਵਰ ਸਾਹਿਬ ਵੱਲੋਂ ਖ਼ਬਰ ਆਈ ਕਿ ਵੈਂਤੁਰਾ ਸਾਹਿਬ ਤੇ ਸਰਦਾਰ ਅਤਰ ਸਿੰਘ ਸੰਧਾਂਵਾਲੀਏ ਨੂੰ ਅਸਦ ਖ਼ਾਨ ਨੂੰ ਫੜਨ ਲਈ ਨੀਯਤ ਕੀਤਾ ਗਿਆ ਹੈ। ਸੰਗੜ ਦੀ ਲੁੱਟ ਵਿਚ ਹੱਥ ਲੱਗਾ ਮਾਲ ਅਸਬਾਬ ਅਤੇ ਸੰਗੜ ਵੈਂਤੂਰੇ ਨੂੰ ਬਖ਼ਸ਼ ਦਿੱਤਾ ਹੈ ਤੇ ਉਸ ਦੀ ਦੇਖ ਭਾਲ ਸਰਦਾਰ ਸ਼ਾਮ ਸਿੰਘ ਦੇ ਸਪੁਰਦ ਕਰ ਦਿੱਤੀ ਗਈ ਹੈ। ਨਾਲ ਹੀ ਇਹ ਵੀ ਖ਼ਬਰ ਸੀ ਕਿ ਗੰਗਾ ਸਿੰਘ ਨੂੰ ਬਹਾਵਲਪੁਰੀਏ

ਨਵਾਬ ਪਾਸ ਭੇਜਿਆ ਸੀ ਤੇ ਉਧਰੋਂ ਚਮਨ ਲਾਲ ਅਤੇ ਖ਼ੁਦ ਕੰਵਰ ਸਾਹਿਬ ਡੇਰਾ ਇਸਮਾਈਲ ਖ਼ਾਨ ਦੀ ਉਗ੍ਰਾਹੀ ਲਈ ਜਾ ਰਹੇ ਸਨ। ਉੱਤਰ ਵਿਚ ਮਹਾਰਾਜਾ ਸਾਹਿਬ ਨੇ ਹੁਕਮ ਦਿੱਤਾ ਕਿ ਡੇਰੇ ਤੋਂ ਨਜ਼ਰਾਨਾ ਲੈ ਕੇ ਲਾਹੌਰ ਨੂੰ ਮੁੜ ਆਓ।[1] 7 ਚੇਤ੍ਰ ਸੰਮਤ 1888 ਬਿਕ੍ਰਮੀ, 17 ਮਾਰਚ ਸੰਨ 1832, ਨੂੰ ਮਹਾਰਾਜਾ ਸਾਹਿਬ ਨੇ ਦੀਵਾਨ ਕਿਰਪਾ ਰਾਮ ਦੇ ਨਾਮ ਪਰਵਾਨਾ ਜਾਰੀ ਕੀਤਾ ਕਿ ਜਲਦੀ ਜਲਦੀ ਮਜ਼ਲਾਂ ਮਾਰ ਕੇ ਵੈਂਤੂਰਾ ਸਾਹਿਬ ਪਾਸ ਪੁੱਜਣ ਤੇ ਸਲਾਹ ਮਸ਼ਵਰਾ ਦੇ ਕੇ ਇਲਾਕੇ ਦੇ ਪ੍ਰਬੰਧ ਵਿਚ ਸਹਾਇਤਾ ਕਰਨ। ਇਸੇ ਤਰ੍ਹਾਂ ਸਰਦਾਰ ਸ਼ਾਮ ਸਿੰਘ ਨੂੰ ਹੁਕਮ ਹੋਇਆ ਕਿ ਉਹ ਤਨ-ਦੇਹੀ ਨਾਲ ਦੀਵਾਨ ਕਿਰਪਾ ਰਾਮ ਦੀ ਸਹਾਇਤਾ ਕਰਨ ਜਿਸ ਦੇ ਬਦਲੇ ਸੰਗੜ੍ਹਵਾਲੇ ਤੋਂ ਪੁਰਾਣਾ ਬਾਕੀ ਤੇ ਹੁਣ ਦਾ ਨਜ਼ਰਾਨਾ ਵਸੂਲ ਕਰ ਕੇ ਸੰਗੜ੍ਹ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਜਾਵੇਗਾ।

14 ਅਸੂ 1889, 27 ਸਤੰਬਰ 1832 ਨੂੰ ਮਹਾਰਾਜਾ ਸਾਹਿਬ ਨੇ ਡੇਰਾ ਇਸਮਾਈਲ ਖ਼ਾਨ ਦੇ ਨਵਾਬ ਸ਼ਾਹ ਨਵਾਜ਼ ਖ਼ਾਨ ਮਨਕੇਰੇ ਵਾਲੇ ਦੇ ਵਕੀਲ ਸਕੰਦਰ ਖ਼ਾਨ ਨੂੰ ਪੁੱਛਿਆ ਕਿ ਨਵਾਬ ਇਸ ਵੇਲੇ ਕਿੱਥੇ ਹੈ। ਉੱਤਰ ਵਿਚ ਸਕੰਦਰ ਖ਼ਾਨ ਨੇ ਹਜ਼ੂਰ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਨਵਾਬ ਸਾਹਿਬ ਇਸ ਵੇਲੇ ਡੇਰਾ ਇਸਮਾਈਲ ਖ਼ਾਨ ਹਨ ਅਤੇ ਦੁਸਹਿਰੇ ਤੋਂ ਬਾਅਦ ਅਸਦ ਖ਼ਾਨ ਸੰਗੜ੍ਹਵਾਲੇ ਨੂੰ ਨਾਲ ਲੈ ਕੇ ਹਜ਼ੂਰ ਦੀ ਖ਼ਿਦਮਤ ਵਿਚ ਹਾਜ਼ਰ ਹੋਣਗੇ। 27 ਮੱਘਰ, 9 ਦਸੰਬਰ ਨੂੰ ਨਵਾਬ ਸ਼ਾਹ ਨਵਾਜ਼ ਖ਼ਾਨ ਮਨਕੇਰੇਵਾਲੇ ਹਾਕਮ ਡੇਰਾ ਗਾਜ਼ੀਖ਼ਾਨ ਦੇ ਨਾਮ ਪਰਵਾਨਾ ਭੇਜਿਆ ਗਿਆ ਕਿ ਅਸਦ ਖ਼ਾਨ ਨੂੰ ਛੇਤੀ ਤੋਂ ਛੇਤੀ ਹਾਜ਼ਰ ਕਰਨਾ ਚਾਹੀਦਾ ਹੈ ਅਤੇ ਵੈਂਤੂਰਾ ਸਾਹਿਬ ਨੂੰ ਲਿਖਿਆ ਗਿਆ ਕਿ ਸਰਦਾਰ ਦੌਰੇ ਤੋਂ ਲਾਹੌਰ ਮੁੜ ਆਏ ਹਨ ਤੇ ਸਰਦਾਰ ਸ਼ਾਮ ਸਿੰਘ ਨੂੰ ਇੱਥੇ ਭੇਜ ਦਿੱਤਾ ਜਾਵੇ। ਇਸ ਤੋਂ ਛੇਤੀ ਹੀ ਪਿੱਛੋਂ ਸਰਦਾਰ ਸ਼ਾਮ ਸਿੰਘ ਜੀ ਲਾਹੌਰ ਮੁੜ ਆਏ। 12 ਹਾੜ 1890, 23 ਜੂਨ 1833 ਨੂੰ ਜਦ ਮਹਾਰਾਜਾ ਸਾਹਿਬ ਦੌਰੇ ਤੋਂ ਲਾਹੌਰ ਪੁੱਜੇ ਤਾਂ ਵੈਂਤੂਰੇ ਨੇ ਨਜ਼ਰ ਪੇਸ਼ ਕੀਤੀ ਤੇ ਸਰਦਾਰ ਗੰਡਾ ਸਿੰਘ ਬਸਤਰੀ ਤੇ ਗਿਆਨ ਸਿੰਘ ਅਸਦ ਖ਼ਾਨ ਨੂੰ ਨਾਲ ਲੈ ਕੇ ਹਾਜ਼ਰ ਹੋਏ। ਮਹਾਰਾਜੇ ਨੇ ਅਸਦ ਖ਼ਾਨ ਨੂੰ ਸ਼ਾਹੀ ਮਸਜਦ ਵਿਚ ਉਤਾਰਾ ਦਿੱਤਾ।[2]

---

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, ਹਿੱਸਾ ਅਵੱਲ, 113, 116, 128, 130-31.
2. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, ਹਿੱਸਾ ਦੋਮ, 134, 150, 159, 172-73।

# ਮਹਾਰਾਜੇ ਦੀ ਨਾਰਾਜ਼ਗੀ

ਪਤਾ ਨਹੀਂ ਕਿਉਂ, ਪਰ ਮਾਲੂਮ ਹੁੰਦਾ ਹੈ ਕਿ ਇਨ੍ਹੀਂ ਦਿਨੀਂ ਕਿਸੇ ਕਾਰਨ ਕਰ ਕੇ ਮਹਾਰਾਜਾ ਸਾਹਿਬ ਸਰਦਾਰ ਸ਼ਾਮ ਸਿੰਘ ਨਾਲ ਨਾਰਾਜ਼ ਸਨ ਤੇ ਉਨ੍ਹਾਂ ਨੇ ਸਰਦਾਰ ਤੇਜ ਸਿੰਘ ਨੂੰ ਹੁਕਮ ਦਿੱਤਾ ਹੋਇਆ ਸੀ ਕਿ ਪਸਰੂਰ ਦੇ ਨਜ਼ਦੀਕ ਕਲਾਲਵਾਲੇ ਇਲਾਕੇ ਵਿਚ ਸਰਦਾਰ ਸ਼ਾਮ ਸਿੰਘ ਦੇ ਨਵੇਂ ਬਣਾਏ ਕਿਲ੍ਹੇ ਨੂੰ ਢਾ ਦੇਵੇ। ਚੜ੍ਹਦੇ ਹਾੜ੍ਹ ਸਰਦਾਰ ਤੇਜ ਸਿੰਘ ਛੇ ਪਲਟਣਾਂ ਅਤੇ ਗਿਆਰਾਂ ਤੋਪਾਂ ਤੇ ਜ਼ੰਬੂਰੇ ਲੈ ਕੇ ਕਿਲ੍ਹਾ ਢਾਉਣ ਲਈ ਉੱਥੇ ਪੁੱਜਾ ਹੋਇਆ ਸੀ। ਉਸ ਦੇ ਨਾਮ12-13 ਹਾੜ੍ਹ, 23-24 ਜੂਨ ਸੰਨ 1833, ਦੇ ਲਾਗੇ ਪ੍ਰਵਾਨਾ ਜਾਰੀ ਹੋਇਆ ਕਿ ਸਰਦਾਰ ਸ਼ਾਮ ਸਿੰਘ ਪਾਸੋਂ ਸੋਲਾਂ ਹਜ਼ਾਰ ਰੁਪਇਆ ਨਜ਼ਰਾਨਾ ਵਸੂਲ ਕਰ ਲਵੇ ਤੇ ਬੁਰਜ ਢਾ ਦੇਵੇ।

18 ਹਾੜ੍ਹ 29 ਜੂਨ, ਦੇ ਲਾਗੇ ਜਮਾਂਦਾਰ ਖ਼ੁਸ਼ਾਲ ਸਿੰਘ ਦੀ ਅਰਜ਼ੀ ਮਹਾਰਾਜਾ ਸਾਹਿਬ ਦੇ ਹਜ਼ੂਰ ਪੇਸ਼ ਹੋਈ ਜਿਸ ਵਿਚ ਉਸ ਨੇ ਸਰਦਾਰ ਸ਼ਾਮ ਸਿੰਘ ਨੂੰ ਮਾਫ਼ੀ ਦੇਣ ਲਈ ਬੇਨਤੀ ਕੀਤੀ ਹੋਈ ਸੀ। ਇਸ ਦੇ ਪਿੱਛੋਂ ਖ਼ੁਦ ਸਰਦਾਰ ਸ਼ਾਮ ਸਿੰਘ ਵੀ ਹਾਜ਼ਰ ਹੋਏ ਤੇ ਇਕ ਘੋੜਾ ਸੁਨਹਿਰੀ ਕਾਠੀ ਵਾਲਾ ਤੇ ਇੱਕੀ ਸੁਨਹਿਰੀ ਬੁਤਕੀਆਂ ਨਜ਼ਰ ਗੁਜ਼ਾਰੀ ਤੇ ਮਹਾਰਾਜਾ ਸਾਹਿਬ ਨੇ ਉਨ੍ਹਾਂ ਦੀ ਤਕਸੀਰ ਮੁਆਫ਼ ਕਰ ਦਿੱਤੀ।[1]

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, ਹਿੱਸਾ ਦੋਮ, 173-174।

# ਬੰਨੂ ਦੀ ਮੁਹਿੰਮ

ਚੜ੍ਹਦੇ ਮਾਘ ਸੰਮਤ 1890 (ਅੱਧ ਜਨਵਰੀ ਸੰਨ 1834) ਵਿਚ ਮਹਾਰਾਜਾ ਸਾਹਿਬ ਨੇ ਦੀਵਾਨ ਤਾਰਾ ਚੰਦ ਨੂੰ ਬੰਨੂ ਟਾਂਕ ਵੱਲ ਉਗ੍ਰਾਹੀ ਲਈ ਜਾਣ ਦਾ ਹੁਕਮ ਦਿੱਤਾ। ਫੱਗਣ ਦੇ ਆਖ਼ੀਰ ਜਾਂ ਚੜ੍ਹਦੇ ਚੇਤ ਸੰਮਤ 1891 (ਮਾਰਚ 1834 ਦੇ ਦੂਸਰੇ ਤੀਸਰੇ ਹਫ਼ਤੇ) ਦੀਵਾਨ ਤਾਰਾ ਚੰਦ ਦੀ ਅਰਜ਼ੀ ਆਈ ਕਿ ਡੇਰਾ ਇਸਮਾਈਲ ਖ਼ਾਨ ਤੋਂ ਬਾਰਾ ਹਜ਼ਾਰ ਰੁਪਇਆ ਵਸੂਲ ਹੋ ਗਿਆ ਹੈ ਜਿਸ ਦੇ ਉੱਤਰ ਵਿਚ ਮਹਾਰਾਜਾ ਸਾਹਿਬ ਨੇ ਹੁਕਮ ਭੇਜਿਆ ਕਿ ਬਾਕੀ ਦੀ ਰਕਮ ਤੇ ਘੋੜੇ ਤੇ ਊਠਾਂ ਦੀ ਵਸੂਲੀ ਕੀਤੀ ਜਾਏ, ਟਾਂਕ ਵਿਚ ਆਪਣਾ ਠਾਣਾ ਬਿਠਾ ਦਿੱਤਾ ਜਾਏ ਅਤੇ ਦਰਿਆ ਅਟਕ ਦੇ ਪਾਰੋਂ ਦੋ ਮਹੀਨਿਆਂ ਦੀ ਬਟਾਈ ਤੇ ਰੋਕ ਰਕਮ ਦੀ ਵਸੂਲੀ ਲਈ ਘੋੜ-ਚੜ੍ਹਿਆਂ ਦੀ ਇਕ ਰਜਬਣ ਭੇਜੀ ਜਾਵੇ।

ਸਰਦਾਰ ਸ਼ਾਮ ਸਿੰਘ ਜਾਂ ਤਾਂ ਦੀਵਾਨ ਤਾਰਾ ਚੰਦ ਦੇ ਨਾਲ ਹੀ ਬੰਨੂੰ ਨੂੰ ਗਏ ਸਨ ਜਾਂ ਪਿੱਛੋਂ ਪੁੱਜੇ ਸਨ, ਇਸ ਦਾ ਪੱਕਾ ਥਹੁ ਨਹੀਂ ਲਗਦਾ, ਪਰ ਆਪ ਵਸਾਖ ਮਹੀਨੇ ਬੰਨੂੰ ਵਿਚ ਇਕ ਗੜ੍ਹੀ ਉੱਤੇ ਹੱਲਾ ਕਰਨ ਵੇਲੇ ਉੱਥੇ ਮੌਜੂਦ ਸਨ। ਦੀਵਾਨ ਤਾਰਾ ਚੰਦ ਨੇ ਤੇਜ਼ੀ ਨਾਲ ਇੱਥੇ ਦੋਹਾਂ ਪਾਸਿਆਂ ਤੋਂ ਹੱਲਾ ਕਰਵਾ ਦਿੱਤਾ। ਜਿਸ ਦਾ ਨਤੀਜਾ ਇਹ ਹੋਇਆ ਕਿ ਇਸ ਹੱਲੇ ਵਿਚ ਆਪਣੀ ਫ਼ੌਜ ਦੇ ਕਈ ਆਦਮੀ ਜ਼ਖ਼ਮੀ ਹੋਣ ਨਾਲ ਬਹੁਤ ਨੁਕਸਾਨ ਹੋਇਆ ਤੇ ਸਰਦਾਰ ਜੈ ਸਿੰਘ ਅਟਾਰੀਵਾਲਾ ਮਾਰਿਆ ਗਿਆ। ਜਦ ਵਸਾਖ ਦੇ ਤੀਸਰੇ ਹਫ਼ਤੇ (ਅਪ੍ਰੈਲ 1834 ਦੇ ਆਖ਼ਰੀ ਹਫ਼ਤੇ) ਇਸ ਗੱਲ ਦੀ ਖ਼ਬਰ ਦੀ ਅਰਜ਼ੀ ਮਹਾਰਾਜਾ ਸਾਹਿਬ ਨੂੰ ਪੁੱਜੀ ਤਾਂ ਜਵਾਬ ਵਿਚ ਉਨਾਂ ਨੇ ਫ਼ੁਰਮਾਇਆ ਕਿ ਕਿਸੇ ਕੰਮ ਵਿਚ ਕਾਹਲੀ ਤੇ ਤੇਜ਼ੀ ਕਰਨੀ ਚੰਗੀ ਨਹੀਂ ਹੁੰਦੀ, ਅੱਗੇ ਨੂੰ ਧੀਰਜ ਤੇ ਢੰਗ ਨਾਲ ਕੰਮ ਕੀਤਾ ਜਾਵੇ ਅਤੇ ਦੋਹਾਂ ਪਾਸਿਆਂ ਤੋਂ ਹੱਲਾ ਨਹੀਂ ਕਰਨਾ ਚਾਹੀਦਾ, ਇਕ ਪਾਸੇ ਦਾ ਹੱਲਾ ਹੀ ਚੰਗਾ ਹੈ। ਇਸੇ ਸੰਬੰਧ ਵਿਚ ਮਹਾਰਾਜਾ ਸਾਹਿਬ ਨੇ ਵਜ਼ੀਰ ਧਿਆਨ ਸਿੰਘ ਨੂੰ ਕਿਹਾ ਕਿ ਦੀਵਾਨ ਤਾਰਾ ਚੰਦ ਅਲ੍ਹੜ (ਨਾ-ਤਜ਼ਰਬਾਕਾਰ) ਆਦਮੀ ਹੈ ਅਤੇ ਜਿਸ ਤਰ੍ਹਾਂ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੇ ਮੈਦਾਨਿ-ਜੰਗ ਵਿਚ ਹਿੰਮਤ ਵਿਖਾਈ ਹੈ ਬਹਾਦਰਾਂ ਦੇ ਕੰਮ ਇਸ ਤਰ੍ਹਾਂ ਹੀ ਹੋਣੇ ਚਾਹੀਦੇ ਹਨ। ਇਸ ਜੰਗ ਵਿਚ ਸਰਦਾਰ ਸ਼ਾਮ ਸਿੰਘ ਨੇ ਵਧਦੇ ਆ ਰਹੇ ਵੈਰੀ ਦਾ ਬੜੇ ਹੌਸਲੇ ਤੇ ਦਲੇਰੀ ਨਾਲ ਡੱਟ ਕੇ ਟਾਕਰਾ ਕੀਤਾ ਤੇ ਉਨ੍ਹਾਂ ਦੇ ਮੂੰਹ ਮੋੜ ਦਿੱਤੇ। ਭਾਵੇਂ ਉਨ੍ਹਾਂ ਦੇ ਹੇਠਲਾ ਘੋੜਾ ਵੀ ਮਾਰਿਆ ਗਿਆ ਪਰ ਉਹ ਤਾਂ ਵੀ ਪਿਛਾਂਹ ਨਾ ਹਟੇ ਤੇ ਸੂਰਮਿਆਂ ਵਾਂਙ ਅੱਗੇ ਵੱਧ ਕੇ ਉਨ੍ਹਾਂ ਨੇ ਵੈਰੀ ਨੂੰ ਪੈਰੋਂ ਕੱਢ ਦਿੱਤਾ।

ਮਹਾਰਾਜਾ ਸਾਹਿਬ ਨੂੰ ਦੀਵਾਨ ਤਾਰਾ ਚੰਦ ਦੀ ਯੋਗਤਾ ਉੱਤੇ ਚੂੰਕਿ ਜ਼ਿਆਦਾ ਭਰੋਸਾ ਨਹੀਂ ਸੀ ਰਿਹਾ ਇਸ ਲਈ ਉਨ੍ਹਾਂ ਨੇ ਜਮਾਦਾਰ ਖ਼ੁਸ਼ਾਲ ਸਿੰਘ ਤੇ ਰਾਜਾ ਗੁਲਾਬ ਸਿੰਘ ਨੂੰ ਹੁਕਮ ਕੀਤਾ ਕਿ ਜਾ ਕੇ ਨਵਾਬ ਸ਼ਾਹ ਨਿਵਾਜ਼ ਖ਼ਾਨ ਮਨਕੇਰੇ ਵਾਲੇ ਦਾ ਬੰਨੂੰ, ਅਟਕ ਤੇ ਅਟਕ ਦਰਿਆ ਤੋਂ ਪਾਰਲੇ ਇਲਾਕੇ ਉੱਤੇ ਦਖ਼ਲ ਕਰਾ ਦਿੱਤਾ ਜਾਵੇ ਅਤੇ ਦਰਿਆਓਂ ਇਸ ਪਾਸੇ ਦੇ ਡੇਰਾ ਇਸਮਾਈਲ ਦੇ ਇਲਾਕੇ ਉੱਤੇ ਆਪਣਾ ਦਖ਼ਲ ਕਰ ਲਿਆ ਜਾਵੇ।[1]

---

1. *ਉਮਾਦਤੁ-ਤਵਾਰੀਖ਼*, ਦਫ਼ਤਰ 3, ਹਿੱਸਾ 2, 193, 199, 207-8; ਗ੍ਰਿਫ਼ਿਨ, ਪੰਜਾਬ ਚੀਫ਼ਸ (1890), ਜਿਲਦ ਪਹਿਲੀ, 241; ਲਤੀਫ਼, *ਹਿਸਟਰੀ ਔਫ਼ ਦੀ ਪੰਜਾਬ*, 467।

# ਪਿਸ਼ਾਵਰ ਦੀ ਮੁਹਿੰਮ

ਮਾਲੂਮ ਹੁੰਦਾ ਹੈ ਕਿ ਬੰਨੂੰ ਤੋਂ ਸਰਦਾਰ ਸ਼ਾਮ ਸਿੰਘ ਪਿਸ਼ਾਵਰ ਦੀ ਮੁਹਿੰਮ ਤੇ ਭੇਜੇ ਗਏ ਜਿੱਥੇ ਕਿ ਕੰਵਰ ਨੌਨਿਹਾਲ ਸਿੰਘ ਨੇ ਚੜ੍ਹਾਈ ਕਰ ਕੇ ਇਸ ਇਲਾਕੇ ਨੂੰ (ਮਈ 1834 ਵਿਚ) ਪੱਕੇ ਤੌਰ ਤੇ ਸਿੱਖ ਰਾਜ ਨਾਲ ਮਿਲਾ ਲਿਆ ਸੀ। ਇਸ ਵੇਲੇ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਪਿਸ਼ਾਵਰ ਹਾਸਲ ਕਰਨ ਲਈ ਅੰਗ੍ਰੇਜ਼ਾਂ ਪਾਸੋਂ ਸਹਾਇਤਾ ਮੰਗੀ। ਪਰ ਉਹ ਮਹਾਰਾਜਾ ਰਣਜੀਤ ਸਿੰਘ ਨਾਲ ਵਿਗਾੜ ਪਾਉਣਾ ਨਹੀਂ ਚਾਹੁੰਦੇ ਸਨ ਇਸ ਲਈ ਉਨ੍ਹਾਂ ਨੇ ਦਖ਼ਲ ਦੇਣੋਂ ਨਾਂਹ ਕਰ ਦਿੱਤੀ।

2 ਅਸੂ 1891 (17 ਸਤੰਬਰ 1834) ਨੂੰ ਪਿਸ਼ਾਵਰੋਂ ਮਹਾਰਾਜਾ ਸਾਹਿਬ ਪਾਸ ਖ਼ਬਰ ਪੁੱਜੀ ਕਿ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਕੰਵਰ ਨੌਨਿਹਾਲ ਸਿੰਘ ਨੂੰ ਚਿੱਠੀ ਲਿਖੀ ਹੈ ਕਿ ਜੇ ਮੇਹਰਬਾਨੀ ਕਰਕੇ ਪਿਸ਼ਾਵਰ ਉਸ ਨੂੰ ਦੇ ਦਿੱਤਾ ਜਾਵੇ ਤਾਂ ਉਹ ਬੜਾ ਧੰਨਵਾਦੀ ਹੋਵੇਗਾ ਅਤੇ ਤਾਬੇਦਾਰੀ ਵਜੋਂ ਬੜੀ ਅਧੀਨਗੀ ਨਾਲ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਲਾਹੌਰ ਘੋੜੇ, ਤੋਹਫ਼ੇ ਤੇ ਹੋਰ ਅਸਬਾਬ ਭੇਟਾ ਕਰੇਗਾ, ਨਹੀਂ ਤਾਂ ਕੋਹਾਟ, ਅਫ਼ਰੀਦੀ ਤੇ ਯੂਸਫ਼ਜ਼ਈ ਦੀਆਂ ਪਹਾੜੀਆਂ ਅਤੇ ਖ਼ੁਰਾਸਾਨ, ਬੰਨੂੰ ਤੇ ਟਾਂਕ ਤੋਂ ਲੜਾਕੇ ਗਾਜ਼ੀਆਂ ਦੀਆਂ ਫ਼ੌਜਾਂ ਜਮਾਂ ਕਰ ਕੇ ਪਿਸ਼ਾਵਰ ਤੇ ਹੱਲਾ ਕਰ ਦੇਵੇਗਾ। 4 ਅਸੂ ਨੂੰ ਮਹਾਰਾਜਾ ਸਾਹਿਬ ਨੇ ਮੁਨਸ਼ੀ ਕਰਮ ਚੰਦ ਨੂੰ ਕੰਵਰ ਨੌਨਿਹਾਲ ਸਿੰਘ ਤੇ ਉਨ੍ਹਾਂ ਦੇ ਸਾਥੀ ਸਰਕਰਦੇ ਸਰਦਾਰਾਂ ਲਈ ਕੀਮਤੀ ਖ਼ਿਲਅਤਾਂ ਦੇ ਕੇ ਪਿਸ਼ਾਵਰ ਭੇਜਿਆ ਤੇ ਹੁਕਮ ਕੀਤਾ ਕਿ ਇਹ ਖ਼ਿਲਅਤਾਂ ਕੰਵਰ ਸਾਹਿਬ ਨੂੰ ਪਹੁੰਚਾ ਦਿੱਤੀਆਂ ਜਾਣ ਅਤੇ ਉਹ ਖ਼ੁਦ ਆਪਣੇ ਹੱਥੀਂ ਸਰਦਾਰਾਂ ਨੂੰ ਬਖ਼ਸ਼ਣ।

ਇਸ ਵੇਲੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਕੰਵਰ ਨੌਨਿਹਾਲ ਸਿੰਘ ਦੇ ਨਾਲ ਸਨ ਤੇ ਹੋਰ ਵੱਡੇ ਸਰਦਾਰਾਂ ਦੀ ਤਰ੍ਹਾਂ ਉਨ੍ਹਾਂ ਨੂੰ ਵੀ ਨੌ ਕਪੜਿਆਂ ਦੀ ਖ਼ਿਲਅਤ ਭੇਜੀ ਗਈ।[1]

ਕੁਝ ਚਿਰ ਪਿੱਛੋਂ ਖ਼ੁਦ ਵੀ ਮਹਾਰਾਜਾ ਸਾਹਿਬ ਨੇ ਪਿਸ਼ਾਵਰ ਵੱਲ ਨੂੰ ਕੂਚ ਕਰ ਦਿੱਤਾ ਜਿੱਥੇ ਕਿ ਉਹ 26 ਵਸਾਖ 1892 (6 ਮਈ 1835) ਨੂੰ ਪੁੱਜੇ ਤੇ ਵਜ਼ੀਰ ਖ਼ਾਨ ਦੇ ਬਾਗ਼ ਵਿਚ ਉਤਾਰਾ ਕੀਤਾ। ਇੱਥੇ ਸੁਲਤਾਨ ਮੁਹੰਮਦ ਖ਼ਾਨ ਉਨ੍ਹਾਂ ਨੂੰ ਆ ਮਿਲਿਆ ਤੇ ਈਨ ਮੰਨ ਲਈ। ਮਹਾਰਾਜਾ ਸਾਹਿਬ ਨੇ ਬੜਾ ਯਤਨ ਕੀਤਾ ਕਿ ਦੋਸਤ ਮੁਹੰਮਦ ਵੀ ਤਾਬੇਦਾਰੀ

---

1. ਕਨਿੰਘਮ, *ਹਿਸਟਰੀ ਔਫ ਦੀ ਸਿਖ਼ਸ* (1849), 222; ਲਤੀਫ, *ਹਿਸਟਰੀ ਔਫ ਦੀ ਪੰਜਾਬ*, 467-8; ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫਤਰ ਸੋਮ, ਹਿੱਸਾ ਦੋਮ, 216।

ਪ੍ਰਵਾਨ ਕਰ ਲਵੇ ਤੇ ਖ਼ੂਨ ਖ਼ਰਾਬਾ ਨਾ ਹੋਵੇ। ਦੋਸਤ ਮੁਹੰਮਦ ਖ਼ਾਨ ਨੂੰ ਆਪਣੀਆਂ ਗਾਜ਼ੀ ਫ਼ੌਜਾਂ ਪਰ ਬੜਾ ਮਾਣ ਸੀ ਇਸ ਲਈ ਉਹ ਲੜਾਈ ਲਈ ਤਿਆਰ ਹੋ ਕੇ ਆ ਗਿਆ, ਪਰ ਜਦ 31 ਵਸਾਖ, 11 ਮਈ ਸੰਨ 1835 ਨੂੰ ਦੂਸਰੇ ਪਾਸੇ ਖ਼ਾਲਸੇ ਨੂੰ ਤਿਆਰ ਬਰ ਤਿਆਰ ਜੰਗ ਲਈ ਡਟਿਆ ਵੇਖਿਆ ਤਾਂ ਤਲਵਾਰ ਮਿਆਨ ਵਿਚ ਹੀ ਰਹਿ ਗਈ ਤੇ ਪਿਸ਼ਾਵਰ ਲੈਣ ਦਾ ਖ਼ਿਆਲ ਛੱਡ ਕੇ ਬਿਨਾਂ ਕੁਝ ਬਹੁਤਾ ਮੁਕਾਬਲਾ ਕੀਤੇ ਹੀ ਮੈਦਾਨੋਂ ਨਿਕਲ ਭੱਜਾ। ਮਹਾਰਾਜਾ ਸਾਹਿਬ ਪਿਸ਼ਾਵਰ ਦਾ ਪੱਕਾ ਪ੍ਰਬੰਧ ਕਰ ਕੇ ਲਾਹੌਰ ਨੂੰ ਮੁੜ ਆਏ।[1]

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, ਹਿੱਸਾ ਦੋਮ, 245-51, ਕਨਿੰਘਮ, *ਹਿਸਟਰੀ ਔਫ਼ ਦੀ ਸਿਖਸ* (1849), 222-3; ਬਾਬਾ ਪ੍ਰੇਮ ਸਿੰਘ, *ਸਰਦਾਰ ਹਰੀ ਸਿੰਘ ਨਲਵਾ*, 234-37।

# ਬੀਬੀ ਨਾਨਕੀ ਦੀ ਮੰਗਣੀ

ਪਿਸ਼ੌਰੋਂ ਲਾਹੌਰ ਨੂੰ ਵਾਪਸ ਮੁੜਨ ਵੇਲੇ ਜਾਂ ਤਾਂ ਸਰਦਾਰ ਸ਼ਾਮ ਸਿੰਘ ਵੀ ਮਹਾਰਾਜਾ ਸਾਹਿਬ ਦੇ ਨਾਲ ਹੀ ਜਾਂ ਛੇਤੀ ਹੀ ਪਿੱਛੋਂ ਉੱਥੋਂ ਵਾਪਸ ਆ ਗਏ ਅਤੇ ਆਪਣੀ ਲੜਕੀ ਬੀਬੀ ਨਾਨਕੀ ਦਾ ਰਿਸ਼ਤਾ ਮਹਾਰਾਜਾ ਸਾਹਿਬ ਦੇ ਪੋਤ੍ਰੇ ਤੇ ਕੰਵਰ ਖੜਕ ਸਿੰਘ ਦੇ ਪੁੱਤਰ ਕੰਵਰ ਨੌਨਿਹਾਲ ਸਿੰਘ ਨਾਲ ਕਰ ਦਿੱਤਾ। ਬੀਬੀ ਨਾਨਕੀ ਦੀ ਮੰਗਣੀ ਦੀ ਠੀਕ ਤਾਰੀਖ਼ ਦਾ ਪਤਾ ਨਹੀਂ ਚਲ ਸਕਿਆ। ਮੁਨਸ਼ੀ ਸੋਹਨ ਲਾਲ ਨੇ ਆਪਣੀ ਤਾਰੀਖ਼ 'ਉਮਦਾਤੁ-ਤਵਾਰੀਖ਼' ਵਿਚ ਲਿਖਿਆ ਹੈ ਕਿ 29 ਸਾਵਨ 1892 (11 ਅਗਸਤ 1835) ਨੂੰ ਮਹਾਰਾਜਾ ਸਾਹਿਬ ਨੇ ਦੀਵਾਨ ਹਾਕਿਮ ਰਾਇ ਨੂੰ ਹੁਕਮ ਦਿੱਤਾ ਕਿ ਕੰਵਰ ਜੀ ਦੀ ਸ਼ਾਦੀ ਲਈ ਹੇਠ ਲਿਖੇ ਵੇਰਵੇ ਅਨੁਸਾਰ ਜ਼ੇਵਰ ਆਪਣੀ ਮਾਰਫ਼ਤ ਬਣਵਾ ਕੇ ਹਾਜ਼ਰ ਕਰੇ।

| | |
|---|---|
| ਮੁਕਟ | 2500 |
| ਚੌਂਕ | 1400 |
| ਮਾਲਾ ਛੋਟੀ, ਵੱਡੀ | 1500 |
| ਹੋਰ ਜੜਾਊ ਗਹਿਣੇ | 2000 |

ਇਸ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਕੰਵਰ ਸਾਹਿਬ ਦੀ ਮੰਗਣੀ ਬੀਬੀ ਨਾਨਕੀ ਨਾਲ ਇਨ੍ਹਾਂ ਦਿਨਾਂ ਵਿਚ ਹੀ ਹੋਈ ਹੈ।[1]

ਪ੍ਰਤੀਤ ਹੁੰਦਾ ਹੈ ਕਿ ਪਿਸ਼ੌਰੋਂ ਮੁੜਨ ਪਿੱਛੋਂ ਸਰਦਾਰ ਸ਼ਾਮ ਸਿੰਘ ਆਖ਼ੀਰ ਪੋਹ ਤਕ ਮਹਾਰਾਜੇ ਦੇ ਨਾਲ ਹੀ ਸਨ। 28 ਪੋਹ, 10 ਜਨਵਰੀ 1836, ਨੂੰ ਮਹਾਰਾਜਾ ਸਾਹਿਬ ਨੇ ਉਨ੍ਹਾਂ ਨੂੰ ਛੁੱਟੀ ਦਿੱਤੀ ਤੇ ਇਕ ਜੋੜਾ ਦੋਸ਼ਾਲੇ ਤੇ ਸੋਨੇ ਦੇ ਕੜੇ ਰੁਖਸਤਾਨੇ ਵੱਜੋਂ ਬਖ਼ਸ਼ੇ। ਇਸ ਵੇਲੇ ਸਰਦਾਰ ਸ਼ਾਮ ਸਿੰਘ ਨੇ ਅਰਜ਼ ਕੀਤੀ ਕਿ ਸਰਦਾਰ ਜਗਤ ਸਿੰਘ ਅਟਾਰੀਵਾਲੇ ਦੀ ਤੱਲਕਾ ਸੰਭੜਿਆਲ ਦੀ ਜਾਗੀਰ ਦੇ ਦਿੱਤੀ ਜਾਵੇ। ਮਹਾਰਾਜਾ ਸਾਹਿਬ ਨੇ ਉੱਤਰ ਦਿੱਤਾ ਕਿ ਸੰਭੜਿਆਲ ਦਾ ਤੱਲਕਾ ਵਜ਼ੀਰਾਬਾਦ ਦੇ ਇਲਾਕੇ ਨਾਲ ਮਿਲਾ ਦਿੱਤਾ ਗਿਆ ਹੈ ਇਸ ਲਈ ਮਨਕੇਰੇ ਜਾਂ ਬਲੋਚਾਂ ਦੇ ਇਲਾਕੇ ਵਿਚ ਜਾਗੀਰ ਦਿੱਤੀ ਜਾਵੇਗੀ।[2]

ਜੇਠ 1893 ਵਿਚ ਲਾਲਾ ਕਿਸ਼ਨ ਚੰਦ ਵਕੀਲ ਲੁਧਿਆਨੇ ਵੱਲੋਂ ਇਕ ਚਿੱਠੀ ਆਈ ਕਿ ਕਪਤਾਨ (ਵੇਡ) ਸਾਹਿਬ, ਜੋ ਲੁਧਿਆਨੇ ਵਿਚ ਈਸਟ ਇੰਡੀਆ ਕੰਪਨੀ ਦੇ ਏਜੰਟ

---

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, ਹਿੱਸਾ ਦੋਮ,261।
2. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, ਹਿੱਸਾ ਦੋਮ, 289-90।

ਹਨ, ਕੁਝ ਚੰਗੀ ਨਸਲ ਦੇ ਘੋੜੇ ਖ਼ਰੀਦਣਾ ਚਾਹੁੰਦੇ ਹਨ। ਉਸ ਤੇ ਮਹਾਰਾਜਾ ਸਾਹਿਬ ਨੇ ਕੰਵਰ ਨੌਨਿਹਾਲ ਸਿੰਘ, ਕੰਵਰ ਸ਼ੇਰ ਸਿੰਘ, ਰਾਜਾ ਗੁਲਾਬ ਸਿੰਘ, ਰਾਜਾ ਸੁਚੇਤ ਸਿੰਘ, ਰਾਜਾ ਹੀਰਾ ਸਿੰਘ, ਸਰਦਾਰਾਨ ਸੰਧਾਂਵਾਲੀਆਂ, ਸਰਦਾਰ ਫ਼ਤਿਹ ਸਿੰਘ ਮਾਨ, ਦੀਵਾਨ ਸਾਵਨ ਮੱਲ ਗਵਰਨਰ ਮੁਲਤਾਨ ਆਦਿ ਨੂੰ ਪ੍ਵਾਨੇ ਲਿਖੇ ਕਿ ਇਕ ਇਕ ਚੰਗੀ ਨਸਲ ਦਾ ਘੋੜਾ ਕਪਤਾਨ ਸਾਹਿਬ ਨੂੰ ਲੁਧਿਆਨੇ ਭੇਜ ਦੇਣ। ਇਨ੍ਹਾਂ ਦੇ ਨਾਲ ਹੀ ਇਕ ਪ੍ਵਾਨਾ ਸਰਦਾਰ ਸ਼ਾਮ ਸਿੰਘ ਨੂੰ ਵੀ ਭੇਜਿਆ ਗਿਆ।[1]

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, ਹਿੱਸਾ ਦੋਮ, 316।

# ਖੇਮ ਕਰਨੀਆਂ ਦੀ ਸ਼ਿਕਾਇਤ

ਜਿਵੇਂ ਉੱਪਰ ਲਿਖਿਆ ਜਾ ਚੁੱਕਾ ਹੈ ਖੇਮ ਕਰਨ ਦਾ ਇਲਾਕਾ ਸਰਦਾਰ ਸ਼ਾਮ ਸਿੰਘ ਦੀ ਤਾਬੇਦਾਰੀ ਵਿਚ ਸੀ ਤੇ ਕਸੂਰ ਦਾ ਇਲਾਕਾ ਵੀ ਉਨ੍ਹਾਂ ਕੋਲ ਹੀ ਸੀ। ਵੇਰਵੇ ਸਹਿਤ ਹਾਲ ਨਾ ਮਿਲ ਸਕਣ ਕਰ ਕੇ ਇਹ ਨਹੀਂ ਕਿਹਾ ਜਾ ਸਕਦਾ ਕਿ ਅੰਦਰੂਨੀ ਕਾਰਨ ਕੀ ਸਨ, ਪਰ ਪ੍ਰਤੀਤ ਇਉਂ ਹੁੰਦਾ ਹੈ ਕਿ ਸਰਦਾਰ ਸ਼ਾਮ ਸਿੰਘ ਦੇ ਬਾਹਰ ਮੁਹਿੰਮਾਂ ਉੱਤੇ ਰਹਿਣ ਜਾਂ ਦੂਸਰੇ ਪਾਸੇ ਦੇ ਇਲਾਕਿਆਂ ਦੇ ਪ੍ਰਬੰਧ ਵਿਚ ਰੁੱਝੇ ਹੋਣ ਵੇਲੇ ਖੇਮ ਕਰਨ ਦੇ ਇਲਾਕੇ ਦੇ ਜ਼ਿਮੀਂਦਾਰਾਂ ਨਾਲ ਇੱਥੇ ਦੇ ਸਰਦਾਰਾਂ ਨੇ ਕੋਈ ਚੰਗਾ ਬਰਤਾਓ ਨਹੀਂ ਸੀ ਰਖਿਆ ਹੋਇਆ। ਇਸ ਲਈ ਚੜ੍ਹਦੇ ਸਾਵਨ 1893 (ਜੁਲਾਈ 1836) ਨੂੰ ਖੇਮਕਰਨ ਦੇ ਜ਼ਿਮੀਂਦਾਰਾਂ ਨੇ ਇਨ੍ਹਾਂ ਸਰਦਾਰਾਂ ਵਿਰੁੱਧ ਮਹਾਰਾਜਾ ਪਾਸ ਸ਼ਿਕਾਇਤ ਕੀਤੀ ਤੇ ਬੇਨਤੀ ਕੀਤੀ ਕਿ ਉਨ੍ਹਾਂ ਦੀ ਬਾਂਹ ਸਰਦਾਰ ਲਹਿਣਾ ਸਿੰਘ ਮਜੀਠੀਏ ਨੂੰ ਫੜਾ ਦਿੱਤੀ ਜਾਵੇ। ਹੋਰ ਉਨ੍ਹਾਂ ਕਿਹਾ ਕਿ ਹੁਣ ਸੌ ਕੁ ਦੁਕਾਨਦਾਰ ਸ਼ਹਿਰ ਕਸੂਰੋਂ ਤੇ ਪੰਜਾਹ ਕੁ ਪਿੰਡ ਖੇਮ ਕਰਨੋਂ ਉੱਜੜ ਕੇ ਫਿਰੋਜ਼ਪੁਰ ਜਾ ਆਬਾਦ ਹੋਏ ਹਨ। ਜਦ ਤੋਂ ਇਹ ਇਲਾਕਾ ਮਹਾਰਾਜਾ ਸਾਹਿਬ ਦੀ ਹਕੂਮਤ ਵਿਚ ਆਇਆ ਹੈ ਇਕ ਵੀ ਜ਼ਿਮੀਂਦਾਰ ਇਲਾਕੇ ਨੂੰ ਛੱਡ ਕੇ ਦਰਿਆਓਂ ਪਾਰ ਨਹੀਂ ਗਿਆ ਸੀ ਕਿਉਂਕਿ ਸਰਕਾਰ ਦੇ ਸਾਏ ਵਿਚ ਹਰ ਪ੍ਰਕਾਰ ਦਾ ਅਮਨ ਅਮਾਨ ਹੈ। ਇਸ ਤੇ ਮਹਾਰਾਜਾ ਸਾਹਿਬ ਨੇ ਹੁਕਮ ਦਿੱਤਾ ਕਿ ਇਨ੍ਹਾਂ ਜ਼ਿਮੀਂਦਾਰਾਂ ਦਾ ਇਲਾਕਾ ਸਰਦਾਰ ਲਹਿਣਾ ਸਿੰਘ ਮਜੀਠੀਏ ਨਾਲ ਜੋੜ ਦਿੱਤਾ ਜਾਏ ਤੇ ਨਾਲ ਹੀ ਉਨ੍ਹਾਂ ਨੂੰ ਹਦਾਇਤ ਜਾਰੀ ਕਰ ਦਿੱਤੀ ਕਿ ਇਲਾਕੇ ਦੀ ਆਬਾਦੀ ਹੋਣ ਤੇ ਅਤੇ ਰੱਈਅਤ ਦੀ ਰਜ਼ਾਮੰਦੀ ਨਾਲ ਮੁਆਮਲੇ ਦੀ ਉਗਰਾਹੀ ਕੀਤੀ ਜਾਵੇ ਤੇ ਜ਼ਿਮੀਦਾਰਾਂ ਦੀ ਭਲਾਈ ਦਾ ਹਰ ਪ੍ਰਕਾਰ ਖ਼ਿਆਲ ਰਖਿਆ ਜਾਵੇ।[1]

---

1. ਸੋਹਨ ਲਾਲ, *ਉਮਦਾਤੁ-ਤਾਵਰੀਖ਼*, ਦਫ਼ਤਰ 3, ਹਿੱਸਾ 2, ਸਫ਼ਾ 376।

# ਗੁਰਦੁਆਰਾ ਬਾਬਾ ਅਟੱਲ ਸਾਹਿਬ ਦੀ ਸੇਵਾ

ਇਸ ਵੇਲੇ ਸ੍ਰੀ ਅੰਮ੍ਰਿਤਸਰ ਵਿਚ ਗੁਰਦੁਆਰਾ ਬਾਬਾ ਅਟੱਲ ਸਾਹਿਬ ਦੀਆਂ ਛੱਤਾਂ ਦੀ ਸੇਵਾ ਹੋ ਰਹੀ ਸੀ। ਇਸ ਗੁਰਦੁਆਰੇ ਦੀ ਇਮਾਰਤ ਦੀ ਸੇਵਾ ਸੰਗਤ ਦੇ ਉਤਸਾਹ ਨਾਲ ਸੰਨ 1822 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸ਼ੁਰੂ ਕੀਤੀ ਸੀ। ਦਰਸ਼ਨੀ ਦਰਵਾਜ਼ੇ ਦੀ ਛੱਤ ਮਾਈ ਸਦਾ ਕੌਰ ਨੇ ਸੰਨ 1823 ਵਿਚ ਬਣਵਾਈ ਸੀ ਅਤੇ ਗੁੰਬਦ ਦੀ ਸੇਵਾ ਸੰਨ 1830 ਵਿਚ ਸਰਦਾਰ ਦੇਸਾ ਸਿੰਘ ਮਜੀਠੀਏ ਨੇ ਕੀਤੀ ਸੀ। ਅੰਦਰਲੇ ਸਮਾਧ ਵਾਲੇ ਖ਼ਾਸ ਬੰਗਲੇ ਦੇ ਬਾਹਰਲੀ ਪ੍ਰਕਰਮਾਂ ਦੀ ਛੱਤ ਦੀ ਮੀਨਾਕਾਰੀ ਅਤੇ ਸੁਨਹਿਰੀ ਕੰਮ ਮਹਾਰਾਣੀ ਜਿੰਦ ਕੌਰ ਨੇ 1835 ਵਿਚ ਕਰਵਾਇਆ। ਇਸ ਗੁਰਦੁਆਰਾ ਸਾਹਿਬ ਦੀ ਸੇਵਾ ਵਿਚ ਸਰਦਾਰ ਸ਼ਾਮ ਸਿੰਘ ਜੀ ਨੇ ਵੀ ਹੱਥ ਵਟਾਇਆ ਅਤੇ ਪ੍ਰਕਰਮਾਂ ਦੀ ਉੱਤਰ-ਚੜ੍ਹਦੀ ਛੱਤ ਦਾ ਗੱਚਕਾਰੀ ਪਲਸਤਰ ਕਰਵਾਇਆ। ਗੱਚ ਦਾ ਪਲਸਤਰ ਪੁਰਾਣੇ ਜ਼ਮਾਨੇ ਵਿਚ ਇਕ ਖ਼ਾਸ ਚੀਜ਼ ਹੁੰਦੀ ਸੀ ਜਿਸ ਵਿਚ ਸੰਗਮਰਮਰ ਦਾ ਚੂਰਨ, ਬਹੁਤ ਬਾਰੀਕ ਰੇਤਾ, ਇਕ ਖ਼ਾਸ ਤਰ੍ਹਾਂ ਦਾ ਚੂਨਾ, ਜਿਸ ਨੂੰ ਜਿਪਸਮ ਆਖਿਆ ਜਾਂਦਾ ਹੈ, ਵਾਲ ਅਤੇ ਹੋਰ ਕਈ ਚੀਜ਼ਾਂ ਰਲਾਈਆਂ ਜਾਂਦੀਆਂ ਸਨ। ਇਨ੍ਹਾਂ ਨੂੰ ਰਗੜਨ ਤੇ ਘੋਟਣ ਉੱਤੇ ਕਈ ਵਾਰੀ ਕਈ ਕਈ ਵਰ੍ਹੇ ਲਾਏ ਜਾਂਦੇ ਸਨ ਅਤੇ ਪੰਦਰਾਂ ਵੀਹ ਤਗਾਰੀਆਂ ਉੱਤੇ ਹਜ਼ਾਰਾਂ ਰੁਪਏ ਖ਼ਰਚ ਆ ਜਾਂਦੇ ਸਨ। ਇਸ ਨਾਲ ਬਣੀ ਅਤੇ ਲਿੰਬੀ ਹੋਈ ਇਮਾਰਤ ਬਹੁਤ ਹੀ ਮਜ਼ਬੂਤ ਅਤੇ ਕਈ ਕਈ ਸੌ ਸਾਲ ਬਾਅਦ ਵੀ ਥੋੜ੍ਹ ਚਿਰ ਦੀ ਬਣੀ ਹੋਈ ਨਵੀਂ ਨਕੋਰ ਪ੍ਰਤੀਤ ਹੁੰਦੀ ਸੀ।

ਪੰਜ ਸਾਲ ਬਾਅਦ ਸੰਨ 1842 ਵਿਚ ਫਿਰ ਸਰਦਾਰ ਜੀ ਨੇ ਇਸ ਗੁਰਦੁਆਰੇ ਦੀ ਹੋਰ ਸੇਵਾ ਕੀਤੀ ਅਤੇ ਆਪਣੇ ਪੁੱਤਰ ਸਰਦਾਰ ਠਾਕਰ ਸਿੰਘ ਦੀ ਨਿਗਰਾਨੀ ਹੇਠਾਂ ਗੁਰਦੁਆਰੇ ਦਾ ਬਾਹਰਲਾ ਹਿੱਸਾ ਬਣਵਾਇਆ।[1]

---

1. ਊਧਮ ਸਿੰਘ, *ਤਾਰੀਖ਼ ਦਰਬਾਰ ਸਾਹਿਬ*, ਅੰਮ੍ਰਿਤਸਰ, 64-5।

# ਬੀਬੀ ਨਾਨਕੀ ਤੇ ਕੰਵਰ ਨੌਨਿਹਾਲ ਸਿੰਘ ਦਾ ਵਿਆਹ

ਜਿਸ ਧੂਮ-ਧਾਮ ਤੇ ਸ਼ਾਨ ਸ਼ੌਕਤ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਤੇ ਸ਼ਾਹਜ਼ਾਦਾ ਖੜਕ ਸਿੰਘ ਦੇ ਪੁੱਤਰ ਕੰਵਰ ਨੌਨਿਹਾਲ ਸਿੰਘ ਦਾ ਵਿਆਹ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੀ ਲੜਕੀ ਬੀਬੀ ਨਾਨਕੀ ਨਾਲ ਹੋਇਆ, ਦੁਨੀਆਂ ਦੀ ਤਾਰੀਖ਼ ਵਿਚ ਉਸ ਦੀ ਕੋਈ ਮਿਸਾਲ ਮਿਲ ਸਕਣੀ ਕਠਿਨ ਹੈ।

ਮਹਾਰਾਜਾ ਸਾਹਿਬ ਦੀ ਮੁੱਢ ਤੋਂ ਹੀ ਇਹ ਇੱਛਾ ਸੀ ਕਿ ਕੰਵਰ ਨੌਨਿਹਾਲ ਸਿੰਘ ਦੀ ਜੰਞ ਲਾਹੌਰ ਦੀ ਬਜਾਏ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਤੋਂ ਚੜ੍ਹੇ। ਇਸ ਮਤਲਬ ਲਈ ਉਨ੍ਹਾਂ ਆਪਣੇ ਭਰੋਸੇ-ਯੋਗ ਸਰਦਾਰਾਂ ਨੂੰ ਇੱਥੇ ਭੇਜ ਦਿੱਤਾ ਤਾਂ ਕਿ ਜ਼ਰੂਰੀ ਪ੍ਰਬੰਧ ਕਰਨ। ਪੰਜਾਬ ਵਿਚ ਕੋਈ ਰਾਜਾ, ਮਹਾਰਾਜਾ ਤੇ ਸਰਦਾਰ ਨਹੀਂ ਸੀ ਜਿਸ ਨੂੰ ਇਸ ਵਿਆਹ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੋਵੇ। ਪਤਵੰਤੇ ਮਹਿਮਾਨਾਂ ਵਿਚ ਮਹਾਰਾਜਾ ਪਟਿਆਲਾ, ਨਾਭਾ, ਕਪੂਰਥਲਾ, ਜੀਂਦ, ਫ਼ਰਦੀਕੋਟ, ਨਵਾਬ ਮਲੇਰ ਕੋਟਲਾ, ਰਾਜਾ ਕਲਸੀਆ ਮੰਡੀ ਤੇ ਸੁਕੇਤ, ਚੰਬਾ, ਨੂਰਪੁਰ ਤੇ ਹੋਰ ਮਾਲਵਾ, ਮਾਝਾ, ਤੇ ਦੂਸਰੇ ਇਲਾਕਿਆਂ ਦੇ ਸਰਦਾਰ ਸ਼ਾਮਲ ਸਨ। ਅੰਗ੍ਰੇਜ਼ਾਂ ਵੱਲੋਂ ਲਾਰਡ ਔਕਲੈਂਡ, ਗਵਰਨਰ-ਜਨਰਲ ਇੰਡੀਆ, ਸਰ ਚਾਰਲਸ ਮੈੱਟਕਾਫ ਗਵਰਨਰ ਆਗਰਾ ਤੇ ਜਨਰਲ ਸਰ ਹੈਨਰੀ ਫੇਨ ਅੰਗ੍ਰੇਜ਼ੀ ਕਮਾਂਡਰ-ਇਨ-ਚੀਫ਼ ਨੂੰ ਸੱਦਾ ਦਿੱਤਾ ਗਿਆ ਸੀ, ਪਰ ਇਨ੍ਹਾਂ ਵਿਚੋਂ ਸ਼ਾਮਲ ਕੇਵਲ ਸਰ ਹੈਨਰੀ ਫ਼ੇਨ ਤੇ ਉਸ ਦਾ ਸਟਾਫ਼ ਹੀ ਹੋਇਆ।

ਈਸਟ ਇੰਡੀਆਂ ਕੰਪਨੀ ਵੱਲੋਂ ਖ਼ਾਸ ਕਮਾਂਡਰ-ਇਨ-ਚੀਫ਼ ਤੇ ਉਸ ਦੇ ਫ਼ੌਜੀ ਸਟਾਫ਼ ਦੇ ਸ਼ਾਮਲ ਹੋਣ ਵਿਚ ਇਕ ਰਾਜਸੀ ਭੇਦ ਵੀ ਸੀ ਤੇ ਉਹ ਇਹ ਕਿ ਫ਼ੌਜੀ ਵਿਗਿਆਨ ਦੇ ਇਹ ਨਿਪੁਨ ਸਿਆਣੇ ਇਸ ਪਰਾਹੁਣ-ਚਾਰੀ ਦੇ ਮੌਕੇ ਦਾ ਫ਼ਾਇਦਾ ਉਠਾ ਕੇ ਫ਼ੌਜੀ ਨੁਕਤਾ ਨਿਗਾਹ ਤੋਂ ਪੰਜਾਬ ਸੰਬੰਧੀ ਮੁਕੰਮਲ ਵਾਕਫ਼ੀਅਤ ਹਾਸਲ ਕਰ ਸਕਣਗੇ। ਕਨਿੰਘਮ ਲਿਖਦਾ ਹੈ ਕਿ "ਉਹ ਯੋਗ ਸੈਨਾਪਤੀ ਫ਼ੌਜੀ ਉਪਾਓ ਤੇ ਸੈਨਿਕ ਗੁਣਾਂ ਨੂੰ ਭਾਂਪਣ ਵਿਚ ਸਦਾ ਹੀ ਖੜ੍ਹਾ ਤਾਕ ਸੀ; ਉਸ ਨੇ ਉਸ ਸੈਨਾ-ਦਲ ਦਾ ਅੰਦਾਜ਼ਾ ਲਾਇਆ ਜਿਸ ਦੀ ਕਿ ਪੰਜਾਬ ਨੂੰ ਮੁਕੰਮਲ ਤੌਰ ਤੇ ਅਧੀਨ ਕਰਨ ਲਈ ਲੋੜ ਪਵੇਗੀ ਪਰ ਉਸ ਨੇ ਇਸੇ ਵੇਲੇ ਅਸੂਲ ਦੇ ਤੌਰ ਤੇ ਇਹ ਦੱਸਿਆ ਕਿ ਸਤਲੁਜ ਦਰਿਆ ਅਤੇ ਰਾਜਪੂਤਾਨੇ ਤੇ ਸਿੰਧ ਦੇ ਬੀਆਬਾਨ ਅੰਗ੍ਰੇਜ਼ਾਂ ਲਈ ਚੜ੍ਹਦੀ ਵੱਲ ਸਭ ਤੋਂ ਵਧੀਆਂ ਹੱਦਾਂ ਹਨ। ਸਿੱਖਾਂ ਨਾਲ ਲੜਾਈ ਦੀ ਸੰਭਾਵਨਾ ਬਹੁਤ ਦੂਰ ਹੋਣ ਕਰਕੇ ਇਕ ਪਰਾਹੁਣੇ ਲਈ ਲੜਾਈ ਦੇ ਖੜ ਯੰਤਰਾਂ ਦੀ

ਵਿਉਂਤ ਬਨਾਉਣੀ ਸ਼ੋਭਨੀਕ ਨਹੀਂ ਸੀ।...ਸਰ ਹੈਨਰੀ ਫ਼ੇਨ ਦੇ ਇਹ ਖ਼ਿਆਲ ਲਿਖਤ ਵਿਚ ਭਾਵੇਂ ਨਾ ਲਿਆਂਦੇ ਗਏ ਹੋਣ, ਪਰ ਜੋ ਲੋਕ ਉਸ ਦੇ ਆਲੇ ਦੁਆਲੇ ਸਨ ਉਨ੍ਹਾਂ ਨੂੰ ਇਨ੍ਹਾਂ ਦਾ ਚੰਗੀ ਤਰ੍ਹਾਂ ਪਤਾ ਸੀ। ਜਿਵੇਂ ਮੈਨੂੰ ਕੈਪਟਨ ਵੇਡ ਪਾਸੋਂ ਸੁਣਿਆ ਹੋਇਆ ਯਾਦ ਹੈ ਉਸ ਦਾ [ਸਰ ਹੈਨਰੀ ਫ਼ੇਨ ਦਾ ਪੰਜਾਬ ਨੂੰ ਪੂਰੀ ਤਰ੍ਹਾਂ ਫ਼ਤਿਹ ਕਰਨ ਲਈ] ਅੰਦਾਜ਼ਾ ਸਤਾਹਟ ਹਜ਼ਾਰ ਆਦਮੀਆਂ ਦਾ ਸੀ ਅਤੇ ਉਸ ਦਾ ਖ਼ਿਆਲ ਸੀ ਕਿ ਸ਼ਾਇਦ ਦੋ ਸਾਲ ਜ਼ੋਰ ਦੀ ਲੜਾਈ ਲੱਗੀ ਰਹੇ। ਇਹ ਲਾਹੌਰ ਜਾਣਾ ਸ਼ਾਇਦ ਇਸ ਗੱਲ ਵਿਚ ਜ਼ਿਆਦਾ ਫ਼ਾਇਦੇਮੰਦ ਸਾਬਤ ਹੋਇਆ ਕਿ ਬੰਗਾਲ ਦੀ ਫ਼ੌਜ ਦਾ ਅਣਥੱਕ ਕੁਆਟਰ-ਮਾਸਟਰ-ਜਨਰਲ ਲੈਫ਼ਟਿਨੈਂਟ-ਕਰਨਲ ਗਾਰਡਨ ਮਲਕ ਦੇ ਇਸ ਹਿੱਸੇ ਦਾ ਵੇਰਵੇ ਸਹਿਤ ਨਕਸ਼ਾ ਬਣਾ ਸਕਣ ਦੇ ਯੋਗ ਹੋ ਗਿਆ ਸੀ ਅਤੇ ਇਹ ਨਕਸ਼ਾ ਉਨ੍ਹਾਂ ਸਾਰਿਆਂ ਨਕਸ਼ਿਆਂ ਦਾ ਆਧਾਰ ਬਣਿਆ ਜਿਹੜੇ ਕਿ ਅੰਤ ਸਿੱਖਾਂ ਦੀ ਲੜਾਈ ਲੱਗ ਜਾਣ ਵੇਲੇ ਵਰਤੇ ਗਏ।'

ਜੰਞ ਚੜ੍ਹਨ ਤੋਂ ਪਹਿਲਾਂ ਪੰਜ ਕੁ ਲੱਖ ਆਦਮੀਆਂ ਦਾ ਇਕੱਠ ਵਿਆਹ ਵਿਚ ਸ਼ਾਮਲ ਹੋਣ ਲਈ ਹੋ ਗਿਆ। ਇੱਥੇ ਵਿਆਹ ਦੇ ਸਾਰੇ ਹਾਲਾਂ ਦਾ ਵਿਸਥਾਰ ਨਾਲ ਜ਼ਿਕਰ ਨਹੀਂ ਹੋ ਸਕੇਗਾ, ਇਸ ਲਈ ਕੇਵਲ ਜ਼ਰੂਰੀ ਗੱਲਾਂ ਦਾ ਹੀ ਜ਼ਿਕਰ ਕੀਤਾ ਜਾਏਗਾ। 25 ਫੱਗਣ 1893, 6 ਮਾਰਚ 1837, ਨੂੰ ਲੌਢੇ ਵੇਲੇ ਤੋਹਫ਼ੇ ਤੇ ਤੰਬੋਲ ਪੇਸ਼ ਹੋਏ। 26 ਫੱਗਣ, 7 ਮਾਰਚ, ਦੀ ਸਵੇਰੇ ਸ੍ਰੀ ਦਰਬਾਰ ਸਾਹਿਬ ਹਾਜ਼ਰ ਹੋ ਕੇ ਮਹਾਰਾਜਾ ਸਾਹਿਬ ਨੇ ਸਣੇ ਸ਼ਾਹਜ਼ਾਦਿਆਂ ਤੇ ਪਤਵੰਤੇ ਪ੍ਰਾਹੁਣਿਆਂ ਦੇ ਮੱਥਾ ਟੇਕਿਆ, ਅਰਦਾਸਾ ਸੋਧਿਆ ਤੇ ਭੇਟਾਂ ਚੜ੍ਹਾਈਆਂ ਅਤੇ ਕੰਵਰ ਨੌਨਿਹਾਲ ਸਿੰਘ ਨੂੰ ਸੇਹਰਾ ਬੰਨ੍ਹਣ ਦੀ ਰਸਮ ਅਦਾ ਕੀਤੀ। ਲੌਢੇ ਵੇਲੇ ਜੰਞ ਨੇ ਅਟਾਰੀ ਨੂੰ ਚੜ੍ਹਾਈ ਕੀਤੀ। ਅੰਮ੍ਰਿਤਸਰ ਤੋਂ ਅਟਾਰੀ ਤਕ ਲੱਖਾਂ ਦੀ ਗਿਣਤੀ

---

1. That able Commander was ever a careful observer of military means and of soldierly qualities; he formed an estimate of the force which would be required for the complete subjugation of the Punjab, but at the same time he laid it down as a principle. that the Sutlej and the wastes of Rajputana and Sindh were the best boundaries which the English could have in the East. The prospect of a war with the Sikhs was then remote and hostile designs could not with honour be entertained by a guest.

These views of Sir Henry Fane's may not be on record but they were well known to those about his Excellency. His estimate was, as I remember to have heard from Capt. Wade, 67,000 men and he thought there might be a two year's active warfare.

This visit to Lahore was perhaps mainly useful in enabling Lieut. Col. Garden, the indefatigable quartermaster-general of the Bengal Army to complete a detailed map of that part of the country, and which formed the ground work of all the maps used when the hostilities did at last break out with the Sikhs."—Cunningham, *History of the Sikhs* (1849), 227-28, and footnote on p. 227.

ਵਿਚ ਲੋਕੀਂ ਸੜਕ ਦੇ ਦੋਹੀਂ ਪਾਸੀਂ ਖੜੇ ਸਨ। ਮਹਾਰਾਜਾ ਸਾਹਿਬ ਨੇ ਪ੍ਰਾਹੁਣਿਆਂ ਦੇ ਹਾਥੀਆਂ ਉੱਤੇ ਰੁਪਈਆਂ ਦੀ ਥੈਲੀਆਂ ਰਖਵਾਈਆਂ ਹੋਈਆਂ ਸਨ ਤਾਂ ਕਿ ਉਹ ਰਸਤੇ ਵਿਚ ਸੋਟ ਕਰਦੇ ਜਾਣ। ਖ਼ੁਦ ਮਹਾਰਾਜਾ ਸਾਹਿਬ ਅਟਾਰੀ ਤਕ ਸਾਰੇ ਰਸਤੇ ਖੁਲ੍ਹੀਂ ਹੱਥੀਂ ਰੁਪਈਆਂ, ਬੁਤਕੀਆਂ ਆਦਿ ਦਾ ਮੀਂਹ ਵਰ੍ਹਾਉਂਦੇ ਗਏ ਜਿਸ ਨਾਲ ਕਈ ਲੱਖ ਰੁਪਈਆ ਗ਼ਰੀਬ ਗ਼ੁਰਬੇ ਵਿਚ ਵੰਡਿਆ ਗਿਆ।

ਅਟਾਰੀ ਪਹੁੰਚਣ ਤੇ ਸਰਦਾਰ ਸ਼ਾਮ ਸਿੰਘ ਨੇ ਬੜੇ ਸ਼ਾਹਾਨਾ ਢੰਗ ਨਾਲ ਆਓ-ਭਗਤ ਕੀਤੀ ਤੇ ਜੰਵ ਦੇ ਉਤਾਰੇ ਦਾ ਪ੍ਰਬੰਧ ਕੀਤਾ। ਉਸੇ ਰਾਤੀਂ ਵਿਆਹ ਹੋ ਗਿਆ ਤੇ ਰਾਤ ਆਤਸ਼ਬਾਜ਼ੀ, ਖ਼ੁਸ਼ੀਆਂ ਤੇ ਜਸ਼ਨਾਂ ਵਿਚ ਗੁਜ਼ਰੀ।

ਦੂਸਰੇ ਦਿਨ ਮਹਾਰਾਜੇ ਨੇ ਬੜੇ ਖੁਲ੍ਹੇ ਦਿਲ ਨਾਲ ਖ਼ੈਰ-ਖ਼ੈਰਾਤ ਦਿੱਤੀ। ਦਾਨ ਵੰਡਨ ਲਈ ਪੰਜ ਮੀਲਾਂ ਵਿਚ ਇਕ ਦਾਇਰਾ ਬਣਾਇਆ ਗਿਆ ਜਿਸ ਦੇ ਇਰਦ ਗਿਰਦ ਫ਼ੌਜਾਂ ਖੜੀਆਂ ਸਨ। ਇਸ ਦਾਇਰੇ ਦੇ ਅੱਸੀ ਦਰਵਾਜ਼ੇ ਸਨ ਤੇ ਹਰ ਦਰਵਾਜ਼ੇ ਉੱਤੇ ਖ਼ਜ਼ਾਨਚੀ ਥੈਲੀਆਂ ਲਈ ਬੈਠੇ ਸਨ ਜੋ ਜੀ ਪਰਤੀ; ਕੀ ਆਦਮੀ ਤੇ ਕੀ ਜਾਨਵਰ, ਇਕ ਇਕ ਰੁਪਈਆ ਦੇਈ ਜਾਂਦੇ ਸਨ ਤੇ ਕਿਸੇ ਨੂੰ ਖ਼ਾਲੀ ਨਹੀਂ ਸੀ ਜਾਣ ਦਿੰਦੇ। ਕਹਿੰਦੇ ਹਨ ਕਿ ਇਸ ਵੇਲੇ ਇਕ ਅਜੀਬ ਨਜ਼ਾਰਾ ਪੇਸ਼ ਆਇਆ। ਇਕ ਮੰਗਤਾ ਮਹਾਰਾਜਾ ਸਾਹਿਬ ਦੇ ਹਜ਼ੂਰ ਹਾਜ਼ਰ ਹੋ ਕੇ ਕਹਿਣ ਲੱਗਾ ਕਿ ਸਰਕਾਰ ਦੇ ਹੁਕਮ ਨਾਲ ਸਭ ਨੂੰ ਜੀ ਪਰਤੀ ਇਕ ਇਕ ਰੁਪਈਆ ਮਿਲ ਰਿਹਾ ਹੈ, ਮੈਨੂੰ ਵੀ ਮੇਰਾ ਹੱਕ ਦਿਲਾਇਆ ਜਾਵੇ। ਮਹਾਰਾਜਾ ਸਾਹਿਬ ਨੇ ਖ਼ਜ਼ਾਨਚੀ ਨੂੰ ਹੁਕਮ ਦਿੱਤਾ ਕਿ ਇਸ ਦਾ ਹਿੱਸਾ ਇਸ ਨੂੰ ਦੇ ਦਿਓ। ਉਸ ਨੇ ਕੀੜੀਆਂ ਕਾਢਿਆਂ ਦੀ ਭਰੀ ਹੋਈ ਇਕ ਟਿੰਡ ਪੇਸ਼ ਕੀਤੀ ਤੇ ਅਰਜ਼ ਕੀਤੀ ਕਿ ਹਜ਼ੂਰ ਮੈਨੂੰ ਮੇਰੇ ਜੀ ਗਿਣ ਕੇ ਹੱਕ ਮਿਲੇ। ਇਸ ਮੰਗਤੇ ਦੀ ਚਾਲਾਕੀ ਤੇ ਮਹਾਰਾਜ ਬੜੇ ਹੱਸੇ ਤੇ ਕਿਹਾ ਕਿ ਜਾਂ ਤਾਂ ਤੂੰ ਗਿਣ ਕੇ ਦੱਸ ਕਿ ਤੇਰੇ ਇਹ ਜੀ ਕਿਤਨੇ ਹਨ ਜਾਂ ਇਹ ਟਿੰਡ ਰੁਪਈਆਂ ਦੀ ਭਰਵਾ ਲੈ। ਉਸ ਨੇ ਕਿਹਾ ਮੈਨੂੰ ਮਨਜ਼ੂਰ ਹੈ ਕਿ ਮੇਰੀ ਟਿੰਡ ਭਰ ਦਿੱਤੀ ਜਾਵੇ, ਜਿਸ ਨਾਲ ਉਸ ਦੇ ਚਿਰਾਂ ਦੇ ਦਲਿੱਦਰ ਟੁੱਟ ਗਏ।[1] ਇਤਿਹਾਸਕਾਰਾਂ ਦਾ ਅੰਦਾਜ਼ਾ ਹੈ ਕਿ ਇਸ ਤਰ੍ਹਾਂ ਖ਼ੈਰਾਤ ਵਿਚ ਕੋਈ 20 ਲੱਖ ਤੋਂ ਉੱਪਰ ਰੁਪਈਆ ਖ਼ਰਚ ਆਇਆ। ਇਸ ਤੋਂ ਹੀ ਅੰਦਾਜ਼ਾ ਲੱਗ ਸਕਦਾ ਹੈ ਕਿ ਸਾਰੇ ਵਿਆਹ ਤੇ ਕੀ ਖ਼ਰਚ ਆਇਆ ਹੋਵੇਗਾ।

ਸਰਦਾਰ ਸ਼ਾਮ ਸਿੰਘ ਨੇ ਆਪਣੀ ਸੁਪੁੱਤਰੀ ਨੂੰ ਜੋ ਦਾਜ ਦਿੱਤਾ ਉਸ ਵਿਚ ਮੋਟੀਆਂ ਮੋਟੀਆਂ ਚੀਜ਼ਾਂ ਇਹ ਸਨ :

| | |
|---|---|
| 11 | ਹਾਥੀ |
| 101 | ਊਠ |
| 101 | ਘੋੜੇ |
| 101 | ਗਊਆਂ |

1. *ਪੰਥ ਪ੍ਰਕਾਸ਼*, 836, ਬਾਬਾ ਪ੍ਰੇਮ ਸਿੰਘ, *ਮਹਾਰਾਜਾ ਰਣਜੀਤ ਸਿੰਘ*, 265-73; ਨੌਨਿਹਾਲ ਸਿੰਘ, 61-64।

| | |
|---|---|
| 101 | ਮੱਝੀਆਂ |
| 500 | ਜੋੜੇ ਕਸ਼ਮੀਰੀ ਦੁਸ਼ਾਲੇ |

ਬਹੁਮੁੱਲੇ ਹੀਰੇ, ਜਵਾਹਰ ਤੇ ਜ਼ੇਵਰ, ਬੇਅੰਤ ਸੋਨੇ ਚਾਂਦੀ ਦੇ ਭਾਂਡੇ, ਕੀਮਖ਼ਾਬ ਦੇ ਥਾਨ ਤੇ ਹੋਰ ਊਨੀ, ਰੇਸ਼ਮੀ, ਤੇ ਸੂਤ੍ਰ ਦੇ ਕੱਪੜੇ ਜਿਨ੍ਹਾਂ ਦਾ ਮੁੱਲ ਗਿਣਨਾ ਮੁਸ਼ਕਲ ਹੈ। ਇਸ ਤੋਂ ਇਲਾਵਾ ਮਹਾਰਾਜਾ ਸਾਹਿਬ, ਸ਼ਾਹਜ਼ਾਦਾ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ, ਕੰਵਰ ਸ਼ੇਰ ਸਿੰਘ ਤੇ ਦੂਸਰੇ ਸ਼ਾਹਜ਼ਾਦਿਆਂ ਸਰ ਹੈਨਰੀ ਫ਼ੇਨ ਤੇ ਉਸ ਦੇ ਸਟਾਫ਼ ਤੇ ਦੂਸਰੇ ਪਤਵੰਤਿਆਂ ਨੂੰ ਬਹੁ-ਮੁੱਲੀਆਂ ਪੁਸ਼ਾਕਾਂ ਦਿੱਤੀਆਂ। ਇਸ ਸ਼ਾਦੀ ਉੱਤੇ ਸਰਦਾਰ ਸ਼ਾਮ ਸਿੰਘ ਦਾ ਪੰਦਰਾਂ ਲੱਖ ਰੁਪਈਆ ਖ਼ਰਚ ਆਇਆ।[1]

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫਤਰ, ਹਿੱਸਾ 3, 358-78, ਫ਼ੈਨ, *ਫ਼ਾਈਵ ਯੀਅਰਜ਼ ਇਨ ਇੰਡੀਆ*, 119-183; ਬੂਟੇ ਸ਼ਾਹ ਤਾਰੀਖ਼ਿ ਪੰਜਾਬ; *ਅਲੀ-ਉ-ਦੀਨ*, ਇਬ੍ਰਤਨਾਮਾ।

# ਪਿਸ਼ਾਵਰ ਨੂੰ ਕੂਚ

12 ਚੇਤ ਸੰਮਤ 1895, 24 ਮਾਰਚ 1838, ਨੂੰ ਸਰਦਾਰ ਹਰੀ ਸਿੰਘ ਨਲਵੇ ਦੀ ਅਰਜ਼ੀ ਪੁੱਜੀ ਕਿ ਜਮਰੂਦ ਵਿਚ ਹੋਈ ਲੜਾਈ ਵਿਚ ਹਾਜੀ ਕਾਕੜ ਤੇ ਸਆਦਤਖ਼ਾਨ ਦੇ ਡੇਰੇ ਦੇ ਕਾਫ਼ੀ ਅਫ਼ਗਾਨ ਜ਼ਖ਼ਮੀ ਹੋਏ ਤੇ ਮਾਰੇ ਗਏ ਹਨ ਅਤੇ ਕੁਝ ਸਿੰਘ ਵੀ ਹੁਕਮਸੱਤ ਕਰ ਗਏ ਹਨ। ਜਵਾਬ ਵਿਚ ਮਹਾਰਾਜਾ ਸਾਹਿਬ ਨੇ ਫ਼ੁਰਮਾਇਆ ਕਿ ਰਾਜਾ ਗੁਲਾਬ ਸਿੰਘ ਤੇ ਸਰਦਾਰ ਲਹਿਣਾ ਸਿੰਘ ਮਜੀਠੀਆ ਜਲਦੀ ਹੀ ਪਿਸ਼ਵਾਰ ਨੂੰ ਕੂਚ ਕਰਨਗੇ ਤੇ ਆਪ ਮਹਾਰਾਜਾ ਸਾਹਿਬ ਵੀ ਪਤਵੰਤੇ ਪ੍ਰਾਹੁਣਿਆਂ ਨੂੰ ਵਿਦਿਆ ਕਰ ਕੇ ਪਿਸ਼ਾਵਰ ਵੱਲ ਨੂੰ ਵਾਗਾਂ ਮੋੜਨਗੇ।[1]

19 ਚੇਤ ਨੂੰ ਸਰ ਹੈਨਰੀ ਫ਼ੇਨ ਤੇ ਉਨ੍ਹਾਂ ਦੇ ਅੰਗ੍ਰੇਜ਼ ਸਾਥੀਆਂ ਨੂੰ ਵਿਦਿਆ ਕੀਤਾ ਤੇ ਕੰਵਰ ਸ਼ੇਰ ਸਿੰਘ ਉਨ੍ਹਾਂ ਨੂੰ ਛੱਡਣ ਲਈ ਫ਼ਿਰੋਜ਼ਪੁਰ ਵੱਲ ਗਏ। ਕਸੂਰ ਦਾ ਇਲਾਕਾ ਚੂੰਕਿ ਸਰਦਾਰ ਸ਼ਾਮ ਸਿੰਘ ਦੀ ਜਾਗੀਰ ਵਿਚ ਸੀ ਇਸ ਲਈ ਕਸੂਰ ਵਿਚ ਇਨ੍ਹਾਂ ਦੀ ਆਓ-ਭਗਤ ਤੇ ਰੋਟੀ ਪਾਣੀ ਦਾ ਸਾਰਾ ਪ੍ਰਬੰਧ ਸਰਦਾਰ ਸ਼ਾਮ ਸਿੰਘ ਵੱਲੋਂ ਕੀਤਾ ਗਿਆ। ਧੀਰਮਲੀਏ ਗੁਰੂ ਸਾਧੂ ਸਿੰਘ ਕਰਤਾਰਪੁਰੀਏ (ਸਣੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ) ਅਤੇ ਦੂਸਰੇ ਪਤਵੰਤਿਆਂ ਦੇ ਵਿਦਿਆ ਹੋ ਜਾਣ ਪਿੱਛੋਂ ਮਹਾਰਾਜਾ ਸਾਹਿਬ ਵੀ ਲਹਿੰਦੇ ਨੂੰ ਚੜ੍ਹ ਪਏ ਤੇ 27 ਚੇਤ, 8 ਅਪ੍ਰੈਲ 1838, ਨੌਰਾਤੇ ਵਾਲੇ ਦਿਨ ਸ਼ੇਖ਼ੂਪੁਰੇ ਪੁੱਜੇ। ਸ਼ੇਖ਼ੂਪੁਰੇ ਪੁੱਜਣ ਤੇ ਪਤਾ ਨਹੀਂ ਕੀ ਗੱਲ ਹੋਈ ਜਾਂ ਰਾਜਾ ਧਿਆਨ ਸਿੰਘ ਦਾ ਕੀ ਭੇਦ ਖੁਲ੍ਹਿਆ ਕਿ ਮਹਾਰਾਜਾ ਸਾਹਿਬ ਉਸ ਨਾਲ ਬੜੇ ਸਖ਼ਤ ਨਾਰਾਜ਼ ਹੋ ਗਏ। ਇਥੇ ਧਿਆਨ ਸਿੰਘ ਨੇ ਬੇਨਤੀ ਕੀਤੀ ਕਿ ਸ਼ੇਖ਼ੂਪੁਰੇ ਵਿਚ ਊਲਾਂ (ਯਰਗ਼ਮਾਲਾਂ) ਦੀ ਗਿਣਤੀ ਬਹੁਤ ਜ਼ਿਆਦਾ ਹੋ ਗਈ ਹੈ ਅਤੇ ਅੱਜ ਨੌਰਾਤੇ ਦਾ ਸ਼ੁਭ ਦਿਨ ਹੈ। ਇਸ ਲਈ ਧਰਮ ਕਰਮ ਕਰਨਾ ਜ਼ਰੂਰੀ ਹੈ। ਅੱਗੋਂ ਮਹਾਰਾਜਾ ਸਾਹਿਬ ਨੇ ਫ਼ੁਰਮਾਇਆ ਕਿ 'ਤਾਂ ਫੇਰ ਜੰਮੂਵਾਲੇ ਊਲਾਂ ਨੂੰ ਛੱਡ ਦੇਹ, ਧਰਮ ਏਹੀ ਹੈ। ਲੋਕਾਂ ਨੂੰ ਨਸੀਹਤ ਤੇ ਆਪ ਮੀਆਂ ਫ਼ਸੀਹਤ? ਕੁਝ ਚਿਰ ਪਿੱਛੋਂ ਜਦ ਬੇਨਤੀ ਹੋਈ ਕਿ ਮਨਕੇਰੇ ਤੋਂ ਊਲ ਸਣੇ ਦੋ ਕੰਪਨੀਆਂ ਦੇ ਹਾਜ਼ਰ ਹਨ ਤਾਂ ਮਹਾਰਾਜਾ ਸਾਹਿਬ ਨੇ ਜਵਾਬ ਦਿੱਤਾ ਕਿ ਊਲਾਂ ਨੂੰ ਖੂਹ ਵਿਚ ਤੇ ਕੰਪਨੀਆਂ ਨੂੰ ਦਰਿਆ ਵਿਚ ਸੁੱਟ ਦਿਓ। ਪਿੱਛੋਂ ਜਦ ਪੁੱਛਿਆ ਕਿ ਸਰਕਾਰ ਦਾ ਡੇਰਾ ਕਿੱਥੇ ਕੀਤਾ ਜਾਏ ਤਾਂ ਕਹਿਣ ਲੱਗੇ 'ਸਰਕਾਰ ਦੀ ਜੀਭ ਉੱਤੇ'।[2]

---

1. *ਉਮਦਾਤੁ-ਤਵਾਰੀਖ਼*, ਦਫ਼ਤਰ 3, ਹਿੱਸਾ 4, ਪੰ. 386।
2. *ਉਮਦਾਤੁ-ਤਵਾਰੀਖ਼*, ਦਫ਼ਤਰ 3, ਹਿੱਸਾ 4, 388-9।

1 ਵਸਾਖ 1895 ਨੂੰ, ਡੇਰਾ ਪਿੰਡ ਉਧੋਵਾਲੀ ਹੋਇਆ ਤੇ 2 ਨੂੰ ਅਕਾਲਗੜ੍ਹ ਤੇ 3 ਨੂੰ ਅਕਾਲਗੜ੍ਹੋਂ ਰਾਮ ਨਗਰ ਪੁਜੇ ਤੇ 20 ਤਾਰੀਖ਼ ਤਕ ਇੱਥੇ ਹੀ ਕਿਆਮ ਕੀਤਾ। ਇੱਥੇ ਹੀ ਰਾਮਨਗਰ ਦੇ ਮੁਕਾਮ ਤੇ 11 ਵਸਾਖ, 21 ਅਪ੍ਰੈਲ ਸੰਨ 1838, ਨੂੰ ਸਰਦਾਰ ਹਰੀ ਸਿੰਘ ਨਲਵੇ ਦੀ ਅਰਜ਼ੀ ਪੁੱਜੀ ਕਿ ਦੋਸਤ ਮੁਹੰਮਦ ਖ਼ਾਨ ਦੇ ਭਤੀਜਿਆਂ, ਮੁਹੰਮਦ ਅਫ਼ਜ਼ਲ, ਅਕਬਰ ਸ਼ੀਰੀਨ ਖ਼ਾਨ, ਹੈਦਰ ਤੇ ਅਕਰਮ ਨੇ ਜਮਰੂਦ ਦੇ ਕਿਲ੍ਹੇ ਲਾਗੇ ਆ ਮੋਰਚੇ ਲਾਏ ਹਨ ਤੇ ਤੋਪ ਤੇ ਤੋਪ ਪਈ ਚਲ ਰਹੀ ਹੈ। ਮਹਾਰਾਜਾ ਸਾਹਿਬ ਨੇ ਇਹ ਖ਼ਬਰ ਸੁਣਦੇ ਸਾਰ ਕੰਵਰ ਨੌਨਿਹਾਲ ਸਿੰਘ ਨੂੰ ਪਿਸ਼ਾਵਰ ਜਾਣ ਲਈ ਤਿਆਰੀ ਦਾ ਹੁਕਮ ਦਿੱਤਾ ਤੇ ਨਾਲ ਹੀ ਅਵੀਤਾਬਿਲੇ ਸਾਹਿਬ, ਸੁਲਤਾਨ ਮੁਹੰਮਦ ਖ਼ਾਨ, ਪੀਰ ਮੁਹੰਮਦ ਖ਼ਾਨ ਆਦਿ ਨੂੰ ਵੀ ਹੁਕਮ ਹੋਇਆ। 17 ਵਸਾਖ ਨੂੰ ਸਰਦਾਰ ਤੇਜ ਸਿੰਘ, ਸਰਦਾਰ ਸ਼ਾਮ ਸਿੰਘ ਅਟਾਰੀਵਾਲੇ, ਸਰਦਾਰ ਲਹਿਣਾ ਸਿੰਘ ਮਜੀਠੀਏ, ਅਲਾਰਦ, ਵੈਂਤੂਰਾ, ਕੋਰਟ, ਜਮਾਦਾਰ ਖ਼ੁਸ਼ਾਲ ਸਿੰਘ ਤੇ ਰਾਜਾ ਗੁਲਾਬ ਸਿੰਘ ਆਦਿ ਨੂੰ ਹੁਕਮ ਹੋਇਆ ਕਿ ਕੰਵਰ ਨੌਨਿਹਾਲ ਸਿੰਘ ਦੀ ਸਹਾਇਤਾ ਲਈ ਪਿਸ਼ਾਵਰ ਨੂੰ ਕੂਚ ਕਰਨ।[1]

ਪਰ ਫ਼ੌਜਾਂ ਪੁੱਜਣ ਤੋਂ ਪਹਿਲਾਂ ਹੀ ਜਮਰੂਦ ਦੀ ਆਖ਼ਰੀ ਲੜਾਈ 19 ਵਸਾਖ ਸਨਿਚਰਵਾਰ ਵਾਲੇ ਦਿਨ ਹੋ ਗਈ ਜਿਸ ਵਿਚ ਸਰਦਾਰ ਹਰੀ ਸਿੰਘ ਨਲਵਾ ਜ਼ਖ਼ਮੀ ਹੋਕੇ ਹੁਕਮ-ਸੱਤ ਕਰ ਗਏ। ਇਹ ਦਰਦਨਾਕ ਖ਼ਬਰ ਮਹਾਰਾਜਾ ਸਾਹਿਬ ਨੂੰ 26 ਵਸਾਖ ਨੂੰ ਰੋਹਤਾਸ ਦੇ ਮਕਾਮ ਤੇ ਪੁੱਜੀ। ਅਕਾਲ ਚਲਾਣਾ ਕਰਨ ਤੋਂ ਪਹਿਲਾਂ ਸਰਦਾਰ ਹਰੀ ਸਿੰਘ ਨੇ ਜਮਰੂਦ ਦੇ ਕਿਲ੍ਹੇਦਾਰ ਸਰਦਾਰ ਮਹਾਂ ਸਿੰਘ ਨੂੰ ਨਸੀਹਤ ਕੀਤੀ ਸੀ ਕਿ ਜਦ ਤਕ ਮਹਾਰਾਜਾ ਸਾਹਿਬ ਵੱਲੋਂ ਹੋਰ ਫ਼ੌਜ ਨਾ ਆ ਪੁੱਜੇ ਉਨ੍ਹਾਂ ਦੇ ਚਲਾਣੇ ਦੀ ਖ਼ਬਰ ਬਾਹਰ ਨਾ ਕੱਢੀ ਜਾਵੇ। ਚੁਨਾਂਚਿ ਸਰਦਾਰ ਮਹਾਂ ਸਿੰਘ ਨੇ ਇਸ ਦੀ ਧੁਸਕ ਤਕ ਨਾ ਨਿਕਲਣ ਦਿੱਤੀ ਤਾਂ ਕਿ ਦਿਲ-ਛੱਠੇ ਪਠਾਣ ਹੋਰ ਮੁਲਖੱਈਆ ਨਾਲ ਲੈ ਕੇ ਕਿਧਰੇ ਕਿਲ੍ਹੇ ਉੱਤੇ ਨਾ ਆ ਪੈਣ।

ਮਹਾਰਾਜਾ ਸਾਹਿਬ ਵੱਲੋਂ ਭੇਜੀ ਗਈ ਕੁਮਕੀ ਫ਼ੌਜ ਦੇ ਜਿਸ ਨਾਲ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਆਏ ਸਨ, ਜਮਰੂਦ ਦੇ ਮੁਕਾਮ ਤੇ ਪੁੱਜਣ ਦੀ ਦੇਰ ਸੀ ਕਿ 28 ਵਸਾਖ ਨੂੰ ਪਠਾਣੀ ਦਲ ਜਮਰੂਦ ਦਾ ਮੈਦਾਨ ਛੱਡ ਕੇ ਅਲੀ ਮਸਜਿਦ ਵੱਲ ਨੂੰ ਤਿੱਤਰ ਹੋ ਗਿਆ। ਸਰਦਾਰ ਸ਼ਾਮ ਸਿੰਘ ਅਤੇ ਕੋਰਟ ਸਾਹਿਬ ਨੇ ਇਨ੍ਹਾਂ ਦਾ ਪਿੱਛਾ ਕੀਤਾ ਤਾਂਕਿ ਉਹ ਇਰਦ ਗਿਰਦ ਦੀਆਂ ਪਹਾੜੀਆਂ ਵਿਚ ਲੁਕਣ ਦਾ ਯਤਨ ਨਾ ਕਰਨ। ਪਿੱਛੇ ਆ ਰਹੇ ਸਿੰਘਾਂ ਨੂੰ ਰੁਕਣ ਲਈ ਉਨ੍ਹਾਂ ਨੇ ਮੁਕਾਬਲਾ ਕਰਨ ਦਾ ਇਕ ਯਤਨ ਕੀਤਾ, ਪਰ ਸਿੰਘਾਂ ਦੇ ਟਾਕਰੇ ਤੇ ਉਹ ਜ਼ਿਆਦਾ ਦੇਰ ਖੜੇ ਨਾ ਰਹਿ ਸਕੇ ਤੇ ਜਦ ਥੋੜ੍ਹੇ ਜਿਹੇ ਬੰਦੇ ਮੁਕਾਬਲੇ ਵਿਚ ਮਰੇ ਤੇ ਜ਼ਖ਼ਮੀ ਹੋਏ ਤਾਂ ਮੈਦਾਨੋਂ ਭੱਜ ਨਿਕਲੇ ਤੇ ਅਲੀ ਮਸਜਦੋਂ ਦੌੜ ਕੇ ਅੱਗੇ ਨੂੰ ਤੁਰ ਗਏ।

ਪਠਾਣਾਂ ਵੱਲੋਂ ਜਮਰੂਦ ਤੇ ਪਿਸ਼ਾਵਰ ਨੂੰ ਕੋਈ ਖ਼ਤਰਾ ਨਾ ਰਹਿਣ ਤੇ ਸਰਦਾਰ ਸ਼ਾਮ ਸਿੰਘ ਜੀ ਕੁਮਕੀ ਫ਼ੌਜਾਂ ਦੇ ਨਾਲ ਹੀ ਲਾਹੌਰ ਨੂੰ ਮੁੜ ਆਏ।[2]

---

1. *ਉਦਮਾਤੁ-ਤਵਾਰੀਖ਼*, ਦਫ਼ਤਰ, ਹਿੱਸਾ 4, 393-94.
2. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ 3, ਹਿੱਸਾ 4, 395-401.

# ਹਜ਼ਾਰੇ ਨੂੰ

ਅਖ਼ੀਰ ਜੇਠ 1895 (ਜੂਨ 1838 ਦੇ ਦੂਸਰੇ ਹਫ਼ਤੇ) ਮਹਾਰਾਜਾ ਸਾਹਿਬ ਨੇ ਹਜ਼ਾਰੇ ਦੇ ਇਲਾਕੇ ਦਾ ਮੁਆਮਲਾ ਵਸੂਲ ਕਰਨ ਲਈ ਸਰਦਾਰ ਲਹਿਣਾ ਸਿੰਘ ਸੰਧਾਵਾਲੀਏ ਨੂੰ ਮੁਕੱਰਰ ਕੀਤਾ ਤੇ ਹੁਕਮ ਦਿੱਤਾ ਕਿ ਰੱਈਅਤ ਦੀ ਹਾਲਤ ਦਾ ਖ਼ਿਆਲ ਰੱਖ ਕੇ ਮੁਆਮਲਾ ਉਗ੍ਰਾਹਿਆ ਜਾਵੇ। ਇਸ ਵੇਲੇ ਸਰਦਾਰ ਸ਼ਾਮ ਸਿੰਘ ਦੇ ਨਾਮ ਵੀ ਪ੍ਰਵਾਨਾ ਜਾਰੀ ਹੋਇਆ ਕਿ ਸੰਧਾਂਵਾਲੀਏ ਸਰਦਾਰ ਦੇ ਨਾਲ ਸ਼ਾਮਲ ਹੋ ਕੇ ਹਜ਼ਾਰੇ ਵੱਲ ਨੂੰ ਕੂਚ ਕਰਨ ਤੇ ਦੋਵੇਂ ਰਲ ਮਿਲ ਕੇ ਮੁਆਮਲੇ ਦੀ ਉਗ੍ਰਾਹੀ ਦਾ ਇੰਤਜ਼ਾਮ ਕਰਨ।[1]

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫਤਰ 3, ਹਿੱਸਾ 4, 536।

# ਕੰਵਰ ਦਲੀਪ ਸਿੰਘ ਦਾ ਜਨਮ

ਕਹਿੰਦੇ ਹਨ ਕਿ ਅੰਮ੍ਰਿਤਸਰ ਦੇ ਜੋਤਸ਼ੀ ਪੰਡਤ ਰਾਮ ਦੱਤ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਦੱਸਿਆ ਸੀ ਕਿ ਉਨ੍ਹਾਂ ਦੇ ਘਰ ਜੋ ਬਾਲਕ ਜਨਮ ਲੈਣ ਵਾਲਾ ਹੈ ਉਹ ਹਕੂਮਤ ਵਾਸਤੇ ਚੰਗੇ ਸ਼ਗਣ ਵਾਲਾ ਪ੍ਰਤੀਤ ਨਹੀਂ ਹੁੰਦਾ ਅਤੇ ਉਸ ਨੂੰ ਸਮੁੰਦਰੋਂ ਪਾਰ ਜਾਣਾ ਪਏਗਾ। ਇਨ੍ਹਾਂ ਦਿਨਾਂ ਵਿਚ ਮਹਾਰਾਜਾ ਸਾਹਿਬ ਦੀ ਸਭ ਤੋਂ ਛੋਟੀ ਮਹਾਰਾਣੀ ਜਿੰਦ ਕੌਰ, ਜੋ ਇਤਿਹਾਸ ਵਿਚ ਮਹਾਰਾਣੀ ਅਤੇ ਮਾਈ ਜਿੰਦਾਂ ਕਰਕੇ ਪ੍ਰਸਿੱਧ ਹੈ ਅਤੇ ਜਿਸ ਨੂੰ ਮਹਾਰਾਜਾ ਸਾਹਿਬ 'ਮਹਿਬੂਬਾ' ਕਹਿ ਕੇ ਬੁਲਾਇਆ ਕਰਦੇ ਸਨ, ਗਰਭਵਤੀ ਸੀ, ਇਸ ਲਈ ਮਹਾਰਾਜਾ ਸਾਹਿਬ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਰਦਾਸ ਕਰਨ ਲਈ 17 ਭਾਦੋਂ ਸੰਮਤ 1865, 31 ਅਗਸਤ ਸੰਨ 1838, ਨੂੰ ਲਾਹੌਰੋਂ ਤੁਰੇ। ਅਟਾਰੀ ਤੋਂ ਸਰਦਾਰ ਸ਼ਾਮ ਸਿੰਘ ਵੀ ਮਹਾਰਾਜਾ ਸਾਹਿਬ ਦੇ ਨਾਲ ਰਲ ਪਏ ਅਤੇ ਉਨ੍ਹਾਂ ਦੇ ਨਾਲ ਹੀ ਸ੍ਰੀ ਅੰਮ੍ਰਿਤਸਰ ਆ ਗਏ।

ਸ੍ਰੀ ਅੰਮ੍ਰਿਤਸਰ ਪਹੁੰਚ ਕੇ ਆਪ ਸਿੱਧੇ ਸ੍ਰੀ ਦਰਬਾਰ ਸਾਹਿਬ ਹਾਜ਼ਰ ਹੋਏ। ਗਿਆਰਾ ਸੋ ਰੁਪੱਈਆ ਸ੍ਰੀ ਦਰਬਾਰ ਸਾਹਿਬ ਅਤੇ ਪੰਜ ਸੌ ਰੁਪੱਈਆ ਸ੍ਰੀ ਅਕਾਲ ਤਖ਼ਤ ਚੜ੍ਹਾਇਆ ਤੇ ਅਰਦਾਸ ਕਰਾਈ। ਫਿਰ ਪ੍ਰਕਰਮਾ ਵਿਚ ਹਰ ਬੁੰਗੇ ਰੁਪੱਈਆ ਚੜ੍ਹਾਵਾ ਚੜ੍ਹਾਉਂਦੇ ਹੋਏ ਦੁਖ ਭੰਜਣੀ ਸਾਹਿਬ ਦੇ ਰਸਤੇ ਗਏ। ਰਾਮਬਾਗ਼ ਵਿਚ ਉਤਾਰੇ ਬਾਅਦ ਨਜ਼ਰ ਨਿਆਜ਼ ਪਿੱਛੋਂ ਕਿਲਾ ਗੋਬਿੰਦ ਗੜ੍ਹ ਦੇ ਥਾਨੇਦਾਰਾਂ ਤੇ ਮੁਤਸੱਦੀਆਂ ਨੂੰ ਹੁਕਮ ਕੀਤਾ ਕਿ ਖ਼ਜ਼ਾਨੇ ਵਿਚ ਜੋ ਮਾਲ ਮੌਜੂਦ ਹੈ ਉਸ ਦਾ ਵੇਰਵਾ ਅਤੇ ਜੋ ਜੋ ਸ਼ੈ ਲੋੜੀਂਦੀ ਹੈ ਉਸ ਦੀ ਫ਼ਰਦ ਲਿਖ ਕੇ ਹਾਜ਼ਰ ਕਰਨ।

ਹਫ਼ਤੇ ਅੰਦਰ ਹੀ ਇੱਥੇ ਲਾਹੌਰੋਂ ਖ਼ਬਰ ਪੁੱਜੀ ਕਿ 23 ਭਾਦੋਂ, ਮੁਤਾਬਕ 6 ਸਤੰਬਰ ਸੰਨ 1838 ਨੂੰ ਲਾਹੌਰ ਮਹਾਰਾਣੀ ਜਿੰਦ ਕੌਰ ਦੀ ਕੁੱਖੋਂ ਸਾਹਿਬਜ਼ਾਦੇ ਨੇ ਜਨਮ ਲਿਆ ਹੈ। ਮਹਾਰਾਣੀ ਸਾਹਿਬਾ ਨੇ ਇਹ ਖ਼ਬਰ ਮੁਨਸ਼ੀ ਗੋਵਿੰਦ ਰਾਮ ਸਹਾਏ ਦੇ ਹੱਥੀਂ ਹਜ਼ੂਰ ਦੀ ਸੇਵਾ ਵਿਚ ਭੇਜੀ ਅਤੇ ਉਸ ਨੇ ਮਹਾਰਾਜਾ ਸਾਹਿਬ ਨੂੰ ਰਾਮ ਬਾਗ਼ ਵਿਚ ਇਹ ਖ਼ਬਰ ਪਹੁੰਚਾਈ। ਮਹਾਰਾਜਾ ਸਾਹਿਬ ਇਹ ਖ਼ਬਰ ਸੁਣ ਕੇ ਬੜੇ ਪ੍ਰਸੰਨ ਹੋਏ। ਵਜ਼ੀਰ ਧਿਆਨ ਸਿੰਘ ਨੇ ਜਿਸ ਵੇਲੇ ਇਹ ਖ਼ਬਰ ਸੁਣੀ ਤਾਂ ਪਹਾੜ ਦੀ ਰਸਮ ਅਨੁਸਾਰ ਸਿਰਵਾਰਨਾ ਕੀਤਾ। ਕੁਝ ਦਿਨਾਂ ਪਿੱਛੋਂ ਸੋਨੇ ਦੇ ਗਹਿਣੇ, ਹੱਸੀ, ਕੜੇ ਤੇ ਨਕਦੀ ਆਦਿ ਮੁਨਸ਼ੀ ਗੋਬਿੰਦ ਰਾਮ ਸਹਾਏ ਨੂੰ ਦੇ ਕੇ ਲਾਹੌਰ ਨੂੰ ਤੋਰਿਆ।[1]

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਸੋਮ, ਹਿੱਸਾ ਪੰਜਮ, 1.

ਕੰਵਰ ਖੜਕ ਸਿੰਘ ਦੀ ਤਰ੍ਹਾਂ ਇਸ ਭੁਜੰਗੀ ਦੀ ਸ਼ਕਲ ਵੀ ਮਹਾਰਾਜਾ ਸਾਹਿਬ ਨਾਲ ਇਤਨੀ ਜ਼ਿਆਦਾ ਮਿਲਦੀ ਸੀ ਕਿ ਉਹ ਮਹਾਰਾਜਾ ਸਾਹਿਬ ਦੀ ਇਕ ਨਿੱਕੀ ਜੇਹੀ ਮੂਰਤ ਹੀ ਜਾਪਦਾ ਸੀ।[1] ਇਸ ਭੁਜੰਗੀ ਦਾ ਨਾਂ ਦਲੀਪ ਸਿੰਘ ਰਖਿਆ ਗਿਆ।

ਭਾਵੇਂ ਉੱਪਰ ਜੋ ਕੁਝ ਲਿਖਿਆ ਗਿਆ ਹੈ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਛੱਡਦਾ, ਪਰ ਬਾਅਦ ਵਿਚ ਕੀਤੇ ਗਏ ਡੋਗਰਿਆਂ ਦੇ ਪ੍ਰੋਪੇਗੰਡੇ ਦੇ ਅਸਰ ਹੇਠਾਂ ਕਈ ਇਕ ਲਿਖਾਰੀਆਂ ਨੇ ਮਹਾਰਾਣੀ ਜਿੰਦ ਕੌਰ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਸ਼ਾਦੀ ਅਤੇ ਉਨ੍ਹਾਂ ਦੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਦੀ ਪੈਦਾਇਸ਼ ਸੰਬੰਧੀ ਜੋ ਕਈ ਪ੍ਰਕਾਰ ਦੀਆਂ ਗ਼ਲਤ ਬਿਆਨੀਆਂ ਕੀਤੀਆਂ ਹਨ ਉਨ੍ਹਾਂ ਨੂੰ ਸਾਫ਼ ਕਰਨਾ ਵੀ ਜ਼ਰੂਰੀ ਜਾਪਦਾ ਹੈ। ਮਹਾਰਾਣੀ ਜਿੰਦ ਕੌਰ ਦੀ ਸ਼ਾਦੀ ਸੰਬੰਧੀ ਭਗਤ ਲਕਸ਼ਮਣ ਸਿੰਘ ਨੇ, ਜੇਹੜੇ ਕਿ ਸਾਢੇ ਬਿਆਸੀ ਸਾਲ ਦੀ ਆਯੂ ਭੋਗ ਕੇ 27 ਦਸੰਬਰ 1845 ਨੂੰ ਅਕਾਲ ਚਲਾਣਾ ਕਰ ਗਏ ਹਨ, ਆਪਣੀ ਅਖ਼ਬਾਰ 'ਦੀ ਖਾਲਸਾ' ਦੇ 5 ਅਕਤੂਬਰ 1930 ਦੇ ਪਰਚੇ ਵਿਚ ਲਿਖਿਆ ਸੀ ਕਿ ਰਾਏ ਬਹਾਦੁਰ ਕੁੰਜ ਬਿਹਾਰੀ ਥਾਪਰ ਨੂੰ ਫ਼ਕੀਰ ਨੂਰੱਦੀਨ (ਜੋ ਮਹਾਰਾਣੀ ਦੇ ਮਹਲ ਦੇ ਨਿਗਾਹਬਾਨ ਸਨ) ਦੇ ਪੁੱਤਰ ਖ਼ਾਨ ਬਹਾਦੁਰ ਫ਼ਕੀਰ ਕਮਰੁੱਦੀਨ ਨੇ ਦੱਸਿਆ ਸੀ ਕਿ ਉਹ ਖ਼ੁਦ ਮਹਾਰਾਣੀ ਦੀ ਮਹਾਰਾਜਾ ਸਾਹਿਬ ਨਾਲ ਸ਼ਾਦੀ ਵੇਲੇ ਨਾਲ ਸਨ ਤੇ ਉਨ੍ਹਾਂ ਦੀ ਉਮਰ ਉਸ ਵੇਲੇ 18 ਸਾਲ ਦੀ ਸੀ। ਮਹਾਰਾਜਾ ਦਲੀਪ ਸਿੰਘ ਦੀ ਪੈਦਾਇਸ਼ ਵੇਲੇ ਫ਼ਕੀਰ ਨੂਰੁੱਦੀਨ ਤੇ ਫ਼ਕੀਰ ਕਮਰੁੱਦੀਨ ਮਹਲ ਵਿਚ ਮੌਜੂਦ ਸਨ।[2] ਚੇਹਰੇ ਤੇ ਚਿਹਨ ਚੱਕਰ ਕਿਸੇ ਦੇ ਮਾਤਾ ਪਿਤਾ ਸੰਬੰਧੀ ਸਭ ਤੋਂ ਵੱਡਾ ਸਬੂਤ ਸਮਝੇ ਜਾਂਦੇ ਹਨ। ਬੈਰਨ ਐਰਿਕ ਵੋਨ ਸ਼ੋਨਬਰਗ (Baron Erick Von Schonberg) ਨਾਮੀ ਜਰਮਨ ਸੰਨ 1844 ਵਿਚ ਲਾਹੌਰ ਆਇਆ ਸੀ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਮਿਲਿਆ ਸੀ। ਇਹ ਆਪਣੀ ਕਿਤਾਬ 'ਟਰੈਵਲਜ਼ ਇਨ ਇੰਡੀਆ ਐਂਡ ਕਸ਼ਮੀਰ' (ਲੰਡਨ 1853 ਜਿਲਦ 2, ਪੰਨਾ 194) ਵਿਚ ਲਿਖਦਾ ਹੈ ਕਿ ਇਸ ਬੱਚੇ (ਮਹਾਰਾਜਾ ਦਲੀਪ ਸਿੰਘ) ਦੀ ਪੈਦਾਇਸ਼ ਇਤਨੀ ਆਸ-ਵਿਰੁੱਧ ਸੀ (ਕਿਉਂਕਿ ਇਹ ਮਹਾਰਾਜਾ ਰਣਜੀਤ ਸਿੰਘ ਜੀ ਦੀ ਆਖ਼ਰੀ ਉਮਰ ਵਿਚ ਉਨ੍ਹਾਂ ਦੇ

---

1. ਸ਼ੋਨਬਰਗ, ਬੈਰਨ ਐਰਿਕ ਵੋਨ—*ਟਰੈਵਲਜ਼ ਇਨ ਇੰਡੀਆਂ ਐਂਡ ਕੈਸ਼ਮੀਰ* (ਲੰਡਨ 1853), ਜਿਲਦ 2, 194।
2. Rai Bahadur K.B. Thapar, a distinguished citizen of Lahore, tells me that when he asked from Khan Bahadur Faqir Qamar-ud-Din, who was incharge of Maharani Jindan's palace, what truth there was in the report given credence to by Sir Lepel Griffin that Maharaja Dalip Singh was not a legitimate son of Maharaja Ranjit Singh and that Jindan was not a wedded wife of the Maharaja, he cried, *'Astaghffar-Allah*, such a *lie*! Can calumny go further? I attended the Maharaja's marriage myself. Maharani Jindan was the daughter of a highly respectable zemindar and a duly wedded wife. My father was present at the time of Dalip Singh's birth and I was my father's attendant at that time. Evidently some evil gossip must have told the base lie to the *Sahib*. The Faquir was 18 years old at the time."—The *Khalsa*, Lahore, October 5, 1930.

58ਵੇਂ ਸਾਲ ਵਿਚ ਜਨਮਿਆ ਸੀ) ਕਿ ਕਈ ਇਸ ਦੇ ਠੀਕ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਹੋਣ ਤੇ ਸ਼ੱਕ ਕਰਦੇ ਸਨ ਪਰ ਬਹੁਤ ਸਾਰੇ ਇੱਥੇ ਦੇ ਰਹਿਣ ਵਾਲੇ, ਜਿਨ੍ਹਾਂ ਨਾਲ ਕਿ ਮੈਂ ਇਸ ਸੰਬੰਧੀ ਗੱਲ-ਬਾਤ ਕੀਤੀ ਹੈ, ਕਹਿੰਦੇ ਹਨ ਕਿ ਉਹ ਐਨ ਵੱਡੇ (ਮਹਾਰਾਜਾ) ਰਣਜੀਤ ਸਿੰਘ ਦੀ ਹੀ ਇਕ ਨਿੱਕੀ ਜਿਹੀ ਤਸਵੀਰ ਹੈ ਅਰਥਾਤ ਉਸ ਦੀ ਸ਼ਕਲ ਮਹਾਰਾਜਾ ਰਣਜੀਤ ਸਿੰਘ ਨਾਲ ਇਤਨੀ ਜ਼ਿਆਦਾ ਮਿਲਦੀ ਹੈ ਕਿ ਉਹ ਛੋਟੇ ਪੈਮਾਨੇ ਤੇ ਰਣਜੀਤ ਸਿੰਘ ਹੀ ਪ੍ਰਤੀਤ ਹੁੰਦਾ ਹੈ।[1]

---

1. He [Scheer Singh] was succeeded by Dalip Singh, Ranjeet's youngest son. The child's birth was os unexpected that doubts of his legitimacy were entertained by many; but several of the natives with whom I have spoken on the subject, declare him to be miniature likeness of the great Ranjit's—The Baron Erich Von Schonberg, *Trevels in India and Kashmir,* London, 1853, Vol. ii, 193-94.

# ਸ਼ਾਹਸ਼ੁਜਾਹ ਨਾਲ ਤ੍ਰਿਪਾਸਾ ਅਹਿਦਨਾਮਾ

ਅੰਗ੍ਰੇਜ਼ਾਂ ਨੂੰ ਕਈ ਚਿਰ ਤੋਂ ਰੂਸ ਦਾ ਡਰ ਪਿਆ ਹੋਇਆ ਸੀ, ਇਸ ਲਈ ਉਹ ਚਾਹੁੰਦੇ ਸਨ ਕਿ ਅਫ਼ਗ਼ਾਨਿਸਤਾਨ ਦੇ ਬਾਦਸ਼ਾਹ ਅਮੀਰ ਦੋਸਤ ਮੁਹੰਮਦ ਖ਼ਾਨ ਨਾਲ ਯਰਾਨਾ ਗੰਢ ਲਿਆ ਜਾਵੇ ਤਾਂਕਿ ਅਫ਼ਗ਼ਾਨਿਸਤਾਨ ਵੱਲੋਂ ਉਨ੍ਹਾਂ ਨੂੰ ਕੋਈ ਖ਼ਤਰਾ ਨਾ ਰਹੇ। ਇਸ ਮਕਸਦ ਲਈ ਹਿੰਦੁਸਤਾਨ ਦੇ ਗਵਰਨਰ ਜਨਰਲ ਲਾਰਡ ਔਕਲੈਂਡ ਨੇ ਸੰਨ 1837 ਵਿਚ ਕੈਪਟਨ ਅਲੈਗਜ਼ੈਂਡਰ ਬਰਨਜ਼ ਨੂੰ ਏਲਚੀ ਬਣਾ ਕੇ ਭੇਜਿਆ ਸੀ ਪਰ ਉਸ ਨੂੰ ਇਸ ਕੰਮ ਵਿਚ ਸਫ਼ਲਤਾ ਨਾ ਹੋਈ। ਇਕ ਤਾਂ ਦੋਸਤ ਮੁਹੰਮਦ ਖ਼ਾਨ ਦੀਆਂ ਮੰਗਾਂ ਅੰਗ੍ਰੇਜ਼ ਪੂਰੀਆ ਨਹੀਂ ਸਨ ਕਰ ਸਕਦੇ, ਦੂਸਰੇ ਇਨ੍ਹੀਂ ਦਿਨੀਂ ਇਕ ਰੂਸੀ ਏਲਚੀ ਵੀ ਕਾਬਲ ਆ ਪੁੱਜਾ ਜਿਸ ਨੇ ਹਰ ਪ੍ਰਕਾਰ ਦੋਸਤ ਮੁਹੰਮਦ ਖ਼ਾਨ ਦੀ ਮਰਜ਼ੀ ਦੇ ਮੁਤਾਬਕ ਗੱਲ ਪ੍ਰਵਾਨ ਕਰ ਲੈਣ ਦਾ ਭਰੋਸਾ ਦਿੱਤਾ। ਇਸ ਦਾ ਨਤੀਜਾ ਇਹ ਹੋਇਆ ਕਿ ਦੋਸਤ ਮੁਹੰਮਦ ਰੂਸੀ ਏਲਚੀ ਵੱਲ ਜ਼ਿਆਦਾ ਝੁੱਕਦਾ ਪ੍ਰਤੀਤ ਹੋਇਆ। ਕੈਪਟਨ ਬਰਨਜ਼ ਦੋਸਤ ਮੁਹੰਮਦ ਖ਼ਾਨ ਵੱਲੋਂ ਨਿਰਾਸ਼ ਹੋ ਕੇ ਵਾਪਸ ਮੁੜ ਆਇਆ।

ਜਦ ਲਾਰਡ ਔਕਲੈਂਡ ਨੇ ਦੋਸਤ ਮੁਹੰਮਦ ਖ਼ਾਨ ਨੂੰ ਕੰਪਨੀ ਦੀ ਮਰਜ਼ੀ ਦੇ ਮੁਤਾਬਕ ਢਲਦਾ ਨਾ ਦੇਖਿਆ ਤਾਂ ਇਹ ਵਿਉਂਤ ਸੋਚੀ ਗਈ ਕਿ ਮਹਾਰਾਜਾ ਰਣਜੀਤ ਸਿੰਘ ਨਾਲ ਸਲਾਹ ਕਰ ਕੇ ਕਾਬਲ ਉੱਤੇ ਚੜ੍ਹਾਈ ਕਰ ਦਿੱਤੀ ਜਾਵੇ ਤੇ ਦੋਸਤ ਮੁਹੰਮਦ ਖ਼ਾਨ ਨੂੰ ਤਖ਼ਤੋਂ ਲਾਹ ਕੇ ਉਸ ਦੀ ਥਾਂ ਆਪਣੀ ਮਰਜ਼ੀ ਦੇ ਆਦਮੀ ਸ਼ਾਹ ਸ਼ੁਜਾਹ-ਉਲ-ਮੁਲਕ ਨੂੰ ਕਾਬਲ ਦੀ ਗੱਦੀ ਤੇ ਬਿਠਾਇਆ ਜਾਵੇ। ਚੁਨਾਚਿ ਇਸ ਸੰਬੰਧੀ ਮਹਾਰਾਜਾ ਸਾਹਿਬ ਨਾਲ ਸਲਾਹ ਤੇ ਅਹਿਦਨਾਮਾ ਕਰਨ ਲਈ ਲਾਰਡ ਔਕਲੈਂਡ ਵੱਲੋਂ ਮਿਸਟਰ ਮੈਕਨਾਟਨ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਵਿਚ ਹਾਜ਼ਰ ਹੋਇਆ। ਦੋਸਤ ਮੁਹੰਮਦ ਖ਼ਾਨ ਪਿਸ਼ਾਵਰ-ਜਮਰੂਦ ਦੀ ਸਰਹੱਦ ਉੱਤੇ ਚੂੰਕਿ ਮਹਾਰਾਜਾ ਸਾਹਿਬ ਦੀ ਵਿਰੋਧਤਾ ਤੇ ਸਾਜ਼ਸ਼ਾਂ ਕਰਦਾ ਰਹਿੰਦਾ ਸੀ ਤੇ ਰਾਜ-ਰੌਲਾ ਖੜਾ ਕਰੀ ਰੱਖਦਾ ਸੀ ਇਸ ਲਈ ਸ਼ਾਹ ਸ਼ੁਜਾਹ ਨੂੰ ਕਾਬਲ ਦੇ ਤਖ਼ਤ ਉੱਤੇ ਬਿਠਾਉਣਾ ਪੰਜਾਬ ਲਈ ਵੀ ਫ਼ਾਇਦੇਮੰਦ ਸੀ। ਇਹ ਸੋਚ ਕੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਮਾਮਲੇ ਵਿਚ ਰਜ਼ਾਮੰਦੀ ਦੇ ਦਿੱਤੀ ਤੇ ਸ਼ਾਹ ਸ਼ੁਜਾਹ, ਮਹਾਰਾਜਾ ਰਣਜੀਤ ਸਿੰਘ ਤੇ ਈਸਟ ਇੰਡੀਆ ਕੰਪਨੀ ਦੇ ਵਿਚਕਾਰ 26 ਜੂਨ 1838 ਨੂੰ ਤ੍ਰਿਪਾਸਾ ਅਹਿਦਨਾਮਾ ਲਿਖਿਆ ਗਿਆ।

ਇਸ ਅਹਿਦਨਾਮੇ ਅਨੁਸਾਰ ਕਾਬਲ ਦੀ ਚੜ੍ਹਾਈ ਤੋਂ ਪਹਿਲਾਂ 29 ਨਵੰਬਰ 1838 ਨੂੰ

ਫਿਰੋਜ਼ਪੁਰ ਦੇ ਮੁਕਾਮ ਤੇ ਮਹਾਰਾਜਾ ਰਣਜੀਤ ਸਿੰਘ ਅਤੇ ਲਾਰਡ ਔਕਲੈਂਡ ਦੀ ਮੁਲਾਕਾਤ ਹੋਈ ਜਿਸ ਦੇ ਪ੍ਰਬੰਧ ਸੰਬੰਧੀ ਭਾਰ-ਬਰਦਾਰੀ ਆਦਿ ਦਾ ਬਹੁਤ ਸਾਰਾ ਕੰਮ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੇ ਕਾਰਦਾਰਾਂ ਦੇ ਜ਼ੁਮੇ ਸੀ। ਪਿੱਛੋਂ ਜਦ ਲਾਰਡ ਔਕਲੈਂਡ ਲਾਹੌਰ ਅਤੇ ਅੰਮ੍ਰਿਤਸਰੋਂ ਹੋ ਕੇ ਵਾਪਿਸ ਮੁੜਿਆ ਤਾਂ ਮਹਾਰਾਜਾ ਸਾਹਿਬ ਵੱਲੋਂ ਸਰਦਾਰ ਜੀ ਨੂੰ ਦੋ ਹਜ਼ਾਰ ਰੁਪਿਆ ਦੇ ਕੇ ਆਗਿਆ ਹੋਈ ਕਿ ਚੌਥੀ ਮੰਜ਼ਲ ਉੱਤੇ ਉਨ੍ਹਾਂ ਦੇ ਉਤਾਰੇ ਤੇ ਰਸਦਪਾਣੀ ਦਾ ਯੋਗ ਪ੍ਰਬੰਧ ਕਰ ਦੇਣ।[1]

---

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫਤਰ 3, ਹਿੱਸਾ 5, ਪੰ. 14, 74। ਇਸ ਗੱਲ-ਬਾਤ ਸੰਬੰਧੀ ਜ਼ਿਆਦਾ ਵੇਰਵੇ ਲਈ ਦੇਖੋ ਅਫ਼ਗਾਨਿਸਤਾਨ ਦੀ ਪਹਿਲੀ ਲੜਾਈ ਦੇ ਹਾਲਾਤ ਸੰਬੰਧੀ ਰੀਕਾਰਡ ਤੇ ਪੁਸਤਕਾਂ।

# ਕਾਬਲ ਵੱਲ ਚੜ੍ਹਾਈ

ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹ ਸ਼ੁਜਾਹ ਨੂੰ ਨਾਲ ਲੈ ਕੇ ਕਾਬਲ ਜਾਣ ਵਾਲੀ ਸਾਰੀ ਅੰਗ੍ਰੇਜ਼ੀ ਫ਼ੌਜ ਨੂੰ ਪੰਜਾਬ ਵਿਚ ਦੀ ਲੰਘਣ ਦੇਣਾ ਪ੍ਰਵਾਨ ਨਹੀਂ ਸੀ ਕੀਤਾ, ਇਸ ਲਈ ਫ਼ੈਸਲਾ ਇਹ ਹੋਇਆ ਕਿ ਸ਼ਾਹ ਸ਼ੁਜਾਹ ਦੇ ਨਾਲ ਜਾਣ ਵਾਲੀ ਅੰਗ੍ਰੇਜ਼ੀ ਫ਼ੌਜ ਤਾਂ ਹੇਠੋਂ ਦੀ ਬਹਾਵਲਪੁਰ ਦੇ ਰਸਤੇ ਸਿੰਧ ਦੇ ਉੱਤਰ ਵੱਲ ਦੀ ਕੰਧਾਰ ਦੇ ਰਸਤੇ ਹੋ ਕੇ ਕਾਬਲ ਨੂੰ ਜਾਵੇ ਤੇ ਸ਼ਾਹ ਸ਼ੁਜਾਹ ਦੇ ਪੁੱਤਰ ਸ਼ਾਹਜ਼ਾਦਾ ਤੈਮੂਰ ਨੂੰ ਮਹਾਰਾਜਾ ਰਣਜੀਤ ਸਿੰਘ ਆਪਣੀ ਫ਼ੌਜ ਨਾਲ ਪਿਸ਼ਾਵਰ ਦੇ ਰਸਤੇ ਕਾਬਲ ਪਹੁੰਚਾ ਦੇਣ ਅਤੇ ਉਸ ਦੇ ਨਾਲ ਕਰਨਲ ਕਲਾਡ ਵੇਡ ਤੇ ਥੋੜ੍ਹੀ ਜੇਹੀ ਨਾਮ-ਮਾਤ੍ਰ ਕੰਪਨੀ ਦੀ ਫ਼ੌਜ ਹੋਵੇ।

ਸ਼ਾਹਜ਼ਾਦਾ ਤੈਮੂਰ ਤੇ ਕਰਨਲ ਵੇਡ ਦੇ ਨਾਲ ਜਾਣ ਵਾਲੀ ਮਹਾਰਾਜਾ ਸਾਹਿਬ ਦੀ ਫ਼ੌਜ ਦੀ ਕਮਾਨ ਕੰਵਰ ਨੌਨਿਹਾਲ ਸਿੰਘ ਨੂੰ ਦਿੱਤੀ ਗਈ ਤੇ ਸਰਦਾਰ ਲਹਿਣਾ ਸਿੰਘ ਮਜੀਠੀਆ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਤੇ ਕੁਝ ਹੋਰ ਫ਼ੌਜੀ ਅਫ਼ਸਰ ਉਨ੍ਹਾਂ ਦੀ ਸਹਾਇਤਾ ਲਈ ਨਾਲ ਭੇਜੇ ਗਏ।[1] ਕੰਵਰ ਨੌਨਿਹਾਲ ਸਿੰਘ ਦਾ ਡੇਰਾ ਪਿਸ਼ਾਵਰ ਹੀ ਸੀ ਕਿ 2 ਜੁਲਾਈ 1838 ਨੂੰ ਖ਼ਬਰ ਪੁੱਜੀ ਕਿ ਮਹਾਰਾਜਾ ਰਣਜੀਤ ਸਿੰਘ 15 ਹਾੜ 1869, ਮੁਤਾਬਕ 27 ਜੂਨ 1839, ਨੂੰ ਲਾਹੌਰ ਹੁਕਮ-ਸਤ ਕਰ ਗਏ ਹਨ ਤੇ ਉਨ੍ਹਾਂ ਦੀ ਜਗ੍ਹਾ ਖ਼ਾਲਸਾ ਖੜਕ ਸਿੰਘ ਜੀ ਤਖ਼ਤ ਉੱਤੇ ਬੈਠੇ ਹਨ।

ਪਿਸ਼ਾਵਰ ਪਹੁੰਚ ਕੇ ਸ਼ਾਹਜ਼ਾਦਾ ਤੈਮੂਰ ਨੇ 29 ਮਾਰਚ 1839 ਨੂੰ ਇਕ ਵੱਡਾ ਦਰਬਾਰ ਕੀਤਾ ਜਿਸ ਵਿਚ ਕਿ ਦੁੱਰਾਨੀ ਸਰਦਾਰ ਅਤੇ ਇਰਦ ਗਿਰਦ ਤੇ ਖ਼ੈਬਰ ਦੇ ਪਠਾਣ ਕਬੀਲਿਆਂ ਦੇ ਖ਼ਾਨ ਤੇ ਹੋਰ ਕਈ ਪਤਵੰਤੇ ਆਏ। ਜਰਨਲ ਅਵੀਤਾਬਿਲੇ ਨੇ ਸਿੱਖ ਅਫ਼ਸਰਾਂ ਦੀ, ਜਿਨ੍ਹਾਂ ਵਿਚ ਕੀ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਸਭ ਤੋਂ ਮੋਹਰੇ ਸਨ, ਸ਼ਾਹਜ਼ਾਦੇ ਨਾਲ ਮੁਲਾਕਾਤ ਕਰਾਈ ਅਤੇ ਹਰ ਇਕ ਨੂੰ ਉਸ ਦੇ ਔਹਦੇ ਅਨੁਸਾਰ ਖਿਲਅਤ ਦਿੱਤੀ ਗਈ। ਇਸ ਦਰਬਾਰ ਵਿਚ ਸ਼ਹਿਜ਼ਾਦਾ ਸਰਦਾਰ ਮੁਹੰਮਦ ਹਾਸ਼ਮ ਖ਼ਾਨ ਸੱਦੋਜ਼ਈ ਇਕ ਉੱਘਾ ਮਹਿਮਾਨ ਸੀ ਜੋ ਕਈ ਚਿਰ ਤੋਂ ਸਿੱਖਾਂ ਦੇ ਕਿਰਪਾ-ਪਾਤ੍ਰ ਦੀ ਹੈਸੀਅਤ ਵਿਚ ਪਿਸ਼ਾਵਰ ਰਹਿ ਰਿਹਾ ਸੀ। ਇਹ ਸ਼ਾਹ ਸ਼ੁਜਾਹ ਦਾ ਮਤ੍ਰੇਆ-ਭਰਾ ਤੇ ਸ਼ਾਹਜ਼ਾਦਾ ਤੈਮੂਰ ਦਾ ਚਾਚਾ ਸੀ। ਇਸ ਦੇ ਨਾਲ ਇਸ ਦੇ ਤਿੰਨ ਪੁੱਤਰ ਤੇ ਇਕ ਭਤੀਜਾ

---

1. *ਉਮਦਾਤੁ-ਤਵਾਰੀਖ਼*, ਦਫ਼ਤਰ 3, ਹਿੱਸਾ 5, ਪੰ. 114, 121।

ਸ਼ਹਿਜ਼ਾਦਾ ਜਮਹੂਰ ਵੀ ਸੀ।[1]

ਬਿਨਾਂ ਕਿਸੇ ਖ਼ਾਸ ਮੁਸ਼ਕਲ ਦੇ ਸ਼ਾਹਜ਼ਾਦਾ ਤੈਮੂਰ ਸਿੱਖਾਂ ਦੀ ਸਹਾਇਤਾ ਨਾਲ ਪਿਸ਼ਾਵਰੋਂ ਅੱਗੇ ਜਮਰੂਦ ਤੋਂ ਦੱਰਾ ਖ਼ੈਬਰ ਵਿਚ ਦਾਖ਼ਲ ਹੋ ਗਿਆ। ਅਲੀ ਮਸਜਿਦ ਦੇ ਨਜ਼ਦੀਕ ਪੁੱਜਣ ਤੇ ਪਤਾ ਲੱਗਾ ਕਿ ਦੋਸਤ ਮੁਹੰਮਦ ਖ਼ਾਨ ਦੇ ਪੁੱਤਰ ਅਕਬਰ ਖ਼ਾਨ ਦੇ ਹਿਮਾਇਤੀ ਪਠਾਣਾਂ ਨੇ ਰਸਤਾ ਰੋਕਿਆ ਹੋਇਆ ਹੈ ਤੇ ਅਲੀ ਮਸਜਿਦ ਦੇ ਕਿਲ੍ਹੇ ਵਿਚ ਆਕੀ ਹੋਏ ਬੈਠੇ ਹਨ। 25 ਜੁਲਾਈ ਨੂੰ ਰੁਕਾਵਟ ਪੈਦਾ ਕਰਨ ਵਾਲਿਆਂ ਨਾਲ ਝੜਪ ਹੋ ਪਈ ਤੇ ਕੁਝ ਨੁਕਸਾਨ ਵੀ ਹੋਇਆ। ਪਠਾਣ ਉੱਚੀਆਂ ਪਹਾੜੀਆਂ ਤੇ ਸਨ, ਇਸ ਲਈ ਉਹ ਉੱਥੋਂ ਜ਼ਿਆਦਾ ਆਸਾਨੀ ਨਾਲ ਹੇਠਲਿਆਂ ਨੂੰ ਨਿਸ਼ਾਨਾ ਬਣਾ ਸਕਦੇ ਸਨ ਪਰ ਉਹ ਜ਼ਿਆਦਾ ਦੇਰ ਅੜ ਨਾ ਸਕੇ ਤੇ 29 ਦੀ ਸਵੇਰ ਨੂੰ ਪਤਾ ਲੱਗਾ ਕਿ ਉਹ ਅਲੀ ਮਸਜਿਦ ਖ਼ਾਲੀ ਕਰ ਗਏ ਹਨ ਤੇ ਮੈਦਾਨ ਸਾਫ਼ ਹੋ ਗਿਆ ਹੈ।

ਇਸ ਝੜਪ ਵਿਚ ਖ਼ਾਲਸਾ ਜੀ ਦੀ ਫ਼ੌਜ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਪਠਾਣਾਂ ਨੂੰ ਭਜਾਉਣ ਤੇ ਅਲੀ ਮਸਜਿਦ ਦਾ ਕਿਲ੍ਹਾ ਖਾਲੀ ਕਰਵਾਉਣ ਵਿਚ ਉਨ੍ਹਾਂ ਦਾ ਬੜਾ ਹੱਥ ਸੀ ਤੇ ਖ਼ਾਸ ਕਰਕੇ ਸ਼ੇਖ਼ ਵਸਾਵਣ ਨੇ ਕਾਫ਼ੀ ਬਹਾਦਰੀ ਵਿਖਾਈ ਜਿਸ ਕਰ ਕੇ ਉਸ ਨੂੰ 11 ਕਪੜਿਆਂ ਦੀ ਖ਼ਿਲਅਤ ਤੇ ਸੋਨੇ ਦੇ ਕੜਿਆਂ ਦੀ ਜੋੜੀ ਤੇ ਦੂਸਰੇ ਕੁਮੇਦਾਨਾਂ ਨੂੰ ਸੱਤ ਸੱਤ ਕਪੜਿਆਂ ਦੀਆਂ ਖ਼ਿਲਅਤਾਂ ਤੇ ਕੜਿਆਂ ਦੀਆਂ ਜੋੜੀਆਂ ਇਨਾਮ ਵੱਜੋਂ ਮਿਲੀਆਂ।[2]

ਇਸ ਦਿਨ ਕਰਨਲ ਵੇਡ ਵੱਲੋਂ ਸਰਦਾਰ ਲਹਿਣਾ ਸਿੰਘ ਮਜੀਠੀਏ, ਸਰਦਾਰ ਸ਼ਾਮ ਸਿੰਘ ਅਟਾਰੀਵਾਲੇ, ਸਰਦਾਰ ਅਮਰ ਸਿੰਘ ਤੇ ਮੱਲਾ ਸਿੰਘ ਨਾਲ ਬੜਾ ਰੁੱਖਾ ਜਿਹਾ ਵਰਤਾਉ ਹੋਇਆ ਤੇ ਉਸ ਨੇ ਕੜਕਦੀ ਧੁਪ ਵਿਚ ਦੁਪਹਿਰੇ ਹੀ ਉਨ੍ਹਾਂ ਨੂੰ ਪਿੱਛੇ ਮੁੜ ਜਾਣ ਲਈ ਕਿਹਾ। ਸਰਦਾਰ ਲਹਿਣਾ ਸਿੰਘ ਤੇ ਸਰਦਾਰ ਸ਼ਾਮ ਸਿੰਘ ਨੇ ਇਸ ਗੱਲ ਦੀ ਸ਼ਿਕਾਇਤ ਕੰਵਰ ਨੌਨਿਹਾਲ ਸਿੰਘ ਪਾਸ ਕੀਤੀ ਪਰ ਰਾਜਾ ਗੁਲਾਬ ਸਿੰਘ ਨੇ ਇਹ ਕਹਿ ਕੇ ਗੱਲ ਰਫ਼ਾ ਦਫ਼ਾ ਕਰ ਦਿੱਤੀ ਕਿ ਉਸ ਵੇਲੇ ਗਰਮੀ ਜ਼ਿਆਦਾ ਸੀ ਤੇ ਹੋ ਰਹੇ ਹਰਜ ਮਰਜ ਦੇ ਕਾਰਨ ਵੇਡ ਦੀ ਤਬੀਅਤ ਚਿੜ-ਚਿੜੀ ਹੋਈ ਹੋਈ ਸੀ, ਇਸ ਲਈ ਆਪਸ ਵਿਚ ਗੁੱਸਾ ਕਰਨ ਤੇ ਤੰਗ ਹੋਣ ਦੀ ਲੋੜ ਨਹੀਂ।[3]

ਕਰਨਲ ਵੇਡ ਦੀ ਇੱਛਾ ਅਨੁਸਾਰ ਨਜੀਬ ਤੇ ਰਾਮਗੋਲ ਪਲਟਣਾਂ ਅਲੀ ਮਸਜਿਦ ਦੇ ਕਿਲ੍ਹੇ ਨੂੰ ਸੰਭਾਲੀ ਰੱਖਣ ਲਈ ਨੀਯਤ ਕੀਤੀਆਂ ਗਈਆਂ ਤੇ ਬਾਕੀ ਕਾਬਲ ਨੂੰ ਤੁਰ ਪਈਆਂ ਤੇ 3 ਸਤੰਬਰ 1839 ਨੂੰ ਸ਼ਾਹਜ਼ਾਦਾ ਤੈਮੂਰ ਦੇ ਨਾਲ ਕਾਬਲ ਪਹੁੰਚ ਗਈਆਂ। ਸ਼ਾਹ ਸ਼ੁਹਾਜ ਇਸ ਤੋਂ ਪਹਿਲਾਂ ਹੀ ਕਾਬਲ ਪਹੁੰਚ ਕੇ ਤਖ਼ਤ ਉੱਤੇ ਬੈਠ ਚੁੱਕਾ ਹੋਇਆ ਸੀ।

---

1. ਸ਼ਹਾਮਤ ਅਲੀ, *ਦੀ ਸਿਖਸ ਐਂਡ ਅਫ਼ਗਾਨਜ਼*, 231-32। ਦਰਬਾਰ ਸੰਬੰਧੀ ਜ਼ਿਆਦਾ ਵਾਕਫ਼ੀਅਤ ਲਈ ਦੇਖੋ ਵਿਲੀਅਮ ਬਾਰ ਦਾ *'ਜਨਰਲ ਔਫ ਏ ਮਾਰਚ...ਪੰ. 229-242'*।
2. ਬਾਰ, *ਜਨਰਲ ਔਫ ਏ ਮਾਰਚ*, 336-44; ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 1, ਪੰ. 14, 17-18।
3. *ਉਮਦਾਤੁ-ਤਾਵਰੀਖ਼*, ਦਫ਼ਤਰ 4, ਹਿੱਸਾ 1, ਪੰ. 14, 17-18।

ਹੁਣ ਚੂੰਕਿ ਸਿੱਖ ਫ਼ੌਜ ਆਪਣਾ ਕੰਮ ਮੁਕਾ ਚੁੱਕੀ ਸੀ, ਇਸ ਲਈ 5-6 ਅਕਤੂਬਰ ਨੂੰ ਕਰਨਲ ਵੇਡ ਦੇ ਨਾਲ ਉਹ ਲਾਹੌਰ ਨੂੰ ਮੁੜ ਪਈ। ਲੋੜ ਅਨੁਸਾਰ ਸ਼ਾਹ ਸ਼ੁਹਾਜ ਤੇ ਅੰਗ੍ਰੇਜ਼ ਅਫ਼ਸਰਾਂ ਦੀ ਸਹਾਇਤਾ ਲਈ ਥੋੜ੍ਹੀ ਜਿਹੀ ਅੰਗ੍ਰੇਜ਼ੀ ਫ਼ੌਜ ਕਾਬਲ ਛੱਡ ਦਿੱਤੀ ਗਈ ਤੇ ਬਾਕੀ ਅੰਗ੍ਰੇਜ਼ੀ ਫ਼ੌਜ ਵੀ 15-16 ਅਕਤੂਬਰ ਨੂੰ ਵਾਪਸ ਮੁੜ ਪਈ ਤੇ 31 ਦਸੰਬਰ ਨੂੰ ਫਿਰੋਜ਼ਪੁਰ ਆ ਪੁੱਜੀ।

ਸਰਦਾਰ ਸ਼ਾਮ ਸਿੰਘ ਦੇ ਲਾਹੌਰ ਵਾਪਸ ਮੁੜਨ ਦੀ ਤਾਰੀਖ਼ ਦਾ ਪਤਾ ਨਹੀਂ ਲੱਗ ਸਕਿਆ, ਪਰ ਜੇ ਉਹ ਕੰਵਰ ਨੌਨਿਹਾਲ ਸਿੰਘ ਦੇ ਨਾਲ ਲਾਹੌਰ ਨੂੰ ਮੁੜ ਆਏ ਸਨ ਤਾਂ 26 ਭਾਦੋਂ ਮੁਤਾਬਕ 10 ਸਤੰਬਰ ਨੂੰ ਇੱਥੇ ਪੁੱਜ ਗਏ ਹੋਸਨ।[1]

---

1. *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 1, ਪੰ. 18-30। ਹੋਰ ਦੇਖੋ ਬਾਰ ਦਾ *'ਜਨਰਲ'* ਤੇ ਸ਼ਹਾਮਤ ਅਲੀ ਦੀ *'ਸਿਖਸ ਐਂਡ ਅਫ਼ਗਾਨਜ਼'*।

# ਸਰ ਜੌਨ ਕੀਨ ਦੀ ਆਓ-ਭਗਤ

ਕਾਬਲ ਤੋਂ ਮੁੜਦੀ ਹੋਈ ਅੰਗ੍ਰੇਜ਼ੀ ਫ਼ੌਜ ਨੂੰ ਡਿੰਗਿਆਂ ਤੋਂ ਰਾਮਨਗਰ ਦੇ ਰਸਤੇ ਸਿੱਧੀ ਕਸੂਰ ਨੂੰ ਕਰ ਦਿੱਤਾ ਸੀ ਤਾਂਕਿ ਗੁਜਰਾਤ, ਵਜ਼ੀਰਾਬਾਦ ਦੇ ਰਸਤੇ ਲਾਹੌਰ ਵਿਚ ਦੀ ਲੰਘਣ ਦਾ ਮੌਕਾ ਹੀ ਨਾ ਬਣੇ। ਸਰ ਜੌਨ ਕੀਨ ਚੂੰਕਿ ਮਹਾਰਾਜਾ ਖੜਕ ਸਿੰਘ ਨੂੰ ਮਿਲਣਾ ਚਾਹੁੰਦਾ ਸੀ ਇਸ ਲਈ ਉਹ ਰਾਮ ਨਗਰੋਂ ਲਾਹੌਰ ਨੂੰ ਹੋ ਪਿਆ ਤੇ 12 ਪੋਹ ਮੁਤਾਬਕ 26 ਦਸੰਬਰ 1940 ਨੂੰ ਸ਼ਾਹਦਰੇ ਪਹੁੰਚਾ।

ਜਦ 14 ਪੋਹ ਨੂੰ ਸਰ ਜੌਨ ਕੀਨ ਨੇ ਮਹਾਰਾਜਾ ਸਾਹਿਬ ਦੀ ਮੁਲਾਕਾਤ ਲਈ ਆਉਣਾ ਸੀ ਤਾਂ ਮਹਾਰਾਜਾ ਸਾਹਿਬ ਵੱਲੋਂ ਸਰਦਾਰ ਸ਼ਾਮ ਸਿੰਘ, ਸਰਦਾਰ ਧੰਨਾ ਸਿੰਘ ਮਲਵਈ, ਸਰਦਾਰ ਅਤਰ ਸਿੰਘ ਕਾਲਿਆਂਵਾਲਾ ਤੇ ਫ਼ਕੀਰ ਅਜ਼ੀਜ਼ੁਦੀਨ ਉਸ ਦੀ ਪੇਸ਼ਵਾਈ ਲਈ ਨੀਯਤ ਕੀਤੇ ਗਏ। ਤੋਪਾਂ ਦੀ ਸਲਾਮੀ ਤੋਂ ਬਾਅਦ ਬਾਦਸ਼ਾਹੀ ਮਸਜਿਦ ਦੇ ਥੜੇ ਉੱਤੇ ਦਰਬਾਰ ਲੱਗਾ ਜਿੱਥੇ ਕਿ ਮਹਾਰਾਜਾ ਸਾਹਿਬ ਕੀਨ ਨੂੰ ਮਿਲੇ। ਖ਼ੈਰ ਖ਼ੈਰੀਅਤ ਪੁੱਛਣ ਤੋਂ ਬਾਅਦ ਸਰ ਜੌਨ ਕੀਨ ਵੱਲੋਂ ਪੰਜ ਹਜ਼ਾਰ ਰੁਪਇਆ ਸਿਰਵਾਰਨਾ ਹੋਇਆ ਤੇ ਇਕ ਅੰਗ੍ਰੇਜ਼ੀ ਬੰਦੂਕ, ਇਕ ਘੋੜਾ ਸੁਨਹਿਰੀ ਜ਼ੀਨ ਦੇ, ਇਕ ਅੰਗ੍ਰੇਜ਼ੀ ਘੜੀ ਤੇ ਇਕ ਕਿਰਚ ਨਜ਼ਰ ਵੱਜੋਂ ਗੁਜ਼ਰੀਆਂ। ਇਸ ਤੋਂ ਬਾਅਦ ਦੋਸਤਾਨਾ ਗੱਲ-ਬਾਤ ਤੇ ਕਾਬਲ ਦੀ ਚੜ੍ਹਾਈ ਸੰਬੰਧੀ ਪੁੱਛ-ਗਿੱਛ ਹੁੰਦੀ ਰਹੀ।

ਅੰਤ ਵਿਚ ਮਹਾਰਾਜਾ ਖੜਕ ਸਿੰਘ ਵੱਲੋਂ ਸਰ ਜੌਨ ਕੀਨ ਤੇ ਉਨ੍ਹਾਂ ਦੇ ਸਾਥੀਆਂ ਨੂੰ ਦਰਜਾ ਬ-ਦਰਜ ਤੋਹਫ਼ੇ ਦਿੱਤੇ ਗਏ। ਰੁਖ਼ਸਤ ਹੋਣ ਤੋਂ ਪਹਿਲਾਂ ਸਰ ਜੌਨ ਨੇ ਗੁਰਪੁਰਵਾਸੀ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੀ ਜ਼ਿਆਰਤ ਕੀਤੀ ਤੇ ਨਜ਼ਰ ਭੇਟ ਕੀਤੀ।[1]

---

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*. ਦਫ਼ਤਰ 4, ਹਿੱਸਾ 1, ਪੰ. 49-51।

# ਕੰਵਰ ਨੌਨਿਹਾਲ ਸਿੰਘ ਦੀ ਬੀਮਾਰੀ

23 ਪੋਹ 1896 ਮੁਤਾਬਕ 6 ਜਨਵਰੀ 1840 ਨੂੰ ਸਵੇਰੇ ਜਦ ਕੰਵਰ ਨੌਨਿਹਾਲ ਸਿੰਘ ਅਸ਼ਨਾਨ ਕਰਨ ਲਈ ਹਮਾਮ ਵਿਚ ਗਏ ਤਾਂ ਅੰਦਰ ਜਾਂਦੇ ਹੀ ਗ਼ਸ਼ ਖਾ ਕੇ ਬੇਹੋਸ਼ ਹੋ ਗਏ। ਹਮਾਮ ਨਵਾਂ ਹੀ ਤਿਆਰ ਹੋਇਆ ਸੀ। ਇਸ ਦੀ ਗੰਦੀ ਹੁਆੜ੍ਹ ਦਿਲ ਤੋਂ ਦਿਮਾਗ਼ ਨੂੰ ਚੜ੍ਹ ਗਈ। ਕੰਵਰ ਸਾਹਿਬ ਦੇ ਕੁਝ ਨੌਕਰ ਵੀ ਬੇਹੋਸ਼ ਹੋ ਗਏ। ਇਕ ਨੌਕਰ ਦੇ ਤਾਂ ਪੇਟ ਵਿਚ ਦਰਦ ਉੱਠ ਪੈਣ ਦੇ ਕਾਰਨ ਹਾਲਤ ਬਹੁਤ ਨਾਜ਼ਕ ਹੋ ਗਈ।

ਕੰਵਰ ਸਾਹਿਬ ਦੇ ਬੇਹੋਸ਼ ਹੋ ਜਾਣ ਦੀ ਖ਼ਬਰ ਸੁਣਦੇ ਸਾਰ ਹੀ ਨੌਕਰ ਅੰਦਰ ਗਏ ਤੇ ਉਨ੍ਹਾਂ ਨੇ ਇਹ ਹਾਲਤ ਦੇਖ ਕੇ ਭਾਈ ਰਾਮ ਸਿੰਘ ਤੇ ਭਾਈ ਗੋਵਿੰਦ ਰਾਮ ਨੂੰ ਖ਼ਬਰ ਦਿੱਤੀ। ਦੋਨੋਂ ਭਾਈ ਝਟ-ਪਟ ਹਵੇਲੀ ਵਿਚ ਪਹੁੰਚ ਗਏ ਤੇ ਆ ਕੇ ਦੇਖਿਆ ਕਿ ਕੰਵਰ ਸਾਹਿਬ ਬਿਨਾਂ ਹਿੱਲਣ ਜੁੱਲਣ ਤੋਂ ਬੇਹੋਸ਼ ਪਏ ਹਨ ਤੇ ਦੰਦ ਬੰਦ ਹੋਏ ਪਏ ਹਨ। ਉਨ੍ਹਾਂ ਨੇ ਕੰਵਰ ਸਾਹਿਬ ਦੀ ਦੰਦਨ ਖੋਲ੍ਹੀ ਤੇ ਤਾਕਤ ਦੀਆਂ ਦਵਾਈਆਂ ਤੇ ਗੁਲਾਬ ਉਨ੍ਹਾਂ ਦੇ ਮੂੰਹ ਵਿਚ ਪਾਇਆ ਤੇ ਪਿੱਛੋਂ ਬੇ-ਦਮੁਸ਼ਕ ਤੇ ਗੁਲਾਬ ਦੇ ਛਿੱਟੇ ਦਿੱਤੇ ਜਿਸ ਨਾਲ ਅਫ਼ਾਕਾ ਹੋਇਆ ਤੇ ਹੋਸ਼ ਆ ਗਈ। ਇਤਨੀ ਦੇਰ ਨੂੰ ਕੰਵਰ ਸਾਹਿਬ ਦੇ ਪਿਤਾ ਮਹਾਰਾਜਾ ਖੜਕ ਸਿੰਘ ਵੀ ਆ ਪਹੁੰਚੇ ਤੇ ਗਿਆਰਾ ਸੌ ਰੁਪਇਆ ਸਿਰਵਾਰਨਾ ਕੀਤਾ ਤੇ ਮਾਤਾ ਚੰਦ ਕੌਰ ਨੇ ਸਵਾ ਪੰਜ ਸੌ ਰੁਪਇਆ ਵਾਰਿਆ। ਇਸ ਦੇ ਪਿੱਛੋਂ ਭਾਈ ਰਾਮ ਸਿੰਘ ਤੇ ਭਾਈ ਗੋਵਿੰਦ ਰਾਮ ਨੇ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਕੰਵਰ ਸਾਹਿਬ ਨੂੰ ਹੁਣ ਅਰਾਮ ਹੈ ਤੇ ਫਿਕਰ ਦੀ ਗੱਲ ਕੋਈ ਨਹੀਂ ਅਤੇ ਉਹ ਕਿਲ੍ਹੇ ਨੂੰ ਮੁੜ ਗਏ। ਪਿੱਛੋਂ ਦਰਬਾਰ ਦੇ ਵੱਡੇ ਵੱਡੇ ਸਰਦਾਰਾਂ ਨੇ ਸਿਰਵਾਰਨਾ ਕੀਤਾ ਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਿਆਂ ਨੇ ਢਾਈ ਸੌ ਰੁਪਇਆ ਵਾਰਿਆ।[1]

---

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 1, ਪੰ. 56-7।

# ਪਾਇੰਦਾ ਖ਼ਾਨ ਦੀ ਸ਼ੋਰਸ਼

17-18 ਪੋਹ ਸੰਮਤ 1896 ਮੁਤਾਬਕ 30-31 ਦਸੰਬਰ ਸੰਨ 1839 ਨੂੰ ਪਿਸ਼ਾਵਰ ਦੇ ਅਖ਼ਬਾਰ-ਨਵੀਸ ਦੀ ਅਰਜ਼ੀ ਤੋਂ ਪਤਾ ਲੱਗਾ ਕਿ ਫ਼ਤਹਿ ਖ਼ਾਨ ਪੰਜਤਾਰ ਵਾਲਾ ਤਾਂ, ਜਿਸ ਨੇ ਉਸ ਇਲਾਕੇ ਵਿਚ ਫ਼ਸਾਦ ਮਚਾਇਆ ਹੋਇਆ ਸੀ, ਚੜ੍ਹਾਈ ਕਰ ਗਿਆ ਹੈ ਪਰ ਪਾਇੰਦਾ ਖ਼ਾਨ ਨੇ ਹਜ਼ਾਰੇ ਵਾਲੇ ਪਾਸੇ ਸ਼ੋਰਸ਼ ਮਚਾਈ ਹੋਈ ਹੈ। ਜਰਨੈਲ ਅਵੀਤਾਬਿਲੇ ਦੇ ਨਾਮ ਮਹਾਰਾਜਾ ਖੜਕ ਸਿੰਘ ਜੀ ਵੱਲੋਂ ਹੁਕਮ ਜਾਰੀ ਹੋਇਆ ਕਿ ਇਸ ਮੁਲਕ ਦੇ ਇੰਤਜ਼ਾਮ ਲਈ ਘੋੜ-ਚੜ੍ਹਿਆਂ ਦੀ ਫ਼ੌਜ ਭੇਜੀ ਜਾਵੇ, ਨਾਲ ਹੀ ਹੁਕਮ ਹੋਇਆ ਕਿ ਜਰਨੈਲ ਮਹਿਤਾਬ ਸਿੰਘ ਦੋ ਪਲਟਣਾਂ ਧੌਂਕਲ ਸਿੰਘ ਵਾਲੀਆਂ, ਅਤੇ ਚਾਰ ਤੋਪਾਂ ਲੈ ਕੇ ਫ਼ਸਾਦੀਆਂ ਨੂੰ ਸਿੱਧਾ ਕਰਨ ਲਈ ਝਟ ਪਟ ਕੂਚ ਕਰ ਦੇਵੇ। 4-5 ਮਾਘ, 15-16 ਜਨਵਰੀ ਸੰਨ 1840, ਨੂੰ ਹਜ਼ਾਰਿਓਂ ਖ਼ਬਰ ਪੁੱਜੀ ਕਿ ਪਾਇੰਦਾ ਖ਼ਾਨ ਦੀ ਸ਼ੋਰਸ਼ ਹਾਲ ਤਕ ਮੱਠੀ ਨਹੀਂ ਹੋਈ ਤੇ ਉਸ ਨੇ ਸਰਕਾਰ ਦੇ ਕਈ ਪਿੰਡ ਉਜਾੜ ਦਿੱਤੇ ਹਨ। ਚੁਨਾਂਚਿ ਕਸ਼ਮੀਰ ਦੇ ਨਾਜ਼ਿਮ ਦੇ ਨਾਮ ਪਰਵਾਨਾ ਜਾਰੀ ਹੋਇਆ ਕਿ ਮੁਜ਼ਫ਼ਰਾਬਾਦ ਦੇ ਰਸਤੇ ਹਜ਼ਾਰੇ ਨੂੰ ਪਲਟਣ ਭੇਜੀ ਜਾਵੇ ਅਤੇ 6 ਮਾਘ ਨੂੰ ਸਰਦਾਰ ਚਤਰ ਸਿੰਘ ਅਟਾਰੀਵਾਲੇ ਨੂੰ ਹੁਕਮ ਹੋਇਆ ਕਿ ਇਕ ਦਮ ਹਜ਼ਾਰੇ ਨੂੰ ਭੇਜੀਆਂ ਗਈਆਂ ਪਲਟਣਾਂ ਵਿਚ ਸ਼ਾਮਲ ਹੋ ਕੇ ਪਾਇੰਦਾ ਖ਼ਾਨ ਨੂੰ ਸੋਧੇ।

ਇਨ੍ਹਾਂ ਦਿਨਾਂ ਵਿਚ ਹੀ ਮਲੂਮ ਹੁੰਦਾ ਹੈ ਸਰਦਾਰ ਸ਼ਾਮ ਸਿੰਘ ਅਟਾਰੀਵਾਲਿਆਂ ਨੂੰ ਵੀ ਹਜ਼ਾਰੇ ਜਾਣ ਦਾ ਹੁਕਮ ਹੋਇਆ ਕਿ ਪਾਇੰਦਾ ਖ਼ਾਨ ਨੂੰ ਸੋਧਣ ਅਤੇ ਮਾਮਲੇ ਦੀ ਉਗ੍ਰਾਹੀ ਕਰਨ। ਚੁਨਾਂਚਿ ਸਰਦਾਰ ਸ਼ਾਮ ਸਿੰਘ ਨੂੰ ਇਸ ਮੁਹਿੰਮ ਵਿਚ ਪੂਰੀ ਕਾਮਯਾਬੀ ਹੋਈ ਤੇ ਪਾਇੰਦਾ ਖ਼ਾਨ ਨੂੰ ਈਣ ਮੰਨ ਲੈਣ ਪਰ ਮਜਬੂਰ ਹੋਣਾ ਪਿਆ ਤੇ ਅੱਗੇ ਨੂੰ ਆਪਣੀ ਨੇਕ ਚਲਣੀ ਲਈ ਆਪਣਾ ਲੜਕਾ ਜ਼ਮਾਨਤ ਦੇ ਤੌਰ ਤੇ ਉਲ ਦੇਣਾ ਪਿਆ ਜਿਸ ਨੂੰ ਕਿ ਸਰਦਾਰ ਸ਼ਾਮ ਸਿੰਘ ਆਪਣੇ ਨਾਲ ਲਾਹੌਰ ਲੈ ਆਏ। ਪਿੱਛੋਂ ਲਾਹੌਰੋਂ ਇਸ ਨੂੰ ਛੇਤੀ ਹੀ ਇੱਜ਼ਤ ਨਾਲ ਵਿਦਿਆ ਕਰ ਦਿੱਤਾ ਗਿਆ।[1]

---

1. *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 1, 55-56, 61; ਹਾਦੀ ਹਸਨ ਤੇ ਰੱਜਬ ਅਲੀ, ਰਈਸਾਨਿ ਪੰਜਾਬ, 65; ਗ੍ਰਿਫ਼ਿਨ, ਪੰਜਾਬ ਚੀਫ਼ਸ (1890), ਜਿਲਦ 1, 242। ਹੋਰ ਦੇਖੋ *ਤਾਰੀਖ਼ਿ ਮੁਲਕਿ ਹਜ਼ਾਰਾ*, 714-15।

# ਮਹਾਰਾਜਾ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਦੀ ਮੌਤ

21 ਤੇ 22 ਕੱਤਕ ਸੰਮਤ 1897, 5 ਨਵੰਬਰ ਸੰਨ 1840, ਨੂੰ ਸਰਦਾਰ ਸ਼ਾਮ ਸਿੰਘ ਅਟਾਰੀਵਾਲਿਆਂ ਨੂੰ ਦੋ ਬੜੀਆਂ ਸਖ਼ਤ ਸੱਟਾਂ ਵੱਜੀਆਂ। ਇਸ ਦਿਨ ਮਹਾਰਾਜਾ ਖੜਕ ਸਿੰਘ ਜੀ ਹੁਕਮ-ਸਤਿ ਕਰ ਗਏ ਜਿਸ ਨਾਲ ਦੇਸ਼ ਪੰਜਾਬ ਦਾ ਸੁਹਾਗ ਭਾਗ ਲੁੱਟਿਆ ਗਿਆ, ਡੋਗਰਾ ਗਰਦੀ ਆਰੰਭ ਹੋ ਗਈ ਤੇ ਕਤਲਾਂ ਤੇ ਗੱਦਾਰੀਆਂ ਦਾ ਮੁੱਢ ਬੱਝਿਆ ਤੇ ਉਸੇ ਦਿਨ ਲੌਢੇ ਵੇਲੇ ਮਹਾਰਾਜਾ ਖੜਕ ਸਿੰਘ ਦੇ ਨੌਜਵਾਨ ਪੁੱਤਰ ਤੇ ਸਰਦਾਰ ਸ਼ਾਮ ਸਿੰਘ ਦੇ ਦਾਮਾਦ ਕੰਵਰ ਨੌਨਿਹਾਲ ਸਿੰਘ ਡੋਗਰਿਆਂ ਦੀ ਸਾਜ਼ਸ਼ ਦੀ ਭੇਟ ਚੜ੍ਹ ਗਏ ਜਿਸ ਨਾਲ ਇਕ ਪਾਸੇ ਤਾਂ ਬੀਬੀ ਨਾਨਕੀ ਵਿਧਵਾ ਹੋ ਗਈ ਤੇ ਦੂਸਰੇ ਪਾਸੇ ਮਹਾਰਾਜਾ ਖੜਕ ਸਿੰਘ ਤੋਂ ਬਾਅਦ ਦੇਸ਼ ਦੀ ਰਹੀ ਸਹੀ ਢਾਰਸ ਵੀ ਟੁੱਟ ਗਈ। ਇਹ ਦੋਵੇਂ ਮੌਤਾਂ ਮਹਾਰਾਜਾ ਖੜਕ ਸਿੰਘ ਦੇ ਡੋਗਰਾ ਵਜ਼ੀਰ ਧਿਆਨ ਸਿੰਘ ਦੀ ਗਿਣੀ ਮਿਥੀ ਹੋਈ ਸਾਜ਼ਸ਼ ਦਾ ਨਤੀਜਾ ਸਨ ਜਿਹੜੀ ਕਿ ਸਿੱਖ ਰਾਜ ਦੀਆਂ ਉੱਚ ਅਟਾਰੀਆਂ ਨੂੰ ਢਾ ਕੇ ਆਪਣੇ ਖ਼ਾਨਦਾਨ ਦੀ ਹਕੂਮਤ ਦਾ ਮਹੱਲ ਉਸਾਰਨ ਲਈ ਕੁਝ ਚਿਰ ਤੋਂ ਗੁੰਦੀ ਜਾ ਰਹੀ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਜੀਊਂਦੇ ਹੀ ਉਨ੍ਹਾਂ ਦੇ ਵਿਸ਼ਵਾਸ ਦਾ ਨਾਜਾਇਜ਼ ਫ਼ਾਇਦਾ ਉਠਾ ਕੇ ਪਹਾੜ ਵਿਚ ਆਪਣੀ ਤਾਕਤ ਬਣਾਉਣੀ ਤੇ ਵਧਾਉਣੀ ਡੋਗਰਿਆਂ ਨੇ ਸ਼ੁਰੂ ਕਰ ਦਿੱਤੀ ਸੀ, ਜਿਸ ਨੂੰ ਆਪਣੇ ਅੰਤਲੇ ਦਿਨੀਂ ਉਹ ਭਾਂਪ ਵੀ ਗਿਆ ਸੀ, ਅਤੇ ਇਸੇ ਕਰਕੇ ਉਸ ਨੇ ਵਜ਼ੀਰ ਧਿਆਨ ਸਿੰਘ ਦੇ ਭਰਾ ਗੁਲਾਬ ਸਿੰਘ ਨੂੰ ਜੰਮੂ ਤੋਂ ਹਜ਼ਾਰੇ ਵੱਲ ਭੇਜ ਦਿੱਤਾ ਸੀ। ਪਰ ਉਸ ਦੇ ਅੱਖਾਂ ਮੀਟਣ ਦੀ ਦੇਰ ਸੀ ਕਿ ਡੋਗਰੇ ਭਰਾਵਾਂ ਨੇ ਫਿਰ ਆਪਣੀਆਂ ਚਾਲਾਂ ਚਲਣੀਆਂ ਸ਼ੁਰੂ ਕਰ ਦਿੱਤੀਆਂ। ਜਿਵੇਂ ਉੱਪਰ ਲਿਖਿਆ ਜਾ ਚੁੱਕਾ ਹੈ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਸਮੇਂ ਕੰਵਰ ਨੌਨਿਹਾਲ ਸਿੰਘ ਪਿਸ਼ਾਵਰ ਸੀ ਅਤੇ ਇਸ ਵੇਲੇ ਗੁਲਾਬ ਸਿੰਘ ਵੀ ਉੱਥੇ ਹੀ ਸੀ। ਡੋਗਰਿਆਂ ਦੀ ਮਨਸ਼ਾ ਇਹ ਸੀ ਕਿ ਜਿਵੇਂ ਹੋ ਸਕੇ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਨਦਾਨ ਨੂੰ ਮੁਕਾ ਦਿੱਤਾ ਜਾਵੇ ਤਾਂ ਕਿ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੂੰ ਸਿੱਖ ਰਾਜ ਦੀ ਗੱਦੀ ਉੱਤੇ ਬਿਠਾਉਣ ਲਈ ਰਸਤਾ ਸਾਫ਼ ਹੁੰਦਾ ਜਾਏ।

ਇਸ ਵੇਲੇ ਮਹਾਰਾਜਾ ਖੜਕ ਸਿੰਘ ਨੇ ਡੋਗਰਿਆਂ ਦੀ ਤਾਕਤ ਨੂੰ ਕਮਜ਼ੋਰ ਕਰਨ ਲਈ ਰਾਜ-ਪ੍ਰਬੰਧ ਦਾ ਬਹੁਤ ਸਾਰਾ ਕੰਮ ਆਪਣੇ ਮਿਤ੍ਰ ਸਰਦਾਰ ਚੇਤ ਸਿੰਘ ਦੇ ਹਵਾਲੇ ਕਰ ਦਿੱਤਾ ਤੇ ਧਿਆਨ ਸਿੰਘ ਦੀ ਮਹਿਲਾਂ ਵਿਚ ਖੁਲ੍ਹੀ ਆਵਾ ਜਾਈ ਜ਼ਰਾ ਬੰਦ ਕਰ

ਦਿੱਤੀ। ਧਿਆਨ ਸਿੰਘ ਨੇ ਸਰਦਾਰ ਚੇਤ ਸਿੰਘ ਨੂੰ ਬਦਨਾਮ ਕਰਨ ਲਈ ਪਹਿਲਾਂ ਦਰਬਾਰ ਤੇ ਸ਼ਹਿਰ ਲਾਹੌਰ ਵਿਚ ਅਤੇ ਇਰਦ ਗਿਰਦ ਇਹ ਹਵਾਈ ਉੜਾ ਦਿੱਤੀ ਕਿ ਮਹਾਰਾਜਾ ਖੜਕ ਸਿੰਘ ਸਰਦਾਰ ਚੇਤ ਸਿੰਘ ਨੂੰ ਬੜਾ ਵਜ਼ੀਰ ਬਣਾ ਕੇ ਉਸ ਦੀ ਸਲਾਹ ਨਾਲ ਪੰਜਾਬ ਨੂੰ ਫਰੰਗੀਆਂ ਦੇ ਅਧੀਨ ਕਰਨ ਦੀਆਂ ਗੋਂਦਾਂ ਗੁੰਦ ਰਿਹਾ ਹੈ ਤੇ ਫਰੰਗੀਆਂ ਦੀ ਸਹਾਇਤਾ ਦੇ ਇਵਜ਼ ਵਿਚ ਉਨ੍ਹਾਂ ਨੂੰ ਆਮਦਨੀ ਵਿਚੋਂ ਛੇ ਆਨੇ ਫ਼ੀ ਰੁਪਇਆ ਦੇਣ ਦੀ ਸਲਾਹ ਕਰਦਾ ਹੈ ਜਿਸ ਨਾਲ ਖ਼ਾਲਸਾ ਫ਼ੌਜ ਤੇ ਸਰਦਾਰਾਂ ਦੀ ਥਾਂ ਅੰਗ੍ਰੇਜ਼ੀ ਫ਼ੌਜ ਰੱਖੀ ਜਾਏਗੀ। ਇਸ ਗੱਲ ਨੂੰ ਕਈ ਸਰਦਾਰ ਤੇ ਫ਼ੌਜੀ ਅਫ਼ਸਰ ਵੀ ਸੱਚ ਮੰਨ ਬੈਠੇ। ਮਹਿਲਾਂ ਵਿਚ ਮਹਾਰਾਜਾ ਸਾਹਿਬ ਤੇ ਕੰਵਰ ਨੌਨਿਹਾਲ ਸਿੰਘ ਦੀਆਂ ਰਾਣੀਆਂ ਨੂੰ ਵੀ ਇਹ ਗੱਲ ਪਹੁੰਚਾ ਦਿੱਤੀ ਗਈ ਜਿਸ ਕਰਕੇ ਉਹ ਬਹੁਤ ਡਰ ਗਈਆਂ। ਧਿਆਨ ਸਿੰਘ ਨੇ ਇਹ ਚਾਲ ਚਲ ਗਈ ਤਾੜ ਕੇ ਕਈ ਵੱਡੇ ਸਰਦਾਰਾਂ ਨੂੰ ਇਹ ਟਪਲਾ ਦਿੱਤਾ ਕਿ ਇਸ ਵੇਲੇ ਪੰਜਾਬ ਨੂੰ ਫਰੰਗੀਆਂ ਤੋਂ ਇੱਕੋ ਤਰ੍ਹਾਂ ਬਚਾਇਆ ਜਾ ਸਕਦਾ ਹੈ ਕਿ ਸਾਰਾ ਰਾਜ ਕਾਜ ਮਹਾਰਾਜਾ ਖੜਕ ਸਿੰਘ ਦੀ ਥਾਂ ਕੰਵਰ ਨੌਨਿਹਾਲ ਸਿੰਘ ਦੇ ਸਪੁਰਦ ਕਰ ਦਿੱਤਾ ਜਾਵੇ।

ਉਧਰੋਂ ਕੰਵਰ ਨੌਨਿਹਾਲ ਸਿੰਘ ਨੂੰ ਪਿਸ਼ਾਵਰੋਂ ਛੇਤੀ ਬੁਲਾ ਭੇਜਿਆ। ਗੁਲਾਬ ਸਿੰਘ ਨੇ ਪਿਸ਼ਾਵਰ ਅਤੇ ਰਸਤੇ ਵਿਚ ਕੰਵਰ ਨੂੰ ਮਨ-ਘੜਤ ਗੱਲਾਂ ਸੁਣਾ ਸੁਣਾ ਕੇ ਇਸ ਤਰ੍ਹਾਂ ਚੱਕਰਾ ਦਿੱਤਾ ਕਿ ਉਹ ਝੂਠ ਸੱਚ ਵਿਚ ਪਰਖ ਨਾ ਕਰ ਸਕਿਆ ਤੇ ਗੁਲਾਬ ਸਿੰਘ ਦੀ ਪੱਟੀ ਵਿਚ ਆ ਕੇ ਆਪਣੇ ਪਿਤਾ ਮਹਾਰਾਜਾ ਖੜਕ ਸਿੰਘ ਦੇ ਵਿਰੁੱਧ ਹੋ ਗਿਆ। ਲਾਹਰ ਪੁੱਜਦੇ ਸਾਰ ਹੀ ਕੰਵਰ ਨੌਨਿਹਾਲ ਸਿੰਘ ਨੂੰ ਧਿਆਨ ਸਿੰਘ ਤੇ ਉਸ ਦੇ ਸਾਥੀਆਂ ਪਾਸੋਂ ਗੁਲਾਬ ਸਿੰਘ ਦੀਆਂ ਗੱਲਾਂ ਦੀ ਗਵਾਹੀ ਮਿਲ ਗਈ ਤੇ ਉਸ ਨੂੰ ਸਭ ਗੱਲਾਂ ਦਾ ਪੂਰਾ ਯਕੀਨ ਹੋ ਗਿਆ।

ਛੇਤੀ ਹੀ ਪਿੱਛੋਂ ਮਹਾਰਾਜਾ ਖੜਕ ਸਿੰਘ ਦੀ ਮਹਾਰਾਣੀ ਤੇ ਕੰਵਰ ਸਾਹਿਬ ਦੀ ਮਾਤਾ ਮਾਈ ਚੰਦ ਕੌਰ ਤੇ ਸੰਧਾਵਾਲੀਏ ਸਰਦਾਰਾਂ ਨੂੰ ਵੀ ਫ਼ਾਹ ਲਿਆ ਗਿਆ ਤੇ ਇਨ੍ਹਾਂ ਦੀ ਸਲਾਹ ਨਾਲ 8-9 ਅਕਤੂਬਰ 1839 ਦੀ ਰਾਤ ਨੂੰ ਸਰਦਾਰ ਚੇਤ ਸਿੰਘ ਖਾਬਗਾਹ ਵਿਚ ਪਾਰ ਬੁਲਾਇਆ ਤੇ ਪਿੱਛੋਂ ਰਾਜ ਦਾ ਬਹੁਤ ਸਾਰਾ ਕੰਮ ਕੰਵਰ ਨੌਨਿਹਾਲ ਸਿੰਘ ਨੇ ਆਪਣੇ ਹੱਥ ਲੈ ਲਿਆ। ਇਸ ਤੋਂ ਛੇਤੀ ਹੀ ਬਾਅਦ ਮਹਾਰਾਜਾ ਖੜਕ ਸਿੰਘ ਬੀਮਾਰ ਹੋ ਗਏ, ਪਰ ਧਿਆਨ ਸਿੰਘ ਨੇ ਕੰਵਰ ਸਾਹਿਬ ਨੂੰ ਕਿਹਾ ਕਿ ਅਸਲ ਵਿਚ ਉਹ ਬੀਮਾਰ ਨਹੀਂ ਹਨ ਬਲਕਿ ਬਹਾਨਾ ਕਰ ਰਹੇ ਹਨ ਤਾਂ ਕਿ ਕਿਸੇ ਤਰ੍ਹਾਂ ਇਥੋਂ ਨਿਕਲ ਕੇ ਅੰਗ੍ਰੇਜ਼ਾਂ ਪਾਸ ਚਲੇ ਜਾਣ। ਨਤੀਜਾ ਇਹ ਹੋਇਆ ਕਿ ਪਹਿਰਾ ਹੋਰ ਸਖ਼ਤ ਕਰ ਦਿੱਤਾ ਗਿਆ। ਇਹ ਹੀ ਨਹੀਂ ਬਲਕਿ ਕਿਹਾ ਜਾਂਦਾ ਹੈ ਕਿ ਸਾਜ਼ਸ਼ੀਆਂ ਨੇ ਹਕੀਮਾਂ ਦੀ ਰਾਹੀਂ ਸਫ਼ੈਦ ਕਸਕਰੀ ਤੇ ਰਸਕਪੂਰ ਆਦਿ ਜ਼ਹਿਰ ਥੋੜ੍ਹੀ ਥੋੜ੍ਹੀ ਦੇਣੀ ਸ਼ੁਰੂ ਕਰ ਦਿੱਤੀ ਜਿਸ ਨਾਲ ਉਹ ਹੌਲੀ ਹੌਲੀ ਘੁਲਦੇ ਘੁਲਦੇ ਘੁਲ ਗਏ ਤੇ ਨੌ ਦਸ ਮਹੀਨੇ ਬੀਮਾਰੀ ਨਾਲ ਰੜਕੀਂਦੇ 5 ਨਵੰਬਰ 1840 ਨੂੰ ਚਲਾਣਾ ਕਰ ਗਏ।

ਧਿਆਨ ਸਿੰਘ ਮਹਾਰਾਜਾ ਖੜਕ ਸਿੰਘ ਦੇ ਨਾਲ ਹੀ ਕੰਵਰ ਨੌਨਿਹਾਲ ਸਿੰਘ ਦੀ

ਅਲਖ ਮੁਕਾਉਣਾ ਚਾਹੁੰਦਾ ਸੀ ਕਿਉਂਕਿ ਇਸ ਅਰਸੇ ਵਿਚ ਕੰਵਰ ਵੀ ਡੋਗਰੇ ਭਰਾਵਾਂ ਦੀਆਂ ਚਾਲਾਂ ਨੂੰ ਤਾੜ ਗਿਆ ਹੋਇਆ ਸੀ ਤੇ ਉਸ ਨੇ ਇਨ੍ਹਾਂ ਦੀਆਂ ਕਾਰਵਾਈਆਂ ਨੂੰ ਦੇਖਣ ਭਾਲਣ ਤੇ ਵੇਲੇ ਸਿਰ ਰੋਕ ਸਕਣ ਵਾਲੀ ਜਨਰਲ ਵੈਂਤੂਰਾ ਤੇ ਸਰਦਾਰ ਅਜੀਤ ਸਿੰਘ ਸੰਧਾਂਵਾਲੀਏ ਤੇ ਲਹਿਣਾ ਸਿੰਘ ਮਜੀਠੀਆ ਦੀ ਕਮਾਨ ਹੇਠਾਂ ਇਕ ਤਕੜੀ ਫ਼ੌਜ ਪਹਾੜ ਵੱਲ ਭੇਜ ਦਿੱਤੀ ਸੀ, ਭਾਵੇਂ ਜ਼ਾਹਰਾ ਤੋਰ ਤੇ ਇਸ ਫ਼ੌਜ ਦਾ ਮਕਸਦ ਮੰਡੀ ਤੇ ਦੂਸਰੀਆਂ ਪਹਾੜੀ ਰਿਆਸਤਾਂ ਪਾਸੋਂ ਪੁਰਾਣੀ ਉਗ੍ਰਾਹੀ ਕਰਨਾ ਸੀ। ਇਸ ਲਈ ਜਿਸ ਵੇਲੇ ਮਹਾਰਾਜਾ ਖੜਕ ਸਿੰਘ ਦੇ ਦਾਹ-ਸੰਸਕਾਰ ਦਾ ਪ੍ਰਬੰਧ ਹੋ ਰਿਹਾ ਸੀ, ਧਿਆਨ ਸਿੰਘ ਕੰਵਰ ਨੌਨਿਹਾਲ ਸਿੰਘ ਲਈ ਵੀ ਤਿਆਰੀਆਂ ਮੁਕੰਮਲ ਕਰੀ ਜਾ ਰਿਹਾ ਸੀ। ਕੰਵਰ ਨੌਨਿਹਾਲ ਸਿੰਘ ਨੂੰ ਵੀ ਉਸੇ ਦਿਨ ਮਰਵਾ ਦੇਣ ਦਾ ਅੰਦਰੂਨੀ ਮਤਲਬ ਇਹ ਸੀ ਕਿ ਕੰਵਰ ਸਾਹਿਬ ਦੀ ਮੌਤ ਨੂੰ ਦੂਸਰੇ ਸ਼ਾਹਜ਼ਾਦਿਆਂ ਦੇ ਮੱਥੇ ਮੜ੍ਹ ਕੇ ਜਾਂ ਕਿਸੇ ਹੋਰ ਬਹਾਨੇ ਉਨ੍ਹਾਂ ਨੂੰ ਵੀ ਛੇਤੀ ਹੀ ਟਿਕਾਣੇ ਲਗਾ ਸਕੇਗਾ ਤੇ ਇਸ ਤਰ੍ਹਾਂ ਹੀਰਾ ਸਿੰਘ ਲਈ ਜਲਦੀ ਹੀ ਰਾਹ ਸਾਫ਼ ਹੋ ਜਾਵੇਗਾ। ਉਸੇ ਦਿਨ ਲੋਢੇ ਵੇਲੇ ਜਿਸ ਵੇਲੇ ਮਹਾਰਾਜਾ ਖੜਕ ਸਿੰਘ ਦਾ ਸੰਸਕਾਰ ਹੋ ਰਿਹਾ ਸੀ, ਧਿਆਨ ਸਿੰਘ ਨੇ ਹਜ਼ੂਰੀ ਬਾਗ ਦੀ ਡਿਓੜ੍ਹੀ ਉੱਪਰ ਆਪਣੇ ਆਦਮੀ ਮੁਕੱਰਰ ਕਰ ਦਿੱਤੇ ਤਾਂਕਿ ਜਿਸ ਵੇਲੇ ਕੰਵਰ ਸਾਹਿਬ ਇਥੋਂ ਦੀ ਲੰਘਣ ਤਾਂ ਡਿਓੜ੍ਹੀ ਦਾ ਛੱਜਾ ਉਨ੍ਹਾਂ ਪਰ ਠੇਲ੍ਹ ਦਿੱਤਾ ਜਾਵੇ। ਡਿਓੜ੍ਹੀ ਦੇ ਨਜ਼ਦੀਕ ਲੋੜ ਵੇਲੇ ਵਰਤਣ ਲਈ ਇਕ ਪਾਲਕੀ ਵੀ ਮੰਗਵਾ ਕੇ ਰੱਖ ਛੱਡੀ। ਮਹਾਰਾਜਾ ਸਾਹਿਬ ਦੀ ਚਿਤਾ ਨੂੰ ਲਾਂਬੂ ਲਾਉਣ ਤੋਂ ਥੋੜ੍ਹੀ ਦੇਰ ਪਿੱਛੋਂ ਹੀ ਧਿਆਨ ਸਿੰਘ ਨੇ ਕਰਨਲ ਅਲੈਗਜੈਂਡਰ ਗਾਰਡਨਰ ਨੂੰ ਆਪਣੇ ਤੋਪਖ਼ਾਨੇ ਦੇ ਚਾਲੀ ਆਦਮੀ ਮਾਮੂਲੀ ਫ਼ਟੀਕ ਦੀ ਵਰਦੀ ਵਿਚ ਲਿਆਉਣ ਲਈ ਕਿਹਾ ਅਤੇ ਜਿਸ ਵੇਲੇ ਗਾਰਡਨਰ ਮੁੜ ਕੇ ਆਇਆ ਉਸ ਵੇਲੇ ਭਾਣਾ ਵਰਤ ਚੁੱਕਾ ਸੀ।

ਮਹਾਰਾਜਾ ਸਾਹਿਬ ਦੀ ਚਿਤਾ ਹਾਲੇ ਜਲ ਹੀ ਰਹੀ ਸੀ ਕਿ ਕੰਵਰ ਨੌਨਿਹਾਲ ਸਿੰਘ ਤਲਾਓ ਵੱਲ ਅਸ਼ਨਾਨ ਕਰਨ ਲਈ ਤੁਰ ਪਏ। ਸ਼ਾਇਦ ਉਨ੍ਹਾਂ ਨੂੰ ਧਿਆਨ ਸਿੰਘ ਦੀ ਘੁਸਰ-ਮੁਸਰ ਤੇ ਭੱਜ-ਦੌੜ ਤੋਂ ਕੁਝ ਸ਼ੱਕ ਪੈ ਗਿਆ ਸੀ। ਭਾਵੇਂ ਧਿਆਨ ਸਿੰਘ ਨੇ ਰੋਕਣਾ ਵੀ ਚਾਹਿਆ ਪਰ ਉਹ ਨਾ ਮੰਨੇ। ਜਦ ਮੁੜਦੇ ਹੋਏ ਆਏ ਤਾਂ ਉਨ੍ਹਾਂ ਨੇ ਧਿਆਨ ਸਿੰਘ ਦੇ ਭਰਾ ਗੁਲਾਬ ਸਿੰਘ ਦੇ ਪੁੱਤਰ ਮੀਆਂ ਊਧਮ ਸਿੰਘ ਦਾ ਹੱਥ ਫੜ ਕੇ ਉਸ ਨੂੰ ਵੀ ਨਾਲ ਹੀ ਲੈ ਲਿਆ। ਇਹ ਦੋਵੇਂ ਡਿਓੜ੍ਹੀ ਵਿਚ ਵੜੇ ਹੀ ਸਨ ਕਿ ਧੈ ਧੈ ਕਰਦਾ ਛੱਜਾ ਉਨ੍ਹਾਂ ਉੱਤੇ ਆ ਡਿਗਿਆ। ਊਧਮ ਸਿੰਘ ਤਾਂ ਉੱਥੇ ਹੀ ਚਿੱਤ ਹੋ ਗਿਆ। ਕੰਵਰ ਸਾਹਿਬ ਨੂੰ ਬਹੁਤ ਜ਼ਿਆਦਾ ਸੱਟ ਨਹੀਂ ਸੀ ਲੱਗੀ, ਪਰ ਉਹ ਹੇਠ ਡਿੱਗ ਪਏ ਸਨ। ਉਹ ਉੱਠਣ ਹੀ ਲੱਗੇ ਸਨ ਕਿ ਧਿਆਨ ਸਿੰਘ ਝੱਟ ਉਨ੍ਹਾਂ ਨੂੰ ਚਾਰ ਪੰਜ ਡੋਲੀ-ਬਹਿਰਿਆਂ ਦੀ ਮਦਦ ਨਾਲ, ਜੋ ਉੱਥੇ ਅੱਗੇ ਹੀ ਮੌਜੂਦ ਰੱਖੇ ਹੋਏ ਸਨ, ਪਾਲਕੀ ਵਿਚ ਪਾ ਕੇ ਕਿਲ੍ਹੇ ਦੇ ਅੰਦਰ ਲੈ ਗਿਆ ਤੇ ਦਰਵਾਜ਼ੇ ਬੰਦ ਕਰ ਦਿੱਤੇ। ਸਰਦਾਰ ਲਹਿਣਾ ਸਿੰਘ ਮਜੀਠੀਆ ਪਾਲਕੀ ਦੇ ਨਾਲ ਜਾਣਾ ਚਾਹੁੰਦਾ ਸੀ ਪਰ ਧਿਆਨ ਸਿੰਘ ਨੇ ਧੱਕਾ ਮਾਰ ਕੇ ਪਿੱਛੇ ਹਟਾ ਦਿੱਤਾ। ਸੰਧਾਂਵਾਲੀਏ ਤੇ ਹੋਰ ਕਈ ਸਰਦਾਰਾਂ ਨੇ ਅੰਦਰ ਜਾਣ ਦਾ ਯਤਨ ਕੀਤਾ ਪਰ ਕਿਸੇ ਨੂੰ ਵੀ ਲਾਗੇ ਨਾ ਲੱਗਣ

ਦਿੱਤਾ ਗਿਆ, ਇੱਥੇ ਤਕ ਕਿ ਕੰਵਰ ਸਾਹਿਬ ਦੀ ਮਾਤਾ ਮਹਾਰਾਣੀ ਚੰਦ ਕੌਰ ਵੀ ਆਪਣੇ ਦੋਹਾਂ ਹੱਥਾਂ ਨੂੰ ਦਰਵਾਜ਼ੇ ਨਾਲ ਮਾਰ ਮਾਰ ਕੇ ਥੱਕ ਗਈ ਤੇ ਹੱਥ ਲਹੂ ਲੁਹਾਣ ਕਰ ਲਏ ਪਰ ਦਰਵਾਜ਼ਾ ਨਾ ਹੀ ਖੋਲ੍ਹਿਆ ਗਿਆ। ਇਕ ਪਾਲਕੀ ਬਹਿਰੇ ਨੇ ਜਿਸ ਨੇ ਕੰਵਰ ਸਾਹਿਬ ਨੂੰ ਪਾਲਕੀ ਵਿਚ ਪਾਉਣ ਵਿਚ ਦੂਸਰਿਆਂ ਦੇ ਨਾਲ ਸਹਾਇਤਾ ਦਿੱਤੀ ਸੀ ਪਿੱਛੋਂ ਕਰਨਲ ਗਾਰਡਨਰ ਨੂੰ ਦੱਸਿਆ ਕਿ ਜਿਸ ਵੇਲੇ ਕੰਵਰ ਸਾਹਿਬ ਨੂੰ ਉੱਠਣ ਲੱਗਿਆਂ ਨੂੰ ਚੁੱਕ ਕੇ ਪਾਲਕੀ ਵਿਚ ਪਾਇਆ ਗਿਆ ਸੀ ਤਾਂ ਉਨ੍ਹਾਂ ਨੂੰ ਮਾਮੂਲੀ ਸੱਟ ਲੱਗੀ ਹੋਈ ਸੀ ਤੇ ਕੰਵਰ ਸਾਹਿਬ ਦੇ ਸਰ੍ਹਾਣੇ ਉੱਤੇ ਇਕ ਰੁਪਈਏ ਜਿਤਨਾ ਲਹੂ ਦਾ ਨਿਸ਼ਾਨ ਲੱਗਾ ਸੀ, ਪਰ ਬਾਅਦ ਵਿਚ ਜਿਸ ਵੇਲੇ ਡਾਕਟਰ ਹੋਨਿਗਬਰਗਰ ਨੂੰ ਬੁਲਾਇਆ ਗਿਆ ਸੀ ਤਾਂ ਉਸ ਵੇਲੇ ਉਨ੍ਹਾਂ ਦਾ ਸਿਰ ਬਹੁਤ ਬੁਰੀ ਤਰ੍ਹਾਂ ਚਿੱਥਿਆ ਹੋਇਆ ਸੀ, ਅਤੇ ਬਿਸਤਰੇ ਦੇ ਕਪੜੇ ਲਹੂ ਨਾਲ ਭਰੇ ਹੋਏ ਸਨ ਤੇ ਲਹੂ ਦੀਆਂ ਧਾਰਾਂ ਵਗੀਆਂ ਹੋਈਆਂ ਸਨ ਤੇ ਉਨ੍ਹਾਂ ਦੇ ਬਚਣ ਦੀ ਕੋਈ ਆਸ ਨਹੀਂ ਸੀ। ਜਿਸ ਵੇਲੇ ਦਰਵਾਜ਼ਾ ਖੋਲ੍ਹਿਆ ਗਿਆ ਅਤੇ ਸੰਧਾਂਵਾਲੀਏ ਸਰਦਾਰ ਅੰਦਰ ਗਏ ਤਾਂ ਕੰਵਰ ਸਾਹਿਬ ਮਰ ਚੁੱਕੇ ਹੋਏ ਸਨ।

ਕੰਵਰ ਨੌਨਿਹਾਲ ਸਿੰਘ ਦੀ ਮੌਤ ਪਿੱਛੋਂ ਇਸ ਸੰਬੰਧੀ ਕੀਤੀਆਂ ਗੁਪਤ ਕਾਰਵਾਈਆਂ ਦਾ ਖੁਰਾ ਖੋਜ ਮਿਟਾ ਦੇਣ ਦਾ ਪੂਰਾ ਪੂਰਾ ਯਤਨ ਕੀਤਾ ਗਿਆ। ਕੰਵਰ ਸਾਹਿਬ ਦੀ ਪਾਲਕੀ ਅੰਦਰ ਲਿਜਾਣ ਵਾਲੇ ਪੰਜੇ ਕਹਾਰ ਕਰਨਲ ਗਾਰਡਨਰ ਦੇ ਤੋਪਖ਼ਾਨੇ ਦੇ ਸਨ। ਉਹ ਕਹਿੰਦਾ ਹੈ ਕਿ ਇਨ੍ਹਾਂ ਵਿਚੋਂ ਦੋ ਨੂੰ ਖੁਫ਼ੀਆ ਤੌਰ ਤੇ ਮਰਵਾ ਦਿੱਤਾ ਗਿਆ, ਦੋ ਮੌਤ ਦੇ ਡਰ ਤੋਂ ਹਿੰਦੁਸਤਾਨ ਨੂੰ ਭੱਜ ਗਏ ਤੇ ਪੰਜਵੇਂ ਦਾ ਕੁਝ ਪਤਾ ਨਹੀਂ ਲੱਗਾ। ਸ਼ਾਇਦ ਉਸ ਨੂੰ ਵੀ ਕਿਸੇ ਤਰ੍ਹਾਂ ਪਾਰ ਬੁਲਾ ਦਿੱਤਾ ਗਿਆ ਹੋਵੇਗਾ।

ਤਿੰਨ ਦਿਨ ਤਕ ਕੰਵਰ ਸਾਹਿਬ ਦੀ ਮੌਤ ਦੀ ਖ਼ਬਰ ਖ਼ੁਫੀਆ ਰੱਖੀ ਗਈ ਤੇ ਕੰਵਰ ਸ਼ੇਰ ਸਿੰਘ ਨੂੰ ਖ਼ਬਰ ਭੇਜੀ ਗਈ ਕਿ ਉਹ ਛੇਤੀ ਲਾਹੌਰ ਪੁੱਜ ਜਾਏ।[1]

ਗਿਆਨੀ ਸਰੂਪ ਸਿੰਘ ਕੜਿਆਣਾ * ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)
98150-03075

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 1, 64-72; ਹੋਨਿਗਬਰਗਰ, *ਥਰਟੀਫਾਈਵ ਯੀਅਰਜ਼ ਇਨ ਦੀ ਈਸਟ*, 101-105; ਸਮਿੱਥ, *ਰੇਨਿੰਗ ਫ਼ੈਮਿਲੀ ਔਫ਼ ਲਾਹੌਰ*, 24-36; ਪੀਅਰਸ, *ਮੈਮੋਇਰਜ਼ ਔਫ਼ ਅਲੈਗਜ਼ੈਂਡਰ ਗਾਰੰਡਨਰ*, 11-26; ਕਨਿੰਘਮ, *ਹਿਸਟਰੀ ਔਫ਼ ਦੀ ਸਿਖਸ* (1849), 44-45.

# ਮਹਾਰਾਣੀ ਚੰਦ ਕੌਰ ਨੇ ਰਾਜ ਸੰਭਾਲਣਾ

ਧਿਆਨ ਸਿੰਘ ਦਾ ਖਿਆਲ ਸੀ ਕਿ ਕੰਵਰ ਸ਼ੇਰ ਸਿੰਘ ਨੂੰ ਮਹਾਰਾਜਾ ਬਣਾਇਆ ਜਾਏ, ਇਸੇ ਲਈ ਤਿੰਨ ਦਿਨ ਕੰਵਰ ਨੌਨਿਹਾਲ ਸਿੰਘ ਦੀ ਮੌਤ ਦੀ ਖ਼ਬਰ ਬਾਹਰ ਨਾ ਨਿਕਲਣ ਦਿੱਤੀ ਗਈ। ਪਰ ਚੂੰਕਿ ਸਵਰਗਵਾਸੀ ਕੰਵਰ ਸਾਹਿਬ ਦੇ ਘਰ ਬੱਚਾ ਹੋਣ ਵਾਲਾ ਸੀ, ਇਸ ਲਈ ਕੰਵਰ ਸ਼ੇਰ ਸਿੰਘ ਨੂੰ ਕੇਵਲ ਰਾਜ-ਪ੍ਰਬੰਧਕ ਹੀ ਬਣਾਇਆ ਗਿਆ। ਪਰ ਧਿਆਨ ਸਿੰਘ ਦੇ ਭਾਈ ਗੁਲਾਬ ਸਿੰਘ ਦੇ ਜੰਮੂ ਤੋਂ ਆਉਣ ਤੇ ਹਾਲਾਤ ਬਦਲ ਗਏ। ਰਾਜਾ ਗੁਲਾਬ ਸਿੰਘ ਤੇ ਸਰਦਾਰ ਅਤਰ ਸਿੰਘ ਸੰਧਾਵਾਲੀਆ ਮਹਾਰਾਜਾ ਖੜਕ ਸਿੰਘ ਦੀ ਵਿਧਵਾ ਮਹਾਰਾਣੀ ਚੰਦ ਕੌਰ ਦੇ ਹੱਕ ਵਿਚ ਹੋ ਗਏ ਤੇ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੇ ਵੀ ਮਹਾਰਾਣੀ ਦਾ ਹੀ ਪੱਖ ਲਿਆ। ਫ਼ੌਜ ਵੀ ਉਸੇ ਦੇ ਹੀ ਹੱਕ ਵਿਚ ਸੀ। ਐਸੀ ਹਾਲਤ ਵਿਚ ਕੰਵਰ ਸ਼ੇਰ ਸਿੰਘ ਨੇ ਵੀ ਮਹਾਰਾਣੀ ਨੂੰ ਹੱਕਦਾਰ ਪ੍ਰਵਾਨ ਕਰਨਾ ਮੰਨ ਲਿਆ ਤੇ 101 ਮੋਹਰ ਨਜ਼ਰ ਪੇਸ਼ ਕੀਤੀ। ਸੋ ਸਰਦਾਰਾਂ ਦੀ ਪ੍ਰਵਾਨਗੀ ਨਾਲ 30 ਨਵੰਬਰ 1840 ਨੂੰ ਐਲਾਨ ਕਰ ਦਿੱਤਾ ਗਿਆ ਕਿ ਰਾਜ-ਪ੍ਰਬੰਧ ਮਹਾਰਾਣੀ ਚੰਦ ਕੌਰ ਕਰੇਗੀ।[1]

ਕਨਿੰਘਮ ਲਿਖਦਾ ਹੈ ਕਿ ਮਹਾਰਾਣੀ ਚੰਦ ਕੌਰ ਨੇ ਇਹ ਆਖਿਆ ਸੀ ਕਿ ਉਹ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੂੰ ਮੁਤਬੰਨਾ ਬਣਾ ਲਏਗੀ। ਇਸ ਗੱਲ ਨੇ ਧਿਆਨ ਸਿੰਘ ਨੂੰ ਵੀ ਠੰਡਾ ਕਰ ਦਿੱਤਾ, ਕਿਉਂਕਿ ਡੋਗਰੇ ਵੀ ਇਹੋ ਹੀ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਹੀਰਾ ਸਿੰਘ ਨੂੰ ਰਾਜ ਦਾ ਵਾਰਸ ਬਣਾਇਆ ਜਾਵੇ। ਮਹਾਰਾਣੀ ਤੇ ਉਸ ਦੇ ਸਲਾਹਕਾਰਾਂ ਦੀ ਕੌਂਸਲ ਧਿਆਨ ਸਿੰਘ ਦੀ ਵਧੀ ਹੋਈ ਤਾਕਤ ਦੇ ਵਿਰੁੱਧ ਸਨ ਭਾਵੇਂ ਉਹ ਹਾਲ ਤਕ ਵਜ਼ੀਰ ਚਲਿਆ ਆ ਰਿਹਾ ਸੀ। ਕੌਂਸਲ ਨੇ ਹੁਕਮ ਜਾਰੀ ਕਰ ਦਿੱਤਾ ਕਿ ਅੱਗੇ ਨੂੰ ਸਭ ਜ਼ਰੂਰੀ ਹੁਕਮ ਖ਼ੁਦ ਮਹਾਰਾਣੀ ਸਾਹਿਬਾ ਦੇ ਦਸਖ਼ਤਾਂ ਨਾਲ ਜਾਰੀ ਹੋਇਆ ਕਰਨਗੇ, ਪਰ ਧਿਆਨ ਸਿੰਘ ਨੂੰ ਇਹ ਗੱਲ ਕਦ ਪ੍ਰਵਾਨ ਹੋ ਸਕਦੀ ਸੀ। ਜੇ ਮਹਾਰਾਣੀ ਦੀ ਕੌਂਸਲ ਦੇ ਸਰਦਾਰ ਧਿਆਨ ਸਿੰਘ ਦੇ ਟਾਕਰੇ ਤੇ ਕਾਫ਼ੀ ਹੁਸ਼ਿਆਰ ਹੁੰਦੇ ਤਾਂ ਤੇ ਉਸ ਦੀਆਂ ਸਾਜ਼ਸ਼ਾਂ ਦੇ ਤੂਫ਼ਾਨ ਵਿਚੋਂ ਦੀ ਰਾਜ-ਪ੍ਰਬੰਧ ਦੀ ਬੇੜੀ ਨੂੰ ਪਾਰ ਲੈ ਨਿਕਲਦੇ, ਤੇ ਜਲਦੀ ਹੀ ਥਾਂ ਥਾਂ ਤੇ ਬਲਵੇ ਹੋਣ ਲੱਗ ਪਏ ਤੇ ਫ਼ੌਜ ਵਿਚ ਵੀ ਬੇਚੈਨੀ ਪੈਦਾ ਹੋਣ ਲੱਗ

1. ਥੋਰਨਟਨ, *ਹਿਸਟਰੀ ਔਫ ਦੀ ਪੰਜਾਬ*, ਜਿਲਦ ਦੂਸਰੀ, 224।

ਪਈ, ਜਿਸ ਤੋਂ ਖ਼ਤਰਨਾਕ ਨਤੀਜੇ ਨਿਕਲਣ ਦਾ ਡਰ ਸੀ।[1]

ਕੰਵਰ ਸ਼ੇਰ ਸਿੰਘ ਇਹ ਸਭ ਕੁਝ ਦੇਖ ਰਿਹਾ ਸੀ ਅਤੇ ਉਹ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਦੇਸ਼ ਵਿਚ ਅਮਨ-ਅਮਾਨ ਹੋ ਜਾਵੇ ਅਤੇ ਮਹਾਰਾਣੀ ਅਤੇ ਉਸ ਦੇ ਦਰਮਿਆਨ ਖਿੱਚੋ-ਤਾਣ ਦਾ ਵੀ ਕੋਈ ਕਾਰਨ ਨਾ ਰਹੇ। ਇਸ ਦਾ ਸਭ ਤੋਂ ਚੰਗਾ ਇਲਾਜ ਇਹ ਸੋਚਿਆ ਕਿ ਮਹਾਰਾਣੀ ਚੰਦ ਕੌਰ ਨਾਲ, ਜੋ ਉਸ ਦੀ ਭਰਜਾਈ ਲਗਦੀ ਸੀ, ਉਸ ਦੀ ਸ਼ਾਦੀ ਹੋ ਜਾਵੇ। ਮਹਾਰਾਣੀ ਵੀ ਇਸ ਤਜਵੀਜ਼ ਨਾਲ ਸਹਿਮਤ ਜਾਪਦੀ ਸੀ ਤੇ ਉਸ ਨੇ ਇਸ ਸੰਬੰਧੀ ਗੱਲ-ਬਾਤ ਕਰਨ ਵਾਸਤੇ ਕੰਵਰ ਸ਼ੇਰ ਸਿੰਘ ਨੂੰ ਬੁਲਾ ਭੇਜਿਆ ਤੇ ਧਿਆਨ ਸਿੰਘ ਨੇ ਸ਼ੇਰ ਸਿੰਘ ਨੂੰ ਆਖਿਆ ਕਿ ਮਹਾਰਾਣੀ ਦੇ ਬੁਲਾਉਣ ਦਾ ਅੰਦਰੂਨੀ ਮਤਲਬ ਉਸ ਨੂੰ ਕਤਲ ਕਰ ਦੇਣ ਦਾ ਹੈ। ਸੋ ਸ਼ੇਰ ਸਿੰਘ ਬਿਨਾ ਮਹਾਰਾਣੀ ਨੂੰ ਮਿਲਣ ਦੇ ਬਟਾਲੇ ਨੂੰ ਚਲਾ ਗਿਆ।[2]

---

1. ਕਨਿੰਘਮ, *ਹਿਸਟਰੀ ਔਫ ਦੀ ਸਿਖਸ* (1849) 245-6; ਥੋਰਨਟਨ, *ਹਿਸਟਰੀ ਔਫ ਦੀ ਪੰਜਾਬ*, 225-6; ਲਤੀਫ਼, *ਹਿਸਟਰੀ ਔਫ ਦੀ ਪੰਜਾਬ*, 501-2; ਕਨ੍ਹਈਆ ਲਾਲ, *ਤਾਰੀਖ਼ਿ ਪੰਜਾਬ*, 387-8।
2. ਥੋਰਨਟਨ, *ਹਿਸਟਰੀ ਔਫ ਦੀ ਪੰਜਾਬ*, ਜਿਲਦ ਦੂਸਰੀ, 226।

# ਕੰਵਰ ਸ਼ੇਰ ਸਿੰਘ ਰਾਜ-ਗੱਦੀ ਉੱਤੇ

ਕੰਵਰ ਸ਼ੇਰ ਸਿੰਘ ਦੇ ਵਟਾਲੇ ਨੂੰ ਮੁੜ ਜਾਣ ਪਿੱਛੋਂ ਧਿਆਨ ਸਿੰਘ ਨੇ ਜਨਰਲ ਵੈਂਤੂਰਾ ਤੇ ਕੁਝ ਹੋਰ ਵੱਡੇ ਵੱਡੇ ਫ਼ੌਜੀ ਅਫ਼ਸਰਾਂ ਨਾਲ ਸਲਾਹ ਕਰ ਲਈ ਕਿ ਮਹਾਰਾਣੀ ਦੀ ਥਾਂ ਸ਼ੇਰ ਸਿੰਘ ਨੂੰ ਤਖ਼ਤ ਉੱਤੇ ਬਿਠਾਇਆ ਜਾਵੇ ਅਤੇ ਆਪ ਮਹੀਨੇ ਦੀ ਛੁੱਟੀ ਲੈ ਕੇ ਜੰਮੂ ਨੂੰ ਤੁਰ ਗਿਆ। ਰਸਤੇ ਵਿਚੋਂ ਲਾਹੌਰ ਵਿਚ ਬਣਾਈ ਗਈ ਬਣਤ ਦਾ ਸਾਰਾ ਹਾਲ ਕੰਵਰ ਨੂੰ ਲਿਖ ਭੇਜਿਆ ਅਤੇ ਨਾਲ ਪਲਟਣਾਂ, ਰਸਾਲਿਆਂ ਤੇ ਤੋਪਖ਼ਾਨਿਆਂ ਦੇ ਜਰਨੈਲਾਂ ਤੇ ਕੁਮੇਦਾਨਾਂ ਨੂੰ ਪਰਵਾਨੇ ਲਿਖ ਭੇਜੇ ਕਿ ਜਿਸ ਵੇਲੇ ਕੰਵਰ ਸ਼ੇਰ ਸਿੰਘ ਜੀ ਲਾਹੌਰ ਦੇ ਨਜ਼ਦੀਕ ਪਹੁੰਚਣ ਤਾਂ ਇਹ ਸਾਰੇ ਮਿਲ ਕੇ ਉਨ੍ਹਾਂ ਦੀ ਸਹਾਇਤਾ ਕਰਨ। ਧਿਆਨ ਸਿੰਘ ਦੀ ਚਿੱਠੀ ਪੁੱਜਦੇ ਸਾਰ ਕੰਵਰ ਸ਼ੇਰ ਸਿੰਘ ਨੇ ਬਟਾਲਿਓਂ ਕੂਚ ਕਰ ਦਿੱਤਾ ਤੇ ਵੀਰਵਾਰ 3 ਮਾਘ 1897 (14 ਜਨਵਰੀ 1841) ਨੂੰ ਲਾਹੌਰ ਬੁਧੂ ਦੇ ਆਵੇ ਪਾਸ ਆ ਪੁੱਜਾ। ਇੱਥੇ ਉਸ ਨੂੰ ਫ਼ੌਜਾਂ ਦੇ ਸਰਕਰਦੇ ਤੇ ਮੁਨਸ਼ੀ ਮੁਸੱਦੀ ਜਾ ਮਿਲੇ।

ਉਧਰ ਮਹਾਰਾਣੀ ਚੰਦ ਕੌਰ ਨੇ ਰਾਜਾ ਗੁਲਾਬ ਸਿੰਘ ਤੇ ਹੀਰਾ ਸਿੰਘ ਆਦਿ ਦੀ ਮਲਾਹ ਨਾਲ ਤੋਪਾਂ ਕਿਲ੍ਹੇ ਤੇ ਚੜ੍ਹਾ ਦਿੱਤੀਆਂ ਅਤੇ ਜਿਸ ਵੇਲੇ ਕੰਵਰ ਸ਼ੇਰ ਸਿੰਘ ਦੀ ਹਮਾਇਤੀ ਫ਼ੌਜ ਕਿਲ੍ਹਾ ਲੈਣ ਆਈ ਤਾਂ ਤੋਪ ਤੇ ਤੋਪ ਵਰ੍ਹਨੀ ਸ਼ੁਰੂ ਹੋ ਗਈ। ਤਿੰਨ ਦਿਨ ਇਹੋ ਹਾਲ ਰਿਹਾ। ਚੌਥੇ ਦਿਨ ਸੋਮਵਾਰ 18 ਜਨਵਰੀ ਨੂੰ ਰਾਜਾ ਧਿਆਨ ਸਿੰਘ ਨੇ, ਜੋ ਕੰਵਰ ਸ਼ੇਰ ਸਿੰਘ ਦੇ ਮੁਰਾਸਲੇ ਅਨੁਸਾਰ ਮੁੜ ਆਇਆ ਸੀ, ਵਿਚ ਪੈ ਕੇ ਤੋਪ ਬੰਦ ਕਰਵਾ ਦਿੱਤੀ ਤੇ ਕਿਲ੍ਹਾ ਕੰਵਰ ਸਾਹਿਬ ਦੇ ਹਵਾਲੇ ਕਰ ਦਿੱਤਾ। ਕਿਲ੍ਹੇ ਉੱਤੇ ਕਬਜ਼ਾ ਹੋ ਜਾਣ ਤੇ ਕੰਵਰ ਸ਼ੇਰ ਸਿੰਘ ਜੀ ਮਹਾਰਾਜਾ ਬਣ ਗਏ। ਮਾਈ ਚੰਦ ਕੌਰ ਨਾਲ ਸਤਿਕਾਰ ਵਾਲਾ ਸਲੂਕ ਕੀਤਾ ਗਿਆ। ਕਿਲ੍ਹੇ ਵਿਚ ਹੀ ਉਨ੍ਹਾਂ ਦੀ ਰਿਹਾਇਸ਼ ਲਈ ਪ੍ਰਬੰਧ ਕਰ ਦਿੱਤਾ ਗਿਆ ਤੇ ਗੁਜ਼ਾਰੇ ਲਈ ਚੋਖੀ ਰਕਮ ਨੀਯਤ ਕਰ ਦਿੱਤੀ।[1]

ਇਸ ਵੇਲੇ ਦੇ ਝਗੜੇ ਝਾਂਜਿਆਂ ਵਿਚ ਸਰਦਾਰ ਸ਼ਾਮ ਸਿੰਘ ਅਟਾਰੀਵਾਲਿਆਂ ਨੇ ਕੋਈ ਉੱਘਾ ਹਿੱਸਾ ਲਿਆ ਨਹੀਂ ਦਿਸਦਾ। ਮਾਲੂਮ ਹੁੰਦਾ ਹੈ ਕਿ ਇਨ੍ਹਾਂ ਹੋ ਰਹੀਆਂ ਸਾਜ਼ਸ਼ਾਂ ਵਿਚ ਕੋਈ ਪੇਸ਼ ਨਾ ਚਲਦੀ ਦੇਖ ਕੇ ਆਪ ਜ਼ਰਾ ਪਿੱਛੇ ਹਟ ਗਏ ਸਨ।

---

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 2, 7-16; ਥੋਰਨਟਨ, *ਹਿਸਟਰੀ ਔਫ਼ ਦੀ ਪੰਜਾਬ*, ਜਿਲਦ, 2, 226-29, ਕਨਿੰਘਮ, *ਹਿਸਟਰੀ ਔਫ਼ ਦੀ ਸਿਖਸ*, 247-48; ਕਨ੍ਹਈਆ ਲਾਲ, *ਤਾਰੀਖ਼ਿ-ਪੰਜਾਬ*, 389-90.

# ਡੋਗਰਾ ਸਾਜ਼ਸ਼ੀਆਂ ਦੇ ਵਿਰੁੱਧ ਨਾਕਾਮਯਾਬ ਯਤਨ

ਜਿਵੇਂ ਪਿੱਛੇ ਦੱਸੇ ਵਾਕਿਆਤ ਤੋਂ ਸਪਸ਼ਟ ਹੈ ਕਿ ਡੋਗਰਿਆਂ ਦੀ ਤਾਕਤ ਲਾਹੌਰ ਵਿਚ ਬੜੀ ਮਜ਼ਬੂਤ ਸੀ। ਇਸ ਵੇਲੇ ਉਹ ਸਿੱਖ ਰਾਜ ਦੇ ਰਾਜ਼ਾ-ਸਾਜ਼ ਬਣੇ ਹੋਏ ਸਨ। ਆਪਣੇ ਮਤਲਬ ਦੀ ਸਿੱਧੀ ਲਈ ਉਹ ਹਰ ਢੰਗ ਖੇਲ ਲੈਂਦੇ ਸਨ। ਪੋਲਿਟਿਕਸ ਦੀ ਇਕ ਬੜੀ ਵੱਡੀ ਤੇ ਕੰਮ ਕਢਣ ਵਾਲੀ ਚਾਲ "ਬਾਹਰੋਂ ਲੜੇ ਰਹਿਣਾ, ਅੰਦਰੋਂ ਰਲੇ ਰਹਿਣਾ" ਨੂੰ ਉਹ ਖ਼ੂਬ ਜਾਣਦੇ ਸਨ, ਅਤੇ ਜੋ ਡਰਾਮਾ ਉਨ੍ਹਾਂ ਨੇ ਕੰਵਰ ਸ਼ੇਰ ਸਿੰਘ ਦੇ ਲਾਹੌਰ ਆਵਣ ਉੱਤੇ ਮਹਾਰਾਣੀ ਚੰਦ ਕੌਰ ਵੱਲੋਂ ਮੁਖ਼ਾਲਫ਼ਤ ਅਤੇ ਫੇਰ ਕੰਮ-ਸੁਲਝਾਉਣ ਵਿਚ ਖੇਲ਼ਿਆ ਉਸ ਦੀ ਹੋਰ ਕੋਈ ਮਿਸਾ਼ਲ ਪੰਜਾਬ ਦੇ ਇਤਿਹਾਸ ਵਿਚ ਨਜ਼ਰ ਨਹੀਂ ਆਉਂਦੀ। ਧਿਆਨ ਸਿੰਘ ਕੰਵਰ ਸ਼ੇਰ ਸਿੰਘ ਵੱਲ ਸੀ ਤੇ ਉਸ ਦਾ ਭਰਾ ਗੁਲਾਬ ਸਿੰਘ ਤੇ ਪੁੱਤਰ ਹੀਰਾ ਸਿੰਘ ਮਹਾਰਾਣੀ ਚੰਦ ਕੌਰ ਵੱਲ, ਤਾਂ ਕਿ ਜਿਹੜਾ ਪਾਸਾ ਵੀ ਭਾਰਾ ਹੋ ਜਾਵੇ ਉਧਰੋਂ ਹੀ ਫ਼ਾਇਦਾ ਆਪਣੇ ਟੱਬਰ ਨੂੰ ਪੁਜੇ, ਹਰ ਹਾਲਤ ਵਿਚ ਨੁਕਸਾਨ ਹੋਵੇ ਤਾਂ ਪਰਾਇਆ, ਫ਼ਾਇਦਾ ਹੋਵੇ ਤਾਂ ਆਪਣਾ। ਜੇ ਮਹਾਰਾਣੀ ਚੰਦ ਕੌਰ ਦਾ ਪਾਸਾ ਭਾਰਾ ਹੋ ਜਾਂਦਾ ਤਾਂ ਉਸ ਨੇ ਇਹ ਕਹਿ ਸਕਣਾ ਸੀ ਕਿ ਮੈਂ ਤਾਂ ਲਾਹੌਰੋਂ ਬਾਹਰ ਸਾਂ ਇਸ ਲਈ ਮੇਰਾ ਕੋਈ ਕਸੂਰ ਨਹੀਂ ਅਤੇ ਮੇਰਾ ਭਰਾ ਤੇ ਪੁੱਤਰ ਮਹਾਰਾਣੀ ਦੀ ਸੇਵਾ ਕਰਦੇ ਰਹੇ ਸਨ, ਹੁਣ ਜਦ ਕੰਵਰ ਸ਼ੇਰ ਸਿੰਘ ਦਾ ਪਾਸਾ ਭਾਰਾ ਹੁੰਦਾ ਦੇਖਿਆ ਤਾਂ ਦੋਹਾਂ ਪਾਸਿਆਂ ਤੋਂ ਜਲ ਰਹੀਆਂ ਤੋਪਾਂ ਨੂੰ ਬੰਦ ਕਰਾਉਣ ਤੋਂ ਪਹਿਲਾਂ ਜਨਰਲ ਵੈਂਤੂਰਾ ਦੀ ਮਾਰਫ਼ਤ ਉਸ ਨੇ ਗੁਲਾਬ ਸਿੰਘ ਤੇ ਹੀਰਾ ਸਿੰਘ ਦਾ ਕਸੂਰ ਮਾਫ਼ ਕਰਵਾ ਲਿਆ। ਸ਼ੇਰ ਸਿੰਘ ਵਾਸਤੇ ਐਸੀ ਹਾਲਤ ਵਿਚ ਧਿਆਨ ਸਿੰਘ ਨੂੰ ਨਾਂਹ ਕਰ ਸਕਣਾ ਮੁਮਕਿਨ ਹੀ ਨਹੀਂ ਸੀ।[1]

ਇਸ ਸਭ ਕੁਝ ਨੂੰ ਕੁਝ ਕੁ ਦਾਨੇ ਸਰਦਾਰ ਦੇਖ ਰਹੇ ਸਨ, ਪਰ ਚੂੰਕਿ ਉਹ ਸਾਫ਼ ਦਿਲ ਤੇ ਸਿੱਧੇ ਰਾਹੇ ਜਾਣ ਵਾਲੇ ਸਨ ਅਤੇ ਡੋਗਰਿਆਂ ਦੀ ਤਰ੍ਹਾਂ ਡੂੰਘੀਆਂ ਚਾਲਾਂ ਚਲਣ ਦੇ ਆਦੀ ਨਾ ਹੋਣ ਕਰਕੇ ਇਸ ਫ਼ਨ ਵਿਚ ਮਾਹਰ ਨਹੀਂ ਸਨ, ਇਸ ਲਈ ਉਨ੍ਹਾਂ ਦੀ ਪੇਸ਼ ਨਹੀਂ ਸੀ ਚਲਦੀ। ਇਹ ਸਰਦਾਰ ਸਨ ਫ਼ਤਹਿ ਸਿੰਘ ਮਾਨ, ਸ਼ਾਮ ਸਿੰਘ ਅਟਾਰੀਵਾਲਾ ਤੇ ਲਹਿਣਾ ਸਿੰਘ ਮਜੀਠੀਆ। ਇਨ੍ਹਾਂ ਕਈ ਵਾਰੀ ਮਹਾਰਾਜਾ ਸ਼ੇਰ ਸਿੰਘ ਨੂੰ ਸਮਝਾਉਣ ਅਤੇ ਡੋਗਰਿਆਂ ਦੇ ਜਾਲ ਵਿਚੋਂ ਕੱਢਣ ਦੇ ਯਤਨ ਕੀਤੇ ਅਤੇ ਕਈ ਵਾਰੀ ਇਨ੍ਹਾਂ ਦੀ ਸਲਾਹ ਦਾ

---

1. ਸਮਿੱਥ, *ਰੇਨਿੰਗ ਫ਼ੈਮਿਲੀ ਔਫ਼ ਲਾਹੌਰ*, 37; ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 2, ਪੰ. 13-15।

ਕੁਝ ਕੁ ਅਸਰ ਵੀ ਹੋ ਜਾਂਦਾ, ਪਰ ਚੂੰਕਿ ਮਹਾਰਾਜਾ ਬਹੁਤ ਜ਼ਿਆਦਾ ਮਜ਼ਬੂਤ ਦਿਲ ਨਹੀਂ ਸੀ ਇਸ ਲਈ ਕਿਸੇ ਖ਼ਤਰੇ ਵਿਚ ਪੈਣੋਂ ਸੰਕੋਚ ਕਰਦੇ ਰਹਿਣ ਦੇ ਕਾਰਨ ਸਖ਼ਤ ਕਾਰਵਾਈ ਕਰਨੋਂ ਕੰਨੀ ਕਤਰਾ ਜਾਂਦਾ ਸੀ, ਜਿਸ ਦਾ ਕਿ ਨਤੀਜਾ ਅੰਤ ਉਸ ਨੂੰ ਖ਼ੁਦ ਹੀ ਭੁਗਤਣਾ ਪਿਆ।[1]




1. ਥੋਰਨਟਨ, *ਹਿਸਟਰੀ ਔਫ ਦੀ ਪੰਜਾਬ*, ਜਿਲਦ ਦੂਸਰੀ, 238.

# ਕੰਵਰ ਪ੍ਰਤਾਪ ਸਿੰਘ ਤੇ ਲਾਰਡ ਐਲਨਬਰੋ ਦੀ ਮੁਲਾਕਾਤ

ਜਿਸ ਵੇਲੇ ਜਨਵਰੀ 1841 ਵਿਚ ਮਹਾਰਾਜਾ ਸ਼ੇਰ ਸਿੰਘ ਰਾਜ-ਗੱਦੀ ਤੇ ਬੈਠੇ ਸਨ ਉਸ ਵੇਲੇ ਕਾਬਲ ਵਿਚ, ਜਿੱਥੇ ਕਿ ਅੰਗ੍ਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਭੇਜੀ ਗਈ ਫ਼ੌਜ ਦੀ ਸਹਾਇਤਾ ਨਾਲ ਸ਼ਾਹ ਸ਼ੁਜਾਹ ਨੂੰ ਤਖ਼ਤ ਤੇ ਬਠਾਇਆ ਸੀ, ਅਮਨ ਅਮਾਨ ਸੀ, ਪਰ ਕੰਪਨੀ ਦੇ ਏਲਚੀ ਸਰ ਵਿਲੀਅਮ ਮੈਕਨਾਟਨ ਦੀਆਂ ਪੋਲੀਟੀਕਲ ਗ਼ਲਤੀਆਂ ਤੇ ਗੋਰੇ ਅਫ਼ਸਰਾਂ ਤੇ ਸਿਪਾਹੀਆਂ ਦੀਆਂ ਪਠਾਨ ਜ਼ਨਾਨੀਆਂ ਨਾਲ ਵਧਦੀਆਂ ਜਾ ਰਹੀਆਂ ਬਦ-ਚਲਨੀਆਂ ਨੇ ਪਠਾਣਾਂ ਨੂੰ ਭੜਕਾ ਦਿੱਤਾ ਤੇ ਉਹ ਦੋਸਤ ਮੁਹੰਮਦ ਖ਼ਾਨ ਦੇ ਪੁੱਤਰ ਅਕਬਰ ਖ਼ਾਨ ਦੀ ਸਰਦਾਰੀ ਹੇਠਾਂ ਅੰਗ੍ਰੇਜ਼ ਤੇ ਟੁੱਟ ਪਏ। 2 ਨਵੰਬਰ 1841 ਨੂੰ ਅਲੈਗਜ਼ੈਂਡਰ ਬਰਨਜ਼ ਕਤਲ ਕਰ ਦਿੱਤਾ ਗਿਆ, ਤੇ ਕੁਝ ਚਿਰ ਪਿੱਛੋਂ ਮੈਕਨਾਟਨ ਨੂੰ ਵੀ ਪਾਰ ਬੁਲਾ ਦਿੱਤਾ ਤੇ ਉਸ ਦੇ ਅਸਿਸਟੈਂਟ ਕੈਦ ਕਰ ਲਏ। ਮੈਕਨਾਟਨ ਦੇ ਮਰਨ ਪਿੱਛੋਂ ਅੰਗ੍ਰੇਜ਼ ਅਫ਼ਸਰਾਂ ਨੇ ਦਿਲ ਛੱਡ ਦਿੱਤਾ ਤੇ ਅਕਬਰ ਖ਼ਾਨ ਨਾਲ ਅਹਿਦਨਾਮਾ ਕਰ ਕੇ ਕਾਬਲੋਂ ਨਿਕਲ ਤੁਰੇ। ਪਠਾਣਾਂ ਨੇ ਪਿੱਛੋਂ ਪੈ ਕੇ ਕੁਝ ਕੁ ਅਫ਼ਸਰ ਕੈਦੀਆਂ ਤੋਂ ਬਿਨਾਂ ਸਭ ਨੂੰ ਫ਼ਨਾਹ ਕਰ ਦਿੱਤਾ ਤੇ ਇਕ ਡਾਕਟਰ ਬ੍ਰਿਡਨ ਹੀ ਜਾਨ ਬਚਾ ਕੇ ਜਲਾਲਾਬਾਦ ਪੁੱਜ ਸਕਿਆ। ਪਰ ਛੇਤੀ ਹੀ ਮਗਰੋਂ ਕੰਧਾਰ ਵੱਲੋਂ ਜਨਰਲ ਨੋਟ ਨੇ ਤੇ ਖ਼ੈਬਰ ਦੇ ਰਸਤੇ ਜਨਰਲ ਪੋਲਕ ਨੇ ਸਿੱਖ ਫ਼ੌਜ ਦੀ ਸਹਾਇਤਾ ਨਾਲ 15 ਸਤੰਬਰ 1842 ਨੂੰ ਮੁੜ ਕਾਬਲ ਉੱਤੇ ਜਾ ਕਬਜ਼ਾ ਕੀਤਾ। 5 ਅਪ੍ਰੈਲ 1842 ਨੂੰ ਕਾਬਲ ਵਿਚ ਸ਼ਾਹ ਸ਼ੁਜਾਹ ਵੀ ਕਤਲ ਹੋ ਚੁੱਕਾ ਸੀ। ਹੁਣ ਅੰਗ੍ਰੇਜ਼ਾਂ ਨੇ ਅਫ਼ਗ਼ਾਨਿਸਤਾਨ ਵਿਚ ਖ਼ੁਦ ਪੱਕੀ ਤਰ੍ਹਾਂ ਠਹਿਰਨਾ ਜਾਂ ਆਪਣੀ ਵੱਲੋਂ ਸ਼ਾਹ ਸ਼ੁਜਾਹ ਵਰਗਾ ਕੋਈ ਬਾਦਸ਼ਾਹ ਬਿਠਾਉਣਾ ਮੁਨਾਸਬ ਨਾ ਸਮਝ ਕੇ ਅਮੀਰ ਦੋਸਤ ਮੁਹੰਮਦ ਖ਼ਾਨ ਨੂੰ ਨਜ਼ਰਬੰਦੀ 'ਚੋਂ ਰਿਹਾਈ ਦੇ ਦਿੱਤੀ ਤਾਂ ਕਿ ਉਹ ਮੁੜ ਕਾਬਲ ਦੀ ਹਕੂਮਤ ਜਾ ਸੰਭਾਲੇ। ਕਲਕੱਤਿਉਂ ਛੁਟ ਕੇ ਅਮੀਰ ਦੋਸਤ ਮੁਹੰਮਦ ਖ਼ਾਨ ਲਾਹੌਰ ਪੁੱਜਾ ਜਿੱਥੇ ਕਿ ਮਹਾਰਾਜਾ ਸ਼ੇਰ ਸਿੰਘ ਨਾਲ 21 ਜਨਵਰੀ 1843 ਨੂੰ ਮੁਲਾਕਾਤ ਕੀਤੀ। ਮਹਾਰਾਜਾ ਸਾਹਿਬ ਨੇ ਬੜੀ ਇੱਜ਼ਤ ਨਾਲ ਉਸ ਦਾ ਸਵਾਗਤ ਕੀਤਾ ਤੇ ਫੇਰ ਅੱਗੇ ਕਾਬਲ ਨੂੰ ਵਿਦਿਆ ਕੀਤਾ।

ਗਵਰਨਰ ਜਨਰਲ ਲਾਰਡ ਐਲਨਬਰੋ ਜਾਣਦਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਨੇ ਅਫ਼ਗ਼ਾਨਿਸਤਾਨ ਦੀ ਪਹਿਲੀ ਮੁਹਿੰਮ ਵਿਚ ਅਤੇ ਮਹਾਰਾਜਾ ਸ਼ੇਰ ਸਿੰਘ ਨੇ ਦੂਸਰੀ ਮੁਹਿੰਮ ਵਿਚ ਅੰਗ੍ਰੇਜ਼ਾਂ ਦੀ ਕਾਫ਼ੀ ਸਹਾਇਤਾ ਕੀਤੀ ਹੈ ਅਤੇ ਕਾਬਲ ਵਿਚ ਅੰਗ੍ਰੇਜ਼ੀ

ਅਫ਼ਸਰਾਂ ਅਤੇ ਫ਼ੌਜ ਦੀ ਤਬਾਹੀ ਤੋਂ ਬਾਅਦ 1842 ਵਿਚ ਮਹਾਰਾਜਾ ਸ਼ੇਰ ਸਿੰਘ ਦੀ ਸਹਾਇਤਾ ਤੋਂ ਬਗ਼ੈਰ ਅੰਗ੍ਰੇਜ਼ਾਂ ਵਾਸਤੇ ਕਾਬਲ ਵਿਚ ਮੁੜ ਆਪਣਾ ਰੋਹਬ ਬਿਠਾ ਸਕਣਾ ਮੁਮਕਿਨ ਨਹੀਂ ਸੀ, ਇਸ ਲਈ ਲਾਰਡ ਐਲਨਬਰੋ ਚਾਹੁੰਦਾ ਸੀ ਕਿ ਉਹ ਫ਼ਿਰੋਜ਼ਪੁਰ ਦੇ ਮੁਕਾਮ ਤੇ ਮਹਾਰਾਜਾ ਸ਼ੇਰ ਸਿੰਘ ਨਾਲ ਮੁਲਾਕਾਤ ਕਰ ਕੇ ਖ਼ੁਦ ਉਸ ਦੀ ਕਿਰਪਾਲਤਾ ਦਾ ਧੰਨਵਾਦ ਕਰੇ।

ਗਵਰਨਰ ਜਨਰਲ ਦੇ ਫ਼ਿਰੋਜ਼ਪੁਰ ਦੇ ਪੋਲੀਟੀਕਲ ਏਜੰਟ ਮਿਸਟਰ ਜੌਰਜ ਰਸਲ ਕਲਾਰਕ ਵੱਲੋਂ ਇਤਲਾਹ ਪੁੱਜਣ ਤੇ 19 ਕੱਤਕ 1899, ਮੁਤਾਬਕ 2 ਨਵੰਬਰ 1842, ਨੂੰ ਮਹਾਰਾਜਾ ਸ਼ੇਰ ਸਿੰਘ ਵੱਲੋਂ ਜ਼ਰੂਰੀ ਪ੍ਰਬੰਧ ਲਈ ਫ਼ਕੀਰ ਅਜ਼ੀਜ਼ੁੱਦੀਨ ਨੂੰ ਚੜ੍ਹਦੇ ਵੱਲ ਜਾਣ ਦੀ ਆਗਿਆ ਹੋਈ ਅਤੇ ਸਰਦਾਰ ਲਹਿਣਾ ਸਿੰਘ ਮਜੀਠੀਆ ਅਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਵੀ ਨੀਯਤ ਕੀਤੇ ਗਏ ਤੇ ਹੁਕਮ ਹੋਇਆ ਕਿ ਫ਼ਕੀਰ ਅਜ਼ੀਜ਼ੁੱਦੀਨ ਤੇ ਫ਼ਿਰੋਜ਼ਪੁਰ ਵਿਚ ਮਹਾਰਾਜਾ ਸਾਹਿਬ ਦੇ ਵਕੀਲ ਰਾਏ ਗੋਵਿੰਦ ਜਸ ਦੀ ਮਰਜੀ ਦੇ ਮੁਤਾਬਕ ਕੰਮ ਕਰਨ।[1]

ਮੱਘਰ ਦੀ ਸੰਗ੍ਰਾਂਦ 15 ਨਵੰਬਰ 1842 ਨੂੰ ਸਰਦਾਰ ਲਹਿਣਾ ਸਿੰਘ ਮਜੀਠੀਆ ਤੇ ਸਰਦਾਰ ਸ਼ਾਮ ਸਿੰਘ ਵੱਲੋ ਮਹਾਰਾਜਾ ਸਾਹਿਬ ਨੂੰ ਇਤਲਾਹ ਆਈ ਕਿ ਉਹ ਫਲੌਰ ਪੁੱਜ ਗਏ ਹਨ ਤੇ ਉਨ੍ਹਾਂ ਨੇ ਲੁਧਿਆਨੇ ਫ਼ਕੀਰ ਅਜ਼ੀਜ਼ੁੱਦੀਨ ਨੂੰ ਇਤਲਾਹ ਦੇ ਦਿੱਤੀ ਹੈ ਜਿਸ ਦੇ ਉੱਤਰ ਵਿਚ ਫ਼ਕੀਰ ਸਾਹਿਬ ਨੇ ਲਿਖਿਆ ਹੈ ਕਿ ਲਾਰਡ ਐਲਨਬਰੋ ਛੇਤੀ ਹੀ ਸ਼ਿਮਲੇ ਤੋਂ ਲੁਧਿਆਣੇ ਆਉਣ ਵਾਲੇ ਹਨ, ਉਸ ਦੇ ਆਉਣ ਤਕ ਸਰਦਾਰ ਲਹਿਣਾ ਸਿੰਘ ਤੇ ਸ਼ਾਮ ਸਿੰਘ ਫਲੌਰ ਹੀ ਠਹਿਰਣ। ਜਿਸ ਵੇਲੇ ਗਵਰਨਰ ਜਨਰਲ ਆ ਜਾਵੇਗਾ ਉਸ ਵੇਲੇ ਸਲਾਹ ਕਰ ਕੇ ਉਨ੍ਹਾਂ ਨੂੰ ਬੁਲਾ ਲਿਆ ਜਾਵੇਗਾ।[2]

ਦਸੰਬਰ ਦੇ ਪਹਿਲੇ ਹਫ਼ਤੇ ਸਰਦਾਰ ਲਹਿਣਾ ਸਿੰਘ ਮਜੀਠੀਆ ਵੱਲੋਂ ਮਹਾਰਾਜਾ ਸਾਹਿਬ ਵੱਲ ਅਰਜ਼ੀ ਆਈ ਕਿ ਪਹਿਲਾਂ ਮਿਸਟਰ ਕਲਾਰਕ ਤੇ ਫੇਰ ਰਾਏ ਕਿਸ਼ਨ ਚੰਦ ਕੱਲ੍ਹ ਫਲੌਰ ਆਏ ਸਨ ਤੇ ਇਕੱਠੇ ਹੀ ਫਿਰ ਮੁੜ ਗਏ ਤੇ ਦੂਸਰੇ ਦਿਨ ਸ਼ਾਮ ਨੂੰ ਮੁਲਾਕਾਤ ਦੀ ਤਜਵੀਜ਼ ਹੋਈ। ਪਹਿਲੇ ਸਰਦਾਰ ਲਹਿਣਾ ਸਿੰਘ ਨੇ ਕਲਾਰਕ ਸਾਹਿਬ ਪਾਸ ਲਾਟ ਸਾਹਿਬ ਨਾਲ ਮੁਲਾਕਾਤ ਦਾ ਪਤਾ ਕਰਨ ਲਈ ਮੁਸ਼ੀਰ ਘੱਲੇ ਜਿਸ ਦੇ ਉੱਤਰ ਵਿਚ ਕਲਾਰਕ ਸਾਹਿਬ ਨੇ ਕਹਿਲਾ ਭੇਜਿਆ ਕਿ ਉਹ ਦੋ ਘੰਟੇ ਪਿੱਛੋਂ ਆਏਗਾ ਤੇ ਮੁਲਾਕਾਤ ਕਰਾ ਦਿੱਤੀ ਜਾਵੇਗੀ। ਕਾਫ਼ੀ ਦੇਰ ਇੰਤਜ਼ਾਰ ਕਰਨ ਪਿੱਛੋਂ ਸਰਦਾਰ ਲਹਿਣਾ ਸਿੰਘ ਲਾਟ ਸਾਹਿਬ ਦੇ ਡੇਰੇ ਵੱਲ ਗਏ ਤੇ ਕਲਾਰਕ ਸਾਹਿਬ ਪਾਸ ਮੁਸ਼ੀਰ ਭੇਜੇ। ਇਸ ਤੇ ਉਸ ਨੇ ਜਵਾਬ ਦਿੱਤਾ ਕਿ ਅੱਜ ਮੁਲਾਕਾਤ ਦਾ ਦਿਨ ਨਹੀਂ ਹੈ ਤੇ ਭਲਕੇ ਫਿਰੋਜ਼ਪੁਰ ਨੂੰ ਤੁਰ ਜਾਣਾ ਹੈ। ਇਹ ਗੱਲ ਅਣਖੀਲੇ ਸਰਦਾਰ ਲਹਿਣਾ ਸਿੰਘ ਤੇ ਸਰਦਾਰ ਸ਼ਾਮ ਸਿੰਘ ਨੂੰ ਬਹੁਤ ਬੁਰੀ ਲੱਗੀ ਤੇ ਉਹ ਨਰਾਜ਼ ਹੋ ਕੇ ਆਪਣੇ ਡੇਰੇ ਨੂੰ ਮੁੜ ਆਏ ਤੇ ਇਸ ਗੱਲ ਦੀ

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 2, 40.
2. *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 2, 41.

ਸ਼ਿਕਾਇਤ ਮਹਾਰਾਜਾ ਸਾਹਿਬ ਨੂੰ ਲਿਖ ਭੇਜੀ। ਫ਼ਕੀਰ ਅਜ਼ੀਜ਼ੁੱਦੀਨ ਨੇ ਇਸ ਗੱਲ ਵਿਚ ਦੋਸ਼ ਸਰਦਾਰ ਲਹਿਣਾ ਸਿੰਘ ਦੇ ਸਿਰ ਥੱਪਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਪੋਹ ਮੁਤਾਬਕ 18 ਦਸੰਬਰ ਨੂੰ ਮਹਾਰਾਜਾ ਸ਼ੇਰ ਸਿੰਘ ਨੇ ਜਮਾਦਾਰ ਖ਼ੁਸ਼ਾਲ ਸਿੰਘ ਨੂੰ ਨੀਯਤ ਕਰ ਕੇ ਭੇਜ ਦਿੱਤਾ ਤੇ ਸਰਦਾਰ ਲਹਿਣਾ ਸਿੰਘ ਦੇ ਨਾਮ ਪਰਵਾਨਾ ਲਿਖ ਭੇਜਿਆ ਕਿ ਤੋਹਫ਼ੇ ਆਦਿ ਜੋ ਚੀਜ਼ਾਂ ਉਨ੍ਹਾਂ ਪਾਸ ਹਨ ਉਹ ਜਮਾਦਾਰ ਸਾਹਿਬ ਦੇ ਆਦਮੀਆਂ ਦੇ ਹਵਾਲੇ ਕਰ ਦੇਣ।[1]

ਇਸ ਵੇਲੇ ਹਾਲਾਤ ਅੰਦਰੋਂ ਅੰਦਰ ਬਦਲ ਗਏ। ਕਨਿੰਘਮ ਲਿਖਦਾ ਹੈ ਕਿ ਇਵੇਂ ਮਾਲੂਮ ਹੁੰਦਾ ਸੀ ਕਿ ਵਜ਼ੀਰ ਧਿਆਨ ਸਿੰਘ ਨਹੀਂ ਸੀ ਚਾਹੁੰਦਾ ਕਿ ਲਾਰਡ ਐਲਨਬਰੋ ਤੇ ਮਹਾਰਾਜਾ ਸ਼ੇਰ ਸਿੰਘ ਦੀ ਮੁਲਾਕਾਤ ਦੀ ਤਜਵੀਜ਼ ਸਿਰੇ ਚੜ੍ਹੇ। ਉਸ ਨੂੰ ਖ਼ਤਰਾ ਸੀ ਕਿ ਕਿਧਰੇ ਉਸ ਨੂੰ ਤਬਾਹ ਕਰਨ ਜਾਂ ਉਸ ਦੀ ਤ਼ਾਕਤ ਨੂੰ ਤੋੜਣ ਲਈ ਹੀ ਨਾ ਕੋਈ ਵਿਧੀ ਬਣ ਜਾਏ। ਫ਼ਕੀਰ ਅਜ਼ੀਜ਼ੁੱਦੀਨ ਦਾ ਵੀ ਇਸ ਵੇਲੇ ਧਿਆਨ ਸਿੰਘ ਵੱਲ ਜ਼ਿਆਦਾ ਗੂੜ੍ਹ ਜਾਪਦਾ ਹੈ ਜਿਸ ਨੇ ਹੋ ਸਕਦਾ ਹੈ ਇਸ ਵੇਲੇ ਧਿਆਨ ਸਿੰਘ ਦੀ ਇੱਛਾ ਪੂਰੀ ਕਰਨ ਵਿਚ ਕੁਝ ਖ਼ੁਫੀਆ ਸਹਾਇਤਾ ਕੀਤੀ ਹੋਵੇ। 10 ਪੋਹ (22 ਦਸੰਬਰ) ਨੂੰ ਫ਼ਕੀਰ ਅਜ਼ੀਜ਼ੁੱਦੀਨ ਦੀ ਜੋ ਅਰਜ਼ੀ ਮਹਾਰਾਜਾ ਸਾਹਿਬ ਪਾਸ ਪੁੱਜੀ ਉਸ ਵਿਚ ਲਿਖਿਆ ਹੋਇਆ ਸੀ ਕਿ ਲਾਰਡ ਐਲਨਬਰੋ ਦਾ ਦਿਲ ਸਰਦਾਰ ਲਹਿਣਾ ਸਿੰਘ ਤੇ ਸ਼ਾਮ ਸਿੰਘ ਬਲਕਿ ਖ਼ੁਦ ਮਹਾਰਾਜਾ ਸਾਹਿਬ ਨਾਲ ਵੀ ਖ਼ੁਸ਼ ਨਹੀਂ ਹੈ। 16 ਪੋਹ ਨੂੰ ਜੋ ਅਰਜ਼ੀ ਫ਼ਕੀਰ ਸਾਹਿਬ ਦੀ ਪੁੱਜੀ ਉਸ ਵਿਚ ਲਿਖਿਆ ਹੋਇਆ ਸੀ ਕਿ ਚੂੰਕਿ ਲਾਟ ਸਾਹਿਬ ਨੇ ਹਿੰਦੁਸਤਾਨ ਵੱਲ ਨੂੰ ਤੁਰ ਜਾਣਾ ਹੈ ਇਸ ਲਈ ਛੇਤੀ ਹੀ ਕੰਵਰ ਪ੍ਰਤਾਪ ਸਿੰਘ ਨੂੰ ਮੁਲਾਕਾਤ ਲਈ ਭੇਜ ਦਿੱਤਾ ਜਾਵੇ। ਚੁਨਾਂਚਿ ਮਹਾਰਾਜਾ ਸ਼ੇਰ ਸਿੰਘ ਨੇ ਪ੍ਰਤਾਪ ਸਿੰਘ ਨੂੰ ਫ਼ਿਰੋਜ਼ਪੁਰ ਭੇਜ ਦਿੱਤਾ ਜਿਨ੍ਹਾਂ ਨਾਲ ਕਿ ਲਾਰਡ ਐਲਨਬਰੋ ਦੀ ਮੁਲਾਕਾਤ ਹੋਈ ਤੇ ਪਿੱਛੋਂ ਛੇਤੀ ਹੀ ਲਾਟ ਸਾਹਿਬ ਫ਼ਿਰੋਜ਼ਪੁਰੋਂ ਮੁੜ ਗਿਆ ਤੇ ਕਾਬਲੋਂ ਮੁੜ ਕੇ ਆਈਆਂ ਫ਼ੌਜਾਂ ਆਪਣੀਆਂ ਆਪਣੀਆਂ ਛਾਉਣੀਆਂ ਨੂੰ ਛਿੜ ਗਈਆਂ।[2]

1. *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 2, 48, 50, 52.
2. *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 2, 52-56.

# ਮਹਾਰਾਜਾ ਸ਼ੇਰ ਸਿੰਘ ਦਾ ਕਤਲ

ਮਹਾਰਾਜਾ ਸ਼ੇਰ ਸਿੰਘ ਦੇ ਗੱਦੀ ਉੱਤੇ ਬੈਠਣ ਤੇ ਮਹਾਰਾਣੀ ਚੰਦ ਕੌਰ ਦੇ ਹਿਮਾਇਤੀ ਸੰਧਾਂਵਾਲੀਏ ਸਰਦਾਰ ਦੇਸ਼ ਛੱਡ ਕੇ ਅੰਗ੍ਰੇਜ਼ੀ ਇਲਾਕੇ ਵਿਚ ਚਲੇ ਗਏ ਸਨ ਜਿੱਥੋਂ ਕਿ ਉਹ ਮਹਾਰਾਣੀ ਦੇ ਹੱਕ ਵਿਚ ਯਤਨ ਕਰਦੇ ਰਹੇ ਪਰ ਕੋਈ ਸਫ਼ਲਤਾ ਨਾ ਹੋਈ। ਸਰਦਾਰ ਅਜੀਤ ਸਿੰਘ ਇਸ ਮਤਲਬ ਲਈ ਕਲਕੱਤੇ ਵੀ ਪੁੱਜਾ ਸੀ ਪਰ ਗਵਰਨਰ ਜਨਰਲ ਨੇ ਮੁਲਾਕਾਤ ਨਾ ਕੀਤੀ। ਅਖ਼ੀਰ ਜੇਠ 1899, ਜੂਨ 1842, ਵਿਚ ਮਹਾਰਾਣੀ ਚੰਦ ਕੌਰ ਦੇ ਮਾਰੇ ਜਾਣ ਪਿੱਛੋਂ ਹਾਲਾਤ ਬਦਲ ਗਏ ਅਤੇ ਅੰਗ੍ਰੇਜ਼ ਪੋਲੀਟੀਕਲ ਏਜੰਟ ਨੇ ਵੀ ਸੰਧਾਂਵਾਲੀਏ ਸਰਦਾਰਾਂ ਦੇ ਦੇਸ਼ ਨੂੰ ਆ ਜਾਣ ਦੀ ਸਲਾਹ ਦਿੱਤੀ। ਚੜ੍ਹਦੇ ਮੱਘਰ (ਨਵੰਬਰ 1842) ਨੂੰ ਮਹਾਰਾਜਾ ਸ਼ੇਰ ਸਿੰਘ ਨੇ ਸਰਦਾਰ ਲਹਿਣਾ ਸਿੰਘ ਨੂੰ ਮੁਕੇਰੀਆਂ ਤੋਂ ਰਿਹਾਅ ਕਰ ਦਿੱਤਾ ਅਤੇ ਸਰਦਾਰ ਅਜੀਤ ਸਿੰਘ ਨੂੰ ਵੀ ਲਾਹੌਰ ਬੁਲਾ ਲਿਆ ਅਤੇ ਇਨ੍ਹਾਂ ਦੀਆਂ ਜ਼ਬਤ ਕੀਤੀਆਂ ਹੋਈਆਂ ਜਾਗੀਰਾਂ ਤੇ ਜਾਇਦਾਦਾਂ ਵਾਪਸ ਕਰ ਦਿੱਤੀਆਂ। ਮਹਾਰਾਜਾ ਸ਼ੇਰ ਸਿੰਘ ਨੂੰ ਖ਼ਿਆਲ ਸੀ ਕਿ ਹੁਣ ਸਾਜ਼ਸ਼ਾਂ ਦਾ ਕੋਈ ਕਾਰਨ ਨਾ ਰਹਿਣ ਕਰਕੇ ਜ਼ਿੰਦਗੀ ਅਮਨ ਨਾਲ ਗੁਜ਼ਰੇ।[1]

ਸੰਨ 1843 ਦੇ ਸ਼ੁਰੂ ਵਿਚ ਮਹਾਰਾਜਾ ਸਾਹਿਬ ਅਤੇ ਵਜ਼ੀਰ ਧਿਆਨ ਸਿੰਘ ਵਿਚ ਕੁਝ ਨਾਚਾਕੀ ਹੋ ਗਈ ਜਿਸ ਦਾ ਕਾਰਨ ਡੋਗਰਿਆਂ ਦੀ ਤਾਕਤ ਬਹੁਤ ਜ਼ਿਆਦਾ ਹੁੰਦੀ ਜਾਣਾ ਸੀ। ਮਹਾਰਾਜਾ ਚਾਹੁੰਦਾ ਸੀ ਕਿ ਇਨ੍ਹਾਂ ਦਾ ਜ਼ੋਰ ਘੱਟ ਕੀਤਾ ਜਾਏ ਅਤੇ ਇਨ੍ਹਾਂ ਦੇ ਆਦਮੀਆਂ ਦੀ ਥਾਂ ਐਸੇ ਆਦਮੀ ਜ਼ੁੰਮੇਵਾਰ ਆਸਾਮੀਆਂ ਤੇ ਰੱਖੇ ਜਾਣ ਜਿਹੜੇ ਕਿ ਭਰੋਸੇ ਯੋਗ ਹੋਣ। ਆਪਣੀ ਪੋਜ਼ੀਸ਼ਨ ਅਤੇ ਤਾਕਤ ਨੂੰ ਖ਼ਤਰੇ ਵਿਚ ਪੈਂਦਾ ਦੇਖ ਕੇ ਧਿਆਨ ਸਿੰਘ ਨੇ ਮਹਾਰਾਜਾ ਦੇ ਵਿਰੁੱਧ ਇਕ ਸਾਜ਼ਸ਼ੀ ਪਾਰਟੀ ਬਣਾ ਲਈ ਜਿਸ ਵਿਚ ਤਿੰਨੇ ਡੋਗਰੇ ਭਰਾ, ਧਿਆਨ ਸਿੰਘ ਦਾ ਪੁੱਤਰ ਹੀਰਾ ਸਿੰਘ, ਸੰਧਾਂਵਾਲੀਏ ਸਰਦਾਰ ਅਤੇ ਫ਼ਕੀਰ ਅਜ਼ੀਜ਼ੁੱਦੀਨ ਜੁੜ ਗਏ। ਇਨ੍ਹਾਂ ਦਾ ਮਨਸ਼ਾ ਮਹਾਰਾਜਾ ਸ਼ੇਰ ਸਿੰਘ ਨੂੰ ਤਖ਼ਤੋਂ ਲਾਹੁਣ ਦਾ ਸੀ ਪਰ ਚੂੰਕਿ ਅੰਦਰੋਂ ਅੰਦਰੀਂ ਇਹ ਇਕ ਦੂਸਰੇ ਦੇ ਵਿਰੋਧੀ ਸਨ, ਇਸ ਲਈ ਇਨ੍ਹਾਂ ਦੀ ਸਾਜ਼ਸ਼ ਸਿਰੇ ਨਾ ਚੜ੍ਹ ਸਕੀ। ਹੁਣ ਧਿਆਨ ਸਿੰਘ ਬਿਨਾ ਮਹਾਰਾਜੇ ਦੀ ਇਜਾਜ਼ਤ ਦੇ ਲਾਹੌਰੋਂ ਗ਼ੈਰ-ਹਾਜ਼ਰ ਰਹਿਣ ਲੱਗ ਪਿਆ ਤੇ ਪਹਾੜ ਨੂੰ ਤੁਰ ਗਿਆ ਜਿਸ ਕਰਕੇ ਮਹਾਰਾਜਾ ਸਾਹਿਬ ਨੂੰ ਵੈਂਤੂਰਾ ਨੂੰ ਹੁਕਮ ਦੇਣਾ ਪਿਆ ਕਿ ਫ਼ੌਜ ਲੈ ਕੇ ਜਾਏ ਤੇ ਧਿਆਨ

1. ਥੋਰਨਟਨ, *ਹਿਸਟਰੀ ਔਫ਼ ਦੀ ਪੰਜਾਬ*, ਜਿਲਦ 2, 263-66.

ਸਿੰਘ ਨੂੰ ਹਾਜ਼ਰ ਕਰੇ। ਆਪ ਆਪਣੇ ਭਰਾ ਗੁਲਾਬ ਸਿੰਘ ਦੇ ਕਹਿਣ ਉੱਤੇ ਉਹ ਆਪੇ ਹੀ ਆ ਗਿਆ ਤੇ 9 ਜੁਲਾਈ 1843 ਨੂੰ ਅੰਮ੍ਰਿਤਸਰ ਮਹਾਰਾਜੇ ਦੇ ਹਜ਼ੂਰ ਹਾਜ਼ਰ ਹੋ ਗਿਆ।[1]

ਹੁਣ ਧਿਆਨ ਸਿੰਘ ਨੇ ਆਪਣੀਆਂ ਸਾਜ਼ਸ਼ੀ ਚਾਲਾਂ ਤੇਜ਼ ਕਰ ਦਿੱਤੀਆਂ ਅਤੇ ਅਗਸਤ ਦੇ ਆਖ਼ੀਰੀ ਦਿਨੀਂ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਕੰਵਰ ਦਲੀਪ ਸਿੰਘ ਨੂੰ ਜੰਮੂ ਤੋਂ ਲਾਹੌਰ ਲੈ ਆਂਦਾ। ਜਦ ਮਹਾਰਾਜੇ ਨੇ ਇਸ ਦੇ ਲਾਹੌਰ ਆਉਣ ਦਾ ਕਾਰਨ ਪੁੱਛਿਆ ਤਾਂ ਆਖਿਆ ਗਿਆ ਕਿ ਚੂੰਕਿ ਉਸ ਦੀ ਮਾਤਾ ਮਹਾਰਾਣੀ ਜਿੰਦ ਕੌਰ ਬੀਮਾਰ ਸੀ ਇਸ ਲਈ ਕੰਵਰ ਦਲੀਪ ਸਿੰਘ ਉਨ੍ਹਾਂ ਦੇ ਦਰਸ਼ਨ ਲਈ ਆਇਆ ਹੈ। 4 ਸਤੰਬਰ ਨੂੰ ਗੁਲਾਬ ਸਿੰਘ ਦੀ ਜੰਮੂ ਤੋਂ ਚਿੱਠੀ ਆਈ ਕਿ ਉਹ ਮਹਾਰਾਜਾ ਸਾਹਿਬ ਦੇ ਦਰਸ਼ਨ ਲਈ ਲਾਹੌਰ ਆ ਰਿਹਾ ਹੈ। ਉਸੇ ਦਿਨ ਮਹਾਰਾਜਾ ਨੂੰ ਪਤਾ ਲੱਗਾ ਕਿ ਧਿਆਨ ਸਿੰਘ, ਸੁਚੇਤ ਸਿੰਘ, ਹੀਰਾ ਸਿੰਘ, ਸਰਦਾਰ ਲਹਿਣਾ ਸਿੰਘ ਤੇ ਸਰਦਾਰ ਅਜੀਤ ਸਿੰਘ ਸੰਧਾਵਾਲੀਆਂ ਨੇ ਇਕ ਖ਼ੁਫੀਆ ਮੀਟਿੰਗ ਕੀਤੀ ਹੈ। ਦੂਸਰੇ ਦਿਨ 5 ਸਤੰਬਰ ਨੂੰ ਜਨਰਲ ਵੈਂਤੂਰਾ ਨੇ ਦਰਬਾਰ ਦੇ ਪਿੱਛੋਂ ਮਹਾਰਾਜਾ ਨੂੰ ਖ਼ਬਰ ਦਿੱਤੀ ਕਿ ਇਨ੍ਹਾਂ ਪੰਜਾਂ ਨੇ ਮਹਾਰਾਜਾ ਦੇ ਵਿਰੁੱਧ ਸਾਜ਼ਸ਼ ਘੜੀ ਹੈ, ਤੇ ਇਸੇ ਮਤਲਬ ਲਈ ਕੰਵਰ ਦਲੀਪ ਸਿੰਘ ਨੂੰ ਜੰਮੂ ਤੋਂ ਲਿਆਂਦਾ ਗਿਆ ਹੈ ਅਤੇ ਗੁਲਾਬ ਸਿੰਘ ਭੀ ਜੰਮੂ ਤੋਂ ਉਨ੍ਹਾਂ ਦੀ ਮਦਦ ਲਈ ਆ ਰਿਹਾ ਹੈ, ਪਰ ਮਹਾਰਾਜਾ ਨੂੰ ਯਕੀਨ ਨਾ ਬੱਝਾ। ਦੂਸਰੇ ਦਿਨ 6 ਸਤੰਬਰ ਨੂੰ ਮਹਾਰਾਜਾ ਸਾਹਿਬ ਨੇ ਬਾਬਾ ਸਾਹਿਬ ਸਿੰਘ ਬੇਦੀ ਨੂੰ ਬੁਲਾਇਆ ਤੇ ਇਸ ਸਾਜ਼ਸ਼ ਦੀ ਖ਼ਬਰ ਸੁਣਾਈ ਪਰ ਉਨ੍ਹਾਂ ਵੀ ਸਰਦਾਰ ਅਜੀਤ ਸਿੰਘ ਸੰਧਾਵਾਲੀਏ ਦੇ ਇਸ ਸਾਜ਼ਸ਼ ਵਿਚ ਸ਼ਾਮਲ ਹੋਣ ਦੀ ਗੱਲ ਨੂੰ ਠੀਕ ਨਾ ਮੰਨਿਆ।[2]

8 ਸਤੰਬਰ ਨੂੰ ਗੁਲਾਬ ਸਿੰਘ ਲਾਹੌਰ ਆ ਪੁੱਜਾ ਤੇ 9 ਨੂੰ ਦਰਬਾਰ ਵਿਚ ਹਾਜ਼ਰ ਹੋਇਆ। ਉਸੇ ਦਿਨ ਕੰਵਰ ਪ੍ਰਤਾਪ ਸਿੰਘ ਨੇ ਆਪਣੇ ਪਿਤਾ ਮਹਾਰਾਜਾ ਸਾਹਿਬ ਨੂੰ ਇਤਲਾਹ ਦਿੱਤੀ ਕਿ ਸਰਦਾਰ ਅਜੀਤ ਸਿੰਘ ਦੇ ਤੌਰ ਚੰਗੇ ਨਹੀਂ ਦਿਸਦੇ। 10 ਸਤੰਬਰ ਨੂੰ ਦਰਬਾਰ ਦੇ ਪਿੱਛੋਂ ਗੁਲਾਬ ਸਿੰਘ ਤੇ ਧਿਆਨ ਸਿੰਘ ਨੇ ਮਹਾਰਾਜੇ ਦੇ ਸਿਰ ਤੇ ਹੱਥ ਰੱਖ ਕੇ ਸੌਂਹ ਖਾਧੀ ਕਿ ਅਸੀਂ ਹਜ਼ੂਰ ਦੇ ਵਫ਼ਾਦਾਰ ਰਹਾਂਗੇ ਅਤੇ ਸਰਦਾਰ ਅਜੀਤ ਸਿੰਘ ਵੱਲੋਂ ਭਰੋਸਾ ਦਿਲਾਇਆ। ਪਰ ਇਨ੍ਹਾਂ ਸਾਰੀਆਂ ਕਸਮਾਂ ਤੇ ਭਰੋਸਿਆਂ ਦੀ ਉਮਰ ਚਾਰ ਦਿਨ ਵੀ ਨਾ ਨਿਕਲੀ ਤੇ 15 ਸਤੰਬਰ ਨੂੰ ਭਾਣਾ ਵਰਤ ਗਿਆ।[3]

ਜਦ ਤੋਂ ਮਹਾਰਾਜਾ ਸ਼ੇਰ ਸਿੰਘ ਨੇ ਸੰਧਾਵਾਲੀਏ ਸਰਦਾਰਾਂ ਨੂੰ ਵਾਪਸ ਬੁਲਾ ਕੇ ਜਾਗੀਰਾਂ ਜਾਇਦਾਦਾਂ ਵਾਪਸ ਦੇ ਦਿੱਤੀਆਂ ਸਨ, ਉਹ ਮਹਾਰਾਜਾ ਸਾਹਿਬ ਦੇ ਬੜੇ ਗੂੜ੍ਹੇ ਮਿੱਤਰ ਪ੍ਰਤੀਤ ਹੋਣ ਲੱਗ ਪਏ ਸਨ ਅਤੇ ਹਰ ਵੇਲੇ ਉਨ੍ਹਾਂ ਦੇ ਨਾਲ ਨਾਲ ਰਹਿੰਦੇ

---

1. ਥੋਰਨਟਨ, *ਹਿਸਟਰੀ ਔਫ਼ ਦੀ ਪੰਜਾਬ*, ਜਿਲਦ ਦੂਸਰੀ, 267-9.
2. ਥੋਰਨਟਨ, *ਹਿਸਟਰੀ ਔਫ਼ ਦੀ ਪੰਜਾਬ*, ਜਿਲਦ ਦੂਸਰੀ, 271-73.
3. ਥੋਰਨਟਨ, *ਹਿਸਟਰੀ ਔਫ਼ ਦੀ ਪੰਜਾਬ*, ਜਿਲਦ ਦੂਸਰੀ, 273-75.

ਸਨ। ਪਰ ਮਾਲੂਮ ਹੁੰਦਾ ਹੈ ਕਿ ਪੁਰਾਣੀ ਕਿਰੜ ਉਨ੍ਹਾਂ ਨੇ ਦਿਲ ਵਿਚੋਂ ਨਾ ਗੰਵਾਈ ਜਾਂ ਵਜ਼ੀਰ ਧਿਆਨ ਸਿੰਘ ਦੀਆਂ ਚਾਲਾਂ ਵਿਚ ਫਸ ਕੇ ਆਪਣੇ ਖ਼ਾਨਦਾਨ ਅਤੇ ਰਾਜ ਦੇ ਨਫ਼ੇ ਨੁਕਸਾਨ ਨੂੰ ਨਾ ਦੇਖ ਸਕੇ। ਮਹਾਰਾਜਾ ਸ਼ੇਰ ਸਿੰਘ ਚੂੰਕਿ ਧਿਆਨ ਸਿੰਘ ਦੀ ਵਧਦੀ ਜਾ ਰਹੀ ਤਾਕਤ ਘੱਟ ਕਰਨਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਦੇ ਇਸ ਖ਼ਿਆਲ ਦਾ ਫ਼ਾਇਦਾ ਉਠਾ ਕੇ ਉਨ੍ਹਾਂ ਨੇ ਮਹਾਰਾਜਾ ਸਾਹਿਬ ਪਾਸੋਂ ਧਿਆਨ ਸਿੰਘ ਦੇ ਮਾਰੇ ਜਾਣ ਦਾ ਹੁਕਮ ਦਸਖ਼ਤ ਕਰਵਾ ਲਿਆ ਅਤੇ ਉਹ ਹੁਕਮ ਧਿਆਨ ਸਿੰਘ ਨੂੰ ਜਾ ਦਿਖਾਇਆ। ਧਿਆਨ ਸਿੰਘ ਨੇ ਕਤਲ ਦਾ ਪਾਸਾ ਮਹਾਰਾਜਾ ਸ਼ੇਰ ਸਿੰਘ ਵੱਲ ਨੂੰ ਉਲਟਾ ਦਿੱਤਾ ਅਤੇ ਮਹਾਰਾਜੇ ਦੇ ਕਤਲ ਲਈ ਕਾਗਜ਼ ਤੇ ਦਸਖ਼ਤ ਕਰ ਦਿੱਤੇ। ਇਹ 14 ਸਤੰਬਰ ਦੀ ਗੱਲ ਹੈ।[1]

ਅੱਸੂ 1900 ਦੀ ਸੰਗਰਾਦ, 1 ਸਤੰਬਰ ਸੰਨ 1843 ਸ਼ੁਕਰਵਾਰ ਨੂੰ ਸਵੇਰੇ ਮਹਾਰਾਜਾ ਸ਼ੇਰ ਸਿੰਘ ਤੇਜਾ ਸਿੰਘ ਦੇ ਬਾਗ਼ ਦੇ ਚੜ੍ਹਦੇ ਵੱਲ ਆਪਣੀ ਬਾਰਾਂਦਰੀ ਸ਼ਾਹ ਬਿਲਾਵਲ ਤੇ ਗਏ। ਉਥੇ ਹੀ ਸਰਦਾਰ ਅਜੀਤ ਸਿੰਘ ਤੇ ਲਹਿਣਾ ਸਿੰਘ ਦੀ ਫ਼ੌਜ ਦਾ ਮੁਆਇਨਾ ਰਖਿਆ ਹੋਇਆ ਸੀ। ਮਹਾਰਾਜਾ ਸਾਹਿਬ ਪਹਿਲਵਾਨਾਂ ਦੇ ਘੋਲ ਵੇਖ ਰਹੇ ਸਨ ਕਿ ਸਰਦਾਰ ਅਜੀਤ ਸਿੰਘ ਆਪਣੀ ਘੋੜ-ਚੜ੍ਹਾ ਤੇ ਪਿਆਦਾ ਫ਼ੌਜ ਵਿਖਾਉਣ ਲਈ ਆ ਪੁੱਜਾ। ਮਹਾਰਾਜਾ ਸਾਹਿਬ ਉੱਪਰ ਉੱਤਰ ਵੱਲ ਦੇ ਝਰੋਖੇ ਵਿਚ ਬੈਠੇ ਸਨ ਕਿ ਅਜੀਤ ਸਿੰਘ ਨੇ ਹੇਠੋਂ ਇਕ ਨਵੀਂ ਖ਼ਰੀਦੀ ਦੋਨਾਲੀ ਬੰਦੂਕ ਦਿਖਾਈ। ਮਹਾਰਾਜਾ ਸਾਹਿਬ ਨੇ ਜਦ ਨਾਲੀ ਨੂੰ ਹੱਥ ਪਾਇਆ ਤਾਂ ਅਜੀਤ ਸਿੰਘ ਨੇ ਪਿੱਛੋਂ ਘੋੜਾ ਦੱਬ ਦਿੱਤਾ। ਦੋ ਗੋਲੀਆਂ ਮਹਾਰਾਜਾ ਦੀ ਛਾਤੀ ਵਿਚ ਜਾ ਵੱਜੀਆਂ। 'ਇਹ ਕੀ ਦਗਾ?' ਆਖ਼ਰੀ ਸ਼ਬਦ ਸਨ ਜੋ ਆਪ ਦੇ ਮੂੰਹ ਵਿਚੋਂ ਨਿਕਲੇ ਅਤੇ ਆਪ ਬਾਰਾਂਦਰੀ ਦੇ ਅੰਦਰ ਵੱਲ ਨੂੰ ਪਿੱਛੇ ਹਟੇ ਹੀ ਸਨ ਕਿ ਅਜੀਤ ਸਿੰਘ ਨੇ ਤਲਵਾਰ ਨਾਲ ਉਨ੍ਹਾਂ ਦਾ ਸਿਰ ਆ ਵੱਢਿਆ।[2]

ਇਸ ਵੇਲੇ ਮਹਾਰਾਜਾ ਸ਼ੇਰ ਸਿੰਘ ਦਾ ਹੋਣਹਾਰ ਪੁੱਤਰ ਕੰਵਰ ਪ੍ਰਤਾਪ ਸਿੰਘ ਤੇਜਾ ਸਿੰਘ ਦੇ ਬਾਗ਼ ਵਿਚ ਤੁਲਾ-ਦਾਨ ਕਰ ਰਿਹਾ ਸੀ ਕਿ ਸਰਦਾਰ ਲਹਿਣਾ ਸਿੰਘ ਸੰਧਾਵਾਲੀਆ ਉੱਥੇ ਜਾ ਪੁੱਜਾ ਤੇ ਵਾਸਤੇ ਪਾਉਂਦੇ ਕੰਵਰ ਦਾ ਸਿਰ ਜਾ ਵੱਢਿਆ।

ਇਹ ਕਾਰਾ ਕਰਨ ਪਿੱਛੋਂ ਸਰਦਾਰ ਅਜੀਤ ਸਿੰਘ ਤੇ ਲਹਿਣਾ ਸਿੰਘ ਦੋਨੋਂ ਸਿਰ ਲੈ ਕੇ ਕਿਲੇ ਨੂੰ ਮੁੜੇ। ਰਸਤੇ ਵਿਚ ਧਿਆਨ ਸਿੰਘ ਮਿਲ ਪਿਆ। ਇਹ ਪੁੱਛਣ ਤੇ ਕਿ ਹੁਣ ਕੀ ਪ੍ਰਬੰਧ ਹੋਵੇਗਾ, ਧਿਆਨ ਸਿੰਘ ਨੇ ਜਵਾਬ ਦਿੱਤਾ ਕਿ ਕੰਵਰ ਦਲੀਪ ਸਿੰਘ ਮਹਾਰਾਜਾ ਹੋਣਗੇ ਤੇ ਮੈਂ ਉਨ੍ਹਾਂ ਦਾ ਵਜ਼ੀਰ। ਪਤਾ ਨਹੀਂ ਆਪਸ ਵਿਚ ਧਿਆਨ ਸਿੰਘ ਅਤੇ ਅਜੀਤ ਸਿੰਘ ਤੇ ਲਹਿਣਾ ਸਿੰਘ ਦਾ ਕੀ ਸਮਝੌਤਾ ਸੀ, ਜਿਸ ਤੋਂ ਉਨ੍ਹਾਂ ਨੇ ਇਸ ਨੂੰ ਫਿਰਦੇ ਡਿੱਠਾ

---

1. ਸਮਿੱਥ, *ਰੇਨਿੰਗ ਫ਼ੈਮਿਲੀ ਔਫ਼ ਲਾਹੌਰ*, 72-3; ਲਤੀਫ਼, *ਹਿਸਟਰੀ ਔਫ਼ ਦੀ ਪੰਜਾਬ*, 511-2.
2. *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 3, 28-29; ਲਤੀਫ਼, *ਹਿਸਟਰੀ ਔਫ਼ ਦੀ ਪੰਜਾਬ*, 513; ਕਨ੍ਹਈਆ ਲਾਲ, *ਤਾਰੀਖ਼ਿ ਪੰਜਾਬ*, 593; ਥੋਰਨਟਨ, *ਹਿਸਟਰੀ ਔਫ਼ ਦੀ ਪੰਜਾਬ*, ਜਿਲਦ 2, 278; ਸਮਿੱਥ, *ਰੇਨਿੰਗ ਫ਼ੈਮਿਲੀ ਔਫ਼ ਲਾਹੌਰ*, 75.

ਜਾਂ ਹੋਰ ਕੀ ਕੁਝ ਹੋਇਆ ਜਿਸ ਨੇ ਸੰਧਾਵਾਲੀਆਂ ਨੂੰ ਇਕ ਦਮ ਧਿਆਨ ਸਿੰਘ ਦੇ ਵਿਰੁੱਧ ਕਰ ਦਿੱਤਾ। ਇਸ ਵੇਲੇ ਭਾਈ ਗੁਰਮੁਖ ਸਿੰਘ ਨੇ ਆਖਿਆ ਕਿ ਜੇ ਵਲਟੋਹਾ ਨਵਾਂ ਲਾਉਣਾ ਹੈ ਤਾਂ ਇਹ ਕੜਛਾ ਪੁਰਾਣਾ ਕਿਸ ਲਈ ਰਖ ਲਿਆ ਹੈ? ਇਹ ਸੁਣ ਕੇ ਸੰਧਾਵਾਲੀਏ ਸਰਦਾਰ ਨੇ ਵਜ਼ੀਰ ਧਿਆਨ ਸਿੰਘ ਉੱਤੇ ਵੀ ਗੋਲੀ ਦਾਗ ਦਿੱਤੀ ਤੇ ਉਸ ਨੂੰ ਵੀ ਪਾਰ ਬੁਲਾਇਆ।

# ਮਹਾਰਾਜਾ ਦਲੀਪ ਸਿੰਘ ਦਾ ਜ਼ਮਾਨਾ

## ਹੀਰਾ ਸਿੰਘ ਤੇ ਪੰਡਤ ਜਲ੍ਹੇ ਦਾ ਮਾਰਿਆ ਜਾਣਾ

ਧਿਆਨ ਸਿੰਘ ਨੂੰ ਮਾਰ ਦੇਣ ਪਿੱਛੋਂ ਜੇ ਸੰਧਾਵਾਲੀਏ ਸਰਦਾਰ ਫ਼ੌਜਾਂ ਵਿਚ ਜਾ ਕੇ ਹਾਲ ਖੋਲ੍ਹ ਦਿੰਦੇ ਅਤੇ ਉਨ੍ਹਾਂ ਨੂੰ ਆਪਣੀ ਵੱਲ ਕਰਨ ਦਾ ਯਤਨ ਕਰਦੇ ਤਾਂ ਸ਼ਾਇਦ ਹਾਲਾਤ ਕੁਝ ਬਦਲ ਜਾਂਦੇ। ਪਰ ਇਹ ਉਕਾਈ ਉਨ੍ਹਾਂ ਨੂੰ ਬੜੀ ਮਹਿੰਗੀ ਪਈ। ਆਪਣੇ ਪਿਤਾ ਵਜ਼ੀਰ ਧਿਆਨ ਸਿੰਘ ਦੇ ਮਾਰੇ ਜਾਣ ਦੀ ਖ਼ਬਰ ਸੁਣਦੇ ਸਾਰ ਹੀਰਾ ਸਿੰਘ ਫ਼ੌਜਾਂ ਪਾਸ ਪੁੱਜਾ ਅਤੇ ਪੱਗ ਲਾਹ ਕੇ ਉਨ੍ਹਾਂ ਦੇ ਸਾਹਮਣੇ ਸੁੱਟ ਦਿੱਤੀ ਅਤੇ ਤਲਵਾਰ ਕੱਢ ਕੇ ਕਹਿਣ ਲੱਗਾ ਕਿ ਲਉ ਮੈਨੂੰ ਵੀ ਬੇਸ਼ਕ ਮਾਰ ਦਿਓ, ਮੈਂ ਇਹ ਪੱਗ ਤਾਂ ਹੀ ਬੰਨ੍ਹਣੀ ਹੈ ਜੇ ਤੁਸੀਂ ਬਨ੍ਹਾਓਗੇ। ਫ਼ੌਜਾਂ ਮਹਾਰਾਜੇ ਅਤੇ ਵਜ਼ੀਰ ਦੇ ਕਤਲ ਦੀ ਗੱਲ ਸੁਣ ਕੇ ਕਿਲ੍ਹੇ ਉੱਤੇ ਚੜ੍ਹ ਤੁਰੀਆਂ ਜਿੱਥੇ ਕਿ ਸਰਦਾਰ ਅਜੀਤ ਸਿੰਘ ਤੇ ਲਹਿਣਾ ਸਿੰਘ ਆਕੀ ਹੋ ਬੈਠੇ ਸਨ ਪਰ ਤੀਸਰੇ ਦਿਨ ਫ਼ੌਜਾਂ ਨੇ ਕਿਲੇ ਤੇ ਕਬਜ਼ਾ ਕਰ ਲਿਆ ਤੇ ਦੋਨੋਂ ਸਰਦਾਰ ਤੇ ਉਨ੍ਹਾਂ ਦੇ ਕੁਝ ਸਾਥੀ ਮਾਰੇ ਗਏ।

ਮਹਾਰਾਜਾ ਦਲੀਪ ਸਿੰਘ ਨੂੰ ਰਾਜ-ਗੱਦੀ ਤੇ ਬਿਠਾਇਆ ਗਿਆ ਤੇ ਹੀਰਾ ਸਿੰਘ ਉਨ੍ਹਾਂ ਦਾ ਵਜ਼ੀਰ ਬਣਿਆ, ਅਤੇ ਮਹਾਰਾਜਾ ਸਾਹਿਬ ਦੀ ਮਾਤਾ ਮਹਾਰਾਣੀ ਜਿੰਦ ਕੌਰ, ਜੋ ਇਤਿਹਾਸ ਵਿਚ ਮਹਾਰਾਣੀ ਜਾਂ ਮਾਈ ਜਿੰਦਾਂ ਕਰਕੇ ਪ੍ਰਸਿੱਧ ਹੈ, ਉਨ੍ਹਾਂ ਦੀ ਸਰਪ੍ਰਸਤ ਬਣੀ। ਮਹਾਰਾਜਾ ਦਲੀਪ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਸਨ। ਆਪ ਦਾ ਜਨਮ 23 ਭਾਦੋਂ ਸੰਮਤ 1895 ਬਿਕ੍ਰਮੀ, 6-7 ਸਤੰਬਰ ਸੰਨ 1838, ਨੂੰ ਲਾਹੌਰ ਵਿਚ ਹੋਇਆ ਸੀ ਤੇ ਇਸ ਵੇਲੇ ਆਪ ਦੀ ਉਮਰ ਦਾ ਛੇਵਾਂ ਵਰ੍ਹਾ ਲੱਗਾ ਸੀ।

ਹੀਰਾ ਸਿੰਘ ਨੇ ਵਜ਼ੀਰ ਬਣਦੇ ਸਾਰ ਹੀ ਹੌਲੀ ਹੌਲੀ ਫ਼ੌਜਾਂ ਵਿਚੋਂ ਸਿੱਖਾਂ ਦੀ ਗਿਣਤੀ ਘੱਟ ਕਰਨੀ ਸ਼ੁਰੂ ਕਰ ਦਿੱਤੀ ਤੇ ਉਨ੍ਹਾਂ ਦੀ ਥਾਂ ਪੂਰਬੀਏ ਭਰਤੀ ਕਰਨ ਲੱਗ ਪਿਆ। ਉਸ ਨੇ ਆਪਣੇ ਚਾਚੇ ਗੁਲਾਬ ਸਿੰਘ ਨੂੰ ਕਿਹਾ ਕਿ ਉਹ ਬਹੁਤ ਸਾਰੇ ਪਹਾੜੀਏ ਲਾਹੌਰ ਲੈ ਆਵੇ ਤਾਂਕਿ ਖ਼ਾਲਸਿਆਂ ਨੂੰ ਡਰ ਹੇਠਾਂ ਰਖਿਆ ਜਾ ਸਕੇ। ਇਸ ਵੇਲੇ ਗੁਲਾਬ ਸਿੰਘ ਆਪਣੇ ਭਤੀਜੇ ਹੀਰਾ ਸਿੰਘ ਦੇ ਕੰਨ੍ਹਵਲ੍ਹੇਟੀ ਰਖਣ ਨਾਲ ਲਾਹੌਰ ਦੇ ਖ਼ਜ਼ਾਨੇ ਵਿਚੋਂ ਬਹੁਤ ਸਾਰਾ ਰੁਪਈਆ ਜੰਮੂ ਨੂੰ ਲੈ ਗਿਆ।[1] ਇਸ ਤੋਂ ਪਹਿਲਾਂ ਮਹਾਰਾਣੀ ਚੰਦ ਕੌਰ ਵੇਲੇ ਵੀ ਇਹ ਬੇਸ਼ੁਮਾਰ ਦੌਲਤ ਸੰਭਾਲੀ ਰਖਣ ਦੇ ਬਹਾਨੇ ਜੰਮੂ ਲੈ ਗਿਆ ਸੀ ਤੇ ਅੰਤ ਲਾਹੌਰ

---

1. ਥੋਰਨਟਨ, *ਹਿਸਟਰੀ ਔਫ ਦੀ ਪੰਜਾਬ*, ਜਿਲਦ ਦੂਸਰੀ, 289-90.

ਦਰਬਾਰ ਦਾ ਇਹੋ ਹੀ ਰੁਪਇਆ ਅੰਗ੍ਰੇਜ਼ਾਂ ਨੂੰ ਦੇ ਕੇ ਕਸ਼ਮੀਰ ਆਪਣੇ ਲਈ ਖ਼ਰੀਦਣ ਦਾ ਢਕਵੰਜ ਬਣਾਇਆ।

ਮਹਾਰਾਣੀ ਜਿੰਦ ਕੌਰ ਦਾ ਭਾਈ ਸਰਦਾਰ ਜਵਾਹਰ ਸਿੰਘ ਚੂੰਕਿ ਵਜ਼ੀਰ ਹੀਰਾ ਸਿੰਘ ਦੀ ਤਾਕਤ ਨੂੰ ਕਮਜ਼ੋਰ ਕਰਨਾ ਚਾਹੁੰਦਾ ਸੀ ਇਸ ਲਈ ਹੀਰਾ ਸਿੰਘ ਨੇ 25 ਨਵੰਬਰ 1843 ਨੂੰ ਉਸ ਨੂੰ ਕੈਦਖ਼ਾਨੇ ਵਿਚ ਬੰਦ ਕਰ ਦਿੱਤਾ ਜਿਸ ਕਰਕੇ ਮਹਾਰਾਜਾ ਦੀ ਹੀਰਾ ਸਿੰਘ ਨਾਲ ਨਾਰਾਜ਼ਗੀ ਹੋ ਗਈ। ਇਸ ਵੇਲੇ ਹੀਰਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਹਜ਼ਾਦੇ ਕੰਵਰ ਕਸ਼ਮੀਰਾ ਸਿੰਘ ਤੇ ਮੁਲਤਾਨਾ ਸਿੰਘ ਨੂੰ ਵੀ ਕੈਦ ਕਰ ਦਿੱਤਾ, ਪਰ ਪਿੱਛੋਂ ਫ਼ੌਜਾਂ ਦੀ ਨਾਰਾਜ਼ਗੀ ਦੇ ਕਾਰਨ ਮਜ਼ਬੂਰ ਹੋ ਕੇ ਉਨ੍ਹਾਂ ਨੂੰ ਛੱਡਣਾ ਪਿਆ। ਫ਼ੌਜਾਂ ਨੇ ਇਸ ਵੇਲੇ ਹੀਰਾ ਸਿੰਘ ਦੇ ਚਾਚਾ ਸੁਚੇਤ ਸਿੰਘ ਨੂੰ ਬੁਲਾਇਆ, ਪਰ ਹੀਰਾ ਸਿੰਘ ਉਸ ਦੇ ਵਿਰੁੱਧ ਫ਼ੌਜ ਲੈ ਚੜ੍ਹਿਆ ਤੇ ਆਪਸ ਵਿਚ ਹੋਈ ਲੜਾਈ ਵਿਚ ਸੁਚੇਤ ਸਿੰਘ ਤੇ ਉਸ ਦਾ ਸਾਥੀ ਰਾਏ ਕੇਸਰੀ ਸਿੰਘ ਮਾਰੇ ਗਏ।[1]

ਇਸ ਘਟਨਾ ਦੇ ਬਾਅਦ ਕੰਵਰ ਕਸ਼ਮੀਰਾ ਸਿੰਘ ਤੇ ਪਸ਼ੌਰਾ ਸਿੰਘ ਸਿਆਲਕੋਟੋਂ ਬਾਬਾ ਬੀਰ ਸਿੰਘ ਨੌਰੰਗਾਬਾਦੀਏ ਪਾਸ ਆ ਗਏ ਤੇ ਸਰਦਾਰ ਅਤਰ ਸਿੰਘ ਸੰਧਾਵਾਲੀਏ ਵੀ ਉਨ੍ਹਾਂ ਨਾਲ ਆ ਰਲੇ। ਮਹਾਰਾਜਾ ਸ਼ੇਰ ਸਿੰਘ ਦੇ ਮਾਰੇ ਜਾਣ ਦੇ ਬਾਅਦ ਸਰਦਾਰ ਅਤਰ ਸਿੰਘ ਚੂੰਕਿ ਸਤਲੁਜੋਂ ਪਾਰ ਪਟਿਆਲੇ ਤੇ ਥਾਨੇਸਰ ਅੰਗ੍ਰੇਜ਼ੀ ਹਿਫ਼ਾਜ਼ਤ ਵਿਚਲੇ ਇਲਾਕੇ ਵਿਚ ਚਲਾ ਗਿਆ ਸੀ ਇਸ ਲਈ ਹੀਰਾ ਸਿੰਘ ਦੀ ਇਹ ਚਲਾਕੀ ਸਿੱਖ ਫ਼ੌਜਾਂ ਉੱਤੇ ਚੱਲ ਗਈ ਕਿ ਅਤਰ ਸਿੰਘ ਫ਼ਰੰਗੀ ਦੀ ਸ਼ੈਹ-ਨਾਲ ਪੰਜਾਬ ਉਨ੍ਹਾਂ ਦੇ ਅਧੀਨ ਕਰਨ ਲਈ ਯਤਨ ਕਰ ਰਿਹਾ ਹੈ। ਹੀਰਾ ਸਿੰਘ ਇਕ ਤਕੜੀ ਫ਼ੌਜ ਲੈ ਕੇ 25 ਵਸਾਖ, 1901, 5 ਮਈ ਸੰਨ 1844, ਨੂੰ ਲਾਹੌਰੋਂ ਇਨ੍ਹਾਂ ਦੇ ਵਿਰੁੱਧ ਚੜ੍ਹ ਪਿਆ ਤੇ 27 ਵਸਾਖ, 7 ਮਈ ਦਿਨ ਮੰਗਲਵਾਰ ਨੂੰ ਤੋਪਾਂ ਡਾਹ ਕੇ ਨੌਰੰਗਾਬਾਦ ਦਾ ਡੇਰਾ ਉਡਾ ਦਿੱਤਾ ਜਿਸ ਵਿਚ ਕਿ ਬਾਬਾ ਬੀਰ ਸਿੰਘ, ਕੰਵਰ ਕਸ਼ਮੀਰਾ ਸਿੰਘ ਤੇ ਸਰਦਾਰ ਅਤਰ ਸਿੰਘ ਸੰਧਾਵਾਲੀਏ ਮਾਰੇ ਗਏ।[2]

ਇਸ ਕਾਮਯਾਬੀ ਨੇ ਹੀਰਾ ਸਿੰਘ ਦਾ ਸਿਰ ਹੋਰ ਵੀ ਫੇਰ ਦਿੱਤਾ। ਇਸ ਵੇਲੇ ਇਸ ਦਾ ਵੱਡਾ ਸਲਾਹੀਆ ਜੱਲ੍ਹਾ ਪੰਡਤ ਸੀ ਜਿਸ ਨੇ ਇਸ ਦੇ ਸਿਰ ਤੇ ਪਤਾ ਨਹੀਂ ਕੀ ਧੂੜਿਆ ਹੋਇਆ ਸੀ ਕਿ ਹੀਰਾ ਸਿੰਘ ਇਸ ਦੇ ਇਸ਼ਾਰੇ ਤੇ ਨਚਦਾ ਸੀ। ਜੱਲ੍ਹਾ ਇਤਨਾ ਮੂੰਹ-ਜ਼ੋਰ ਸੀ ਕਿ ਉਹ ਰਾਜ-ਮਾਤਾ ਮਹਾਰਾਣੀ ਨੂੰ ਵੀ ਬੁਰਾ ਭਲਾ ਆਖਣੋ ਨਹੀਂ ਸੀ ਝਿਜਕਦਾ ਤੇ ਉਸ ਦੇ ਭਰਾ ਸਰਦਾਰ ਜਵਾਹਰ ਸਿੰਘ ਨੂੰ, ਜੋ ਕੁਝ ਚਿਰ ਤੋਂ ਰਿਹਾਅ ਹੋ ਚੁੱਕਾ ਹੋਇਆ ਸੀ, ਮੁੜ ਕੈਦ ਕਰ ਕੇ ਕਤਲ ਕਰਵਾ ਦੇਣ ਦੀਆਂ ਵਿਉਂਤਾਂ ਬਣਾ ਰਿਹਾ ਸੀ। 19

1. ਥੋਰਨਟਨ, *ਹਿਸਟਰੀ ਔਫ਼ ਦੀ ਪੰਜਾਬ*, ਜਿਲਦ ਦੂਸਰੀ, 291-95; *ਉਮਦਾਤੁ-ਤਵਾਰੀਖ਼*, ਦਫ਼ਤਰ ਚਾਰ, ਹਿੱਸਾ 3, 47-52.
2. *ਉਮਦਾਤੁ-ਤਵਾਰੀਖ਼*, ਦਫ਼ਤਰ ਚਾਰ, ਹਿੱਸਾ 3, 53-56, ਥੋਰਨਟਨ, *ਹਿਸਟਰੀ ਔਫ਼ ਦੀ ਪੰਜਾਬ*, ਜਿਲਦ ਦੂਸਰੀ, 294-97.

ਦਸੰਬਰ 1844 ਨੂੰ ਜੱਲ੍ਹਾ ਪੰਡਤ ਦੇ ਉਕਸ ੲੇ ਹੋਏ ਹੀਰਾ ਸਿੰਘ ਨੇ ਸਰਦਾਰ ਜਵਾਹਰ ਸਿੰਘ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ ਅਤੇ ਦੋ ਕੁ ਹਜ਼ਾਰ ਪਹਾੜੀਆਂ ਦੇ ਫ਼ੌਜੀ ਦਸਤੇ ਨਾਲ ਉਸ ਨੂੰ ਫੜਨ ਦੀ ਤਿਆਰੀ ਕਰ ਲਈ।[1]

ਪਰ ਹੁਣ ਖ਼ਾਲਸਾ ਹੀਰਾ ਸਿੰਘ ਤੇ ਜੱਲ੍ਹੇ ਪੰਡਤ ਦੀਆਂ ਨਿੱਤ ਨਵੀਆਂ ਸਾਜ਼ਸ਼ਾਂ ਤੇ ਮਹਾਰਾਣੀ ਜਿੰਦ ਕੌਰ ਨੂੰ ਆਖੇ ਦੁਰਬਚਨਾਂ ਦੇ ਕਾਰਨ ਤੰਗ ਆ ਚੁੱਕਾ ਹੋਇਆ ਸੀ। ਫ਼ੌਜਾਂ ਦੇ ਪੰਚਾਂ ਨੇ ਆਪਸ ਵਿਚ ਫ਼ੈਸਲੇ ਤੇ ਇਕਰਾਰ ਕਰ ਲਏ ਸਨ ਕਿ ਉਹ ਮਹਾਰਾਣੀ ਜਿੰਦ ਕੌਰ ਦੇ ਹੁਕਮ ਦੇ ਮੁਤਾਬਕ ਚੱਲਣਗੇ, ਇਸ ਲਈ ਉਨ੍ਹਾਂ ਨੇ ਹੀਰਾ ਸਿੰਘ ਦਾ ਸਾਥ ਦੇਣੋਂ ਇਨਕਾਰ ਕਰ ਦਿੱਤਾ। ਜੱਲ੍ਹੇ ਪੰਡਤ ਤੇ ਹੀਰਾ ਸਿੰਘ ਨੂੰ ਹੁਣ ਜਾਨ ਦੇ ਲਾਲੇ ਪੈਂਦੇ ਨਜ਼ਰ ਆਏ, ਇਸ ਲਈ ਉਨ੍ਹਾਂ ਨੇ ਸੋਚਿਆ ਕਿ ਜਿਵੇਂ ਹੋ ਸਕੇ ਲਾਹੌਰ ਸਰਕਾਰ ਦਾ ਖ਼ਜ਼ਾਨਾ ਸਮੇਟ ਕੇ ਪਹਾੜਾਂ ਨੂੰ ਨਿਕਲ ਚਲੀਏ। ਸੋ 9 ਪੋਹ 1901, 21 ਦਸੰਬਰ 1844, ਛਨਿਛਰਵਾਰ ਦੀ ਸਵੇਰੇ ਜੋ ਕੁਝ ਮਾਲ-ਖ਼ਜ਼ਾਨਾ ਹੱਥ ਲੱਗਾ, ਹਾਥੀਆਂ ਉੱਤੇ ਲੱਦ ਕੇ ਮੀਆਂਮੀਰ ਦਾ ਬਹਾਨਾ ਕਰ ਕੇ ਲਾਹੌਰੋਂ ਜੰਮੂ ਵੱਲ ਨੂੰ ਭੱਜ ਤੁਰੇ। ਪਤਾ ਲਗਦੇ ਸਾਰ ਹੀ ਸਿੰਘ ਵੀ ਉਨ੍ਹਾਂ ਦੇ ਮਗਰ ਪੈ ਗਏ ਤੇ ਹੀਰਾ ਸਿੰਘ ਨੂੰ ਲਲਕਾਰ ਕੇ ਆਖਿਆ ਕਿ ਇਸ ਤਰ੍ਹਾਂ ਚੋਰਾਂ ਵਾਂਙ ਨਿਕਲ ਤੁਰਨਾ ਬਹਾਦਰਾਂ ਦਾ ਕੰਮ ਨਹੀਂ ਅਤੇ ਜੇ ਜਾਨ ਦੀ ਖ਼ੈਰ ਮੰਗਦਾ ਹੈਂ ਤਾਂ ਜੱਲ੍ਹੇ ਨੂੰ ਸਾਡੇ ਹਵਾਲੇ ਕਰ ਦੇ। ਇਹ ਸ਼ਾਹਦਰੇ ਹੀ ਪੁੱਜੇ ਸਨ ਕਿ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਤੇ ਜਰਨੈਲ ਮੇਵਾ ਸਿੰਘ ਮਜੀਠੀਆ ਇਨ੍ਹਾਂ ਦੇ ਪਿੱਛੇ ਪੁੱਜ ਪਏ। ਹੀਰਾ ਸਿੰਘ ਡਰ ਨਾਲ ਕੰਬਦਾ ਪਿਆ ਸੀ, ਅਤੇ ਅੱਗੇ ਨੂੰ ਦੌੜਿਆ ਜਾਂਦਾ ਸੀ। ਜੱਲ੍ਹੇ ਤੇ ਹੀਰਾ ਸਿੰਘ ਨੇ ਖ਼ਾਲਸਾ ਫ਼ੌਜਾਂ ਨੂੰ ਭੁਚਲਾਉਣ ਲਈ ਮੋਹਰਾਂ ਦੇ ਛੱਟੇ ਦੇਣੇ ਸ਼ੁਰੂ ਕਰ ਦਿੱਤੇ ਤੇ ਇਸ ਤਰ੍ਹਾਂ ਹੋ ਰਹੀ ਦੇਰ ਦੇ ਆਸਰੇ ਦਸ ਬਾਰਾਂ ਕੋਹ ਅੱਗੇ ਨੂੰ ਭੱਜਦੇ ਗਏ। ਸਰਦਾਰ ਸ਼ਾਮ ਸਿੰਘ ਤੇ ਜਰਨੈਲ ਮੇਵਾ ਸਿੰਘ ਨੇ ਫ਼ੌਜਾਂ ਨੂੰ ਲਲਕਾਰਾ ਮਾਰਿਆ ਕਿ 'ਮਾਰੋ ਸੂਰਾਂ ਨੂੰ, ਜਾਣ ਨਾ ਦਿਓ'। ਇਸ ਵੇਲੇ ਹੀਰਾ ਸਿੰਘ ਨੇ ਆਖਿਆ ਕਿ ਮੇਰੇ ਸਿਰ ਇਹ ਸਾਰੀ ਮੁਸੀਬਤ ਜੱਲ੍ਹੇ ਦੀ ਬਕਵਾਸ ਦੇ ਕਾਰਨ ਆਈ ਹੈ ਅਤੇ ਹੀਰਾ ਸਿੰਘ ਆਪਣੇ ਆਪ ਨੂੰ ਹਵਾਲੇ ਕਰਨਾ ਚਾਹੁੰਦਾ ਸੀ ਕਿ ਟੋਟੇ ਟੋਟੇ ਕਰ ਦਿੱਤਾ ਗਿਆ। ਜੱਲ੍ਹਾ ਪੰਡਤ ਵੀ ਮਾਰਿਆ ਗਿਆ ਅਤੇ ਮੀਆਂ ਸੋਹਨ ਸਿੰਘ, ਮੀਆਂ ਲਾਭ ਸਿੰਘ ਤੇ ਦੀਵਾਨ ਚੰਦ ਵੀ ਮਾਰੇ ਗਏ।[2]

---

1. ਥੋਰਨਟਨ, *ਹਿਸਟਰੀ ਔਫ ਦੀ ਪੰਜਾਬ*, ਜਿਲਦ ਦੂਸਰੀ, 302-3; *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 2, 65-67.
2. *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 2, 67-9; ਥੋਰਨਟਨ, *ਹਿਸਟਰੀ ਔਫ ਦੀ ਪੰਜਾਬ*, ਜਿਲਦ 2, 303-05; ਲਤੀਫ, *ਹਿਸਟਰੀ ਔਫ ਦੀ ਪੰਜਾਬ*, 529-30.

# ਜਸਰੋਟੇ ਤੇ ਜੰਮੂ ਦੀ ਮੁਹਿੰਮ

ਵਜ਼ੀਰ ਹੀਰਾ ਸਿੰਘ ਦੇ ਭੱਜ ਨਿਕਲਣ ਅਤੇ ਮਾਰੇ ਜਾਣ ਦੇ ਬਾਅਦ ਮਹਾਰਾਣੀ ਜਿੰਦ ਕੌਰ ਦੀ ਸਲਾਹ ਨਾਲ ਉਸ ਦਾ ਭਰਾ ਸਰਦਾਰ ਜਵਾਹਰ ਸਿੰਘ ਵਜ਼ੀਰ ਬਣਿਆ ਤੇ ਸਰਦਾਰ ਜਵਾਹਰ ਸਿੰਘ ਨੇ ਆਪਣੇ ਮਿੱਤਰ ਮਿੱਸਰ ਲਾਲ ਸਿੰਘ ਨੂੰ ਫ਼ੌਜ ਦਾ ਸਰਦਾਰ ਬਣਾ ਦਿੱਤਾ। ਸਰਦਾਰ ਜਵਾਹਰ ਸਿੰਘ ਬੰਦਾ ਤਾਂ ਬੜਾ ਹਿੰਮਤੀ ਸੀ, ਪਰ ਸੀ ਜ਼ਰਾ ਕੁ ਸ਼ਰਾਬੀ ਕਬਾਬੀ। ਇਸ ਲਈ ਫ਼ੌਜਾਂ ਉਸ ਨਾਲ ਬਹੁਤ ਜ਼ਿਆਦਾ ਖ਼ੁਸ਼ ਨਹੀਂ ਸਨ। ਉਨ੍ਹਾਂ ਨੇ ਸਰਦਾਰ ਲਹਿਣਾ ਸਿੰਘ ਮਜੀਠੀਏ ਨੂੰ ਜੋ ਹੀਰਾ ਸਿੰਘ ਦੀ ਵਜ਼ੀਰੀ ਦੇ ਦਿਨੀਂ ਬਨਾਰਸ ਨੂੰ ਚਲਾ ਗਿਆ ਸੀ, ਤੇ ਕੰਵਰ ਪਿਸ਼ੌਰਾ ਸਿੰਘ ਨੂੰ ਬੁਲਾਉਣ ਲਈ ਚਿੱਠੀਆਂ ਲਿਖੀਆਂ। ਸਰਦਾਰ ਲਹਿਣਾ ਸਿੰਘ ਮਜੀਠੀਆਂ ਤਾਂ ਇਤਨੀ ਦੂਰੋਂ ਆ ਨਾ ਸਕਿਆ, ਪਰ ਕੰਵਰ ਪਿਸ਼ੌਰਾ ਸਿੰਘ ਲਾਹੌਰ ਪੁੱਜ ਗਏ। ਮਾਈ ਜਿੰਦ ਕੌਰ ਨੇ ਉਸ ਨੂੰ ਇਕ ਤਕੜੀ ਜਾਗੀਰ ਦੇ ਕੇ ਸਿਆਲਕੋਟ ਦੇ ਨਜ਼ਦੀਕ ਭੇਜ ਦਿੱਤਾ।[1]

ਇਸ ਵੇਲੇ ਫ਼ੌਜ ਵਿਚ ਪੰਚਾਇਤਾਂ ਦਾ ਬੜਾ ਜ਼ੋਰ ਸੀ ਤੇ ਫ਼ੌਜੀ ਮੁਹਿੰਮਾਂ ਦੀ ਬਾਗ਼ਡੋਰ ਬਹੁਤ ਕੁਝ ਉਨ੍ਹਾਂ ਦੇ ਹੀ ਹੱਥ ਸੀ। ਪਿਛਲੇ ਦਿਨੀਂ ਜਿਸ ਵੇਲੇ ਵਜ਼ੀਰ ਹੀਰਾ ਸਿੰਘ ਦੇ ਛੋਟੇ ਭਰਾ ਮੀਆਂ ਜਵਾਹਰ ਸਿੰਘ ਨੇ ਲਾਹੌਰ ਦੇ ਹਾਲਾਤ ਅਤੇ ਹੀਰਾ ਸਿੰਘ ਤੇ ਜੱਲ੍ਹਾ ਪੰਡਤ ਆਦਿ ਦੇ ਭੱਜ ਨਿਕਲਣ ਤੇ ਮਾਰੇ ਜਾਣ ਦੀਆਂ ਖ਼ਬਰਾਂ ਸੁਣੀਆਂ ਤਾਂ ਉਹ ਇਕ ਦਮ ਜਸਰੋਟੇ ਪੁੱਜਾ ਜਿੱਥੇ ਕਿ ਖ਼ਾਨਦਾਨ ਦੀ ਦੌਲਤ ਜਮ੍ਹਾ ਰੱਖੀ ਹੋਈ ਸੀ ਤੇ ਇਸ ਦੌਲਤ ਵਿਚੋਂ ਬਹੁਤ ਸਾਰੀ ਆਪਣੇ ਚਾਚੇ ਗੁਲਾਬ ਸਿੰਘ ਦੇ ਕਿਲ੍ਹੇ ਜੰਮੂ ਵਿਚ ਪਹੁੰਚਾ ਦਿੱਤੀ।[2]

ਫ਼ੌਜਾਂ ਨੂੰ ਪਤਾ ਸੀ ਕਿ ਡੋਗਰੇ ਲਾਹੌਰ ਦਾ ਬਹੁਤ ਸਾਰਾ ਖ਼ਜ਼ਾਨਾ ਹੌਲੀ ਹੌਲੀ ਜਸਰੋਟੇ ਤੇ ਜੰਮੂ ਨੂੰ ਲੈ ਗਏ ਹਨ। ਮਹਾਰਾਣੀ ਚੰਦ ਕੌਰ ਦੇ ਜ਼ਮਾਨੇ ਤੋਂ ਲੈ ਕੇ ਹੀਰਾ ਸਿੰਘ ਦੀ ਮੌਤ ਤਕ ਜਦ ਵੀ ਇਨ੍ਹਾਂ ਦਾ ਦਾਓ ਲੱਗਾ ਜੋ ਕੁਝ ਇਨ੍ਹਾਂ ਦੇ ਹੱਥ ਆਇਆ ਇਹ ਸਮੇਟ ਕੇ ਪਹਾੜ ਨੂੰ ਲੈ ਗਏ ਤੇ ਇਸ ਤਰ੍ਹਾਂ ਇਨ੍ਹਾਂ ਸਰਕਾਰ ਲਾਹੌਰ ਦਾ ਖ਼ਜ਼ਾਨਾ ਤਾਂ ਖ਼ਾਲੀ ਵਰਗਾ ਕਰ ਦਿੱਤਾ ਤੇ ਆਪਣੀਆਂ ਪੁਸ਼ਤਾਂ ਲਈ ਦੌਲਤ ਜਮ੍ਹਾਂ ਕਰ ਲਈ। ਇਹ ਇਹੋ ਹੀ ਸਰਕਾਰ ਲਾਹੌਰ ਦੀ ਚੋਰੀ ਕੀਤੀ ਹੋਈ ਦੌਲਤ ਸੀ ਜਿਸ ਵਿਚੋਂ 1845-46 ਦੀ ਸਿੰਘਾਂ ਤੇ

---

1. ਥੋਰਨਟਨ, *ਹਿਸਟਰੀ ਔਫ਼ ਦੀ ਪੰਜਾਬ*, ਜਿਲਦ ਦੂਸਰੀ, 307-8; ਕਿਰਪਾ ਰਾਮ, ਗੁਲਾਬਨਾਮਾ 290-91.
2. ਥੋਰਨਟਨ, *ਹਿਸਟਰੀ ਔਫ਼ ਦੀ ਪੰਜਾਬ*, ਜਿਲਦ ਦੂਸਰੀ।

ਅੰਗ੍ਰੇਜ਼ਾਂ ਦੀ ਲੜਾਈ ਪਿੱਛੋਂ ਕੁਝ ਕੁ ਅੰਗ੍ਰੇਜ਼ਾਂ ਨੂੰ ਦੇ ਕੇ ਗੁਲਾਬ ਸਿੰਘ ਨੇ ਅੰਤ ਕਸ਼ਮੀਰ ਦਾ ਰਾਜ ਸਾਂਭ ਲਿਆ। ਸੋ ਫ਼ੌਜੀ ਪੰਚਾਇਤਾਂ ਨੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਤੇ ਰਾਜਾ ਲਾਲ ਸਿੰਘ ਨੂੰ ਜਸਰੋਟੇ ਤੇ ਚੜ੍ਹਾਈ ਕਰਨ ਅਤੇ ਹੀਰਾ ਸਿੰਘ ਦੇ ਇਲਾਕੇ ਨੂੰ ਜ਼ਬਤ ਕਰ ਲੈਣ ਲਈ ਨੀਯਤ ਕੀਤਾ।[1]

ਇਸ ਦੇ ਨਾਲ ਹੀ ਮਹਾਰਾਣੀ ਜਿੰਦ ਕੌਰ ਤੇ ਸਰਦਾਰ ਜਵਾਹਰ ਸਿੰਘ ਵੱਲੋਂ ਲਾਲਾ ਰਤਨ ਚੰਦ ਦੁੱਗਲ ਤੇ ਬਾਵਾ ਮੀਹਾਂ ਸਿੰਘ ਦੇ ਹੱਥੀਂ ਗੁਲਾਬ ਸਿੰਘ ਨੂੰ ਸੁਨੇਹਾ ਭੇਜਿਆ ਗਿਆ ਕਿ ਹੀਰਾ ਸਿੰਘ ਦਾ ਇਲਾਕਾ ਤੇ ਮਾਲ ਅਤੇ ਰਾਜਾ ਸੁਚੇਤ ਸਿੰਘ ਦੀ ਵਿਰਾਸਤ ਦਾ ਅੱਧ ਜਿਹੜਾ ਕਿ ਹੀਰਾ ਸਿੰਘ ਨੂੰ ਦੇਣਾ ਕੀਤਾ ਹੋਇਆ ਸੀ ਸਰਕਾਰ ਦੇ ਹਵਾਲੇ ਕਰਾ ਦਿੱਤਾ ਜਾਏ ਅਤੇ ਨਾਲੇ ਮੀਆਂ ਜਵਾਹਰ ਸਿੰਘ ਨੂੰ ਵੀ ਹਵਾਲੇ ਕਰ ਦਿੱਤਾ ਜਾਏ। ਇਸ ਨਾਲ ਹੀ ਉਨ੍ਹਾਂ ਲਿਖ ਭੇਜਿਆ ਕਿ ਖ਼ੁਦ ਗੁਲਾਬ ਸਿੰਘ ਦੇ ਇਲਾਕੇ ਨੂੰ ਨਹੀਂ ਛੇੜਿਆ ਜਾਏਗਾ। ਪਰ ਗੁਲਾਬ ਸਿੰਘ ਨੇ ਵਫ਼ਾਦਾਰ ਨੌਕਰ ਵਾਂਙੂ ਹੁਕਮ ਮੰਨਣ ਦੀ ਥਾਂ ਮੀਆਂ ਜਵਾਹਰ ਸਿੰਘ ਨੂੰ ਜੋ ਇਸ ਵੇਲੇ ਜਸਰੋਟੇ ਸੀ ਹੱਲਾ-ਸ਼ੇਰੀ ਦਿੱਤੀ ਕਿ ਖ਼ਾਲਸਾ ਫ਼ੌਜ ਦੇ ਮੁਕਾਬਲੇ ਲਈ ਤਿਆਰ ਹੋ ਜਾਏ ਤੇ ਜਿਹੜੀ ਫ਼ੌਜ ਹੀਰਾ ਸਿੰਘ ਨੇ ਚੰਬੇ ਨੂੰ ਸਰ ਕਰਨ ਲਈ ਜਮ੍ਹਾ ਕੀਤੀ ਸੀ ਉਸ ਨੂੰ ਰੁਪਇਆ ਤੇ ਦਿਲਾਸਾ ਦੇ ਕੇ ਸਿੰਘਾਂ ਨਾਲ ਲੜਨ ਲਈ ਖੜਾ ਕਰ ਲਿਆ। ਇਸੇ ਤਰ੍ਹਾਂ ਥਾਂ ਥਾਂ ਤਕੜੇ ਤੇ ਖੜ੍ਹੇ ਹੋ ਜਾਣ ਲਈ ਮੀਆਂ ਰਣਬੀਰ ਸਿੰਘ ਨੂੰ ਰਾਮਨਗਰ, ਦੀਵਾਨ ਨਾਨਕ ਚੰਦ ਨੂੰ ਝੱਪਾਲ ਤੇ ਦੀਵਾਨ ਕਰਮ ਚੰਦ ਨੂੰ ਪੁਣਛ ਪਰਵਾਨੇ ਲਿਖ ਭੇਜੇ। ਦੀਵਾਨ ਹਰੀ ਚੰਦ ਤੇ ਵਜ਼ੀਰ ਲਖਪਤ ਨੂੰ ਗੜ੍ਹੀ ਆਦਿ ਤੋਂ ਫ਼ੌਜ ਲੈ ਕੇ ਹਾਜ਼ਰ ਹੋਣ ਲਈ ਲਿਖ ਦਿੱਤਾ।[2]

ਇਤਨੇ ਨੂੰ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਫ਼ੌਜ ਲੈ ਕੇ ਜਸਰੋਟੇ ਪੁੱਜ ਗਏ। ਅੱਗਿਓਂ ਟਾਕਰੇ ਤੇ ਕਿਸੇ ਕੀ ਖੜੋਣਾ ਸੀ। ਹੀਰਾ ਸਿੰਘ ਦਾ ਕਾਰਦਾਰ ਵਜ਼ੀਰ ਬਚਨਾ ਆਪਣੇ ਕੁਝ ਆਦਮੀਆਂ ਸਮੇਤ ਸਿੰਘਾਂ ਦੀ ਸ਼ਰਨੀਂ ਆ ਪਿਆ ਤੇ ਮੀਆਂ ਜਵਾਹਰ ਸਿੰਘ ਬਿਨਾਂ ਕੁਝ ਜ਼ਿਆਦਾ ਲੜਾਈ ਕੀਤੇ ਜਾਨ ਬਚਾਉਣ ਲਈ ਭੱਜ ਕੇ ਜੰਮੂ ਨੂੰ ਨਿਕਲ ਗਿਆ। ਜਸਰੋਟੇ ਉੱਤੇ ਸਰਦਾਰ ਸ਼ਾਮ ਸਿੰਘ ਨੇ ਕਬਜ਼ਾ ਕਰ ਲਿਆ ਅਤੇ ਇਰਦ ਗਿਰਦ ਦੇ ਇਲਾਕੇ ਨੂੰ ਸੋਧਣ ਲਈ ਤਿਆਰੀ ਆਰੰਭ ਦਿੱਤੀ।[3]

ਇਸ ਵੇਲੇ ਰਾਜਾ ਸੁਚੇਤ ਸਿੰਘ ਦੇ ਵਜ਼ੀਰ ਨਿਹਾਲ ਸਿੰਘ ਨੇ ਗੁਲਾਬ ਸਿੰਘ ਪਾਸੋਂ ਜੰਮੂਓਂ ਇਹ ਕਹਿ ਕੇ ਛੁੱਟੀ ਲੈ ਲਈ ਕਿ ਉਹ ਸਾਂਬਾ ਜਾ ਕੇ ਖ਼ਾਲਸਾ ਫ਼ੌਜ ਦੇ ਟਾਕਰੇ ਲਈ ਡੋਗਰ ਸੈਨਾ ਇਕੱਠੀ ਕਰੇਗਾ। ਇਤਨੇ ਨੂੰ ਜਸਰੋਟੇ ਨੂੰ ਸਰ ਕਰ ਕੇ ਸਰਦਾਰ ਸ਼ਾਮ ਸਿੰਘ ਸਾਂਬੇ ਪਹੁੰਚ ਪਏ ਤੇ ਵਜ਼ੀਰ ਨਿਹਾਲ ਸਿੰਘ ਉਨ੍ਹਾਂ ਪਾਸ ਆ ਹਾਜ਼ਰ ਹੋਇਆ। ਸਾਂਬੇ ਤੋਂ

---

1. ਕਿਰਪਾ ਰਾਮ, *ਗੁਲਾਬਨਾਮਾ*, 293; *ਉਮਦਾਤੁ-ਤਵਾਰੀਖ਼*, ਜਿਲਦ 4, ਹਿੱਸਾ 3, ਪੰ. 70; ਲਤੀਫ਼, *ਹਿਸਟਰੀ ਔਫ਼ ਦੀ ਪੰਜਾਬ*, 531.
2. ਕਿਰਪਾ ਰਾਮ, *ਗੁਲਾਬਨਾਮਾ*, 293-94.
3. *ਉਮਦਾਤੁ ਤਵਾਰੀਖ਼*, ਦਫ਼ਤਰ 4, ਹਿੱਸਾ 3, ਪੰ. 70; ਕਿਰਪਾ ਰਾਮ, *ਗੁਲਾਬਨਾਮਾ*, 295.

ਹਰਮੰਦਰ ਦੇ ਰਸਤੇ ਸਰਦਾਰ ਸ਼ਾਮ ਸਿੰਘ ਤੋਪਾਂ ਤੇ ਫ਼ੌਜ ਲੈ ਕੇ ਰਾਮਗੜ੍ਹ ਵੱਲ ਨੂੰ ਵਧੇ। ਰਾਜਾ ਲਾਲ ਸਿੰਘ, ਜਰਨੈਲ ਮੇਵਾ ਸਿੰਘ ਮਜੀਠੀਆ, ਸਰਦਾਰ ਸੁਲਤਾਨ ਮੁਹੰਮਦ ਖ਼ਾਨ ਤੇ ਹੋਰ ਸਰਦਾਰ ਆਪਣੀਆਂ ਪਲਟਣਾਂ ਤੇ ਤੋਪਖ਼ਾਨੇ ਅਤੇ ਅਵੀਤਾਬਿਲੇ ਤੇ ਕੋਰਟ ਸਾਹਿਬ ਦੀਆਂ ਪਲਟਣਾਂ ਨਾਲ ਲਾਲੇ-ਚੁਬਾਰੇ ਵੱਲ ਨੂੰ ਹੋਏ ਅਤੇ ਲਾਲੇ-ਚੁਬਾਰੇ, ਚਾਰਵਾਹ ਆਦਿ ਤੇ ਉਨਾਂ ਦੇ ਨਾਲ ਲਗਦੇ ਗੁਲਾਬ ਸਿੰਘ ਦੇ ਪਿੰਡਾਂ ਅਤੇ ਜਾਗੀਰਾਂ ਉੱਤੇ ਕਬਜ਼ਾ ਕਰ ਲਿਆ। ਓਧਰ ਪੰਜਾਬ ਵਿਚ ਵੀ ਗੁਜਰਾਤ, ਕਾਦਰਾਬਾਦ, ਧੰਨੀ, ਪਿੰਡ ਦਾਦਨ ਖ਼ਾਨ ਆਦਿ ਇਲਾਕੇ ਗੁਲਾਬ ਸਿੰਘ ਦੇ ਹੱਥੋਂ ਨਿਕਲ ਗਏ।[1]

ਹੁਣ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਮਿੱਸਰ ਰਾਜਾ ਲਾਲ ਸਿੰਘ ਤੇ ਦੂਸਰੇ ਸਰਕਰਦੇ ਜੰਮੂ ਨੂੰ ਘੇਰਨ ਲਈ ਤਿਆਰੀਆਂ ਕਰਨ ਲੱਗੇ। ਪਰ ਫ਼ੌਜੀ ਕਾਰਵਾਈ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਰਾਜਾ ਗੁਲਾਬ ਸਿੰਘ ਨੂੰ ਸਮਝਾ ਬੁਝਾ ਕੇ ਸਿੱਧੇ ਰਾਹੇ ਲੈ ਆਉਣ ਲਈ ਇਕ ਹੋਰ ਯਤਨ ਕਰ ਵੇਖਣਾ ਮੁਨਾਸਿਬ ਸਮਝਿਆ। ਭਲਿਆਂ ਦਿਨਾਂ ਵਿਚ ਰਾਜਾ ਗੁਲਾਬ ਸਿੰਘ ਤੇ ਸਰਦਾਰ ਫ਼ਤਿਹ ਸਿੰਘ ਮਾਨ ਦੇ ਤਅੱਲੁਕਾਤ ਚੂੰਕਿ ਬੜੇ ਚੰਗੇ ਰਹੇ ਸਨ ਇਸ ਲਈ ਇਸੇ ਵੇਲੇ ਗੱਲ-ਬਾਤ ਕਰਨ ਲਈ ਉਸੇ ਨੂੰ ਹੀ ਨੀਯਤ ਕੀਤਾ ਗਿਆ। ਸਰਦਾਰ ਫ਼ਤਿਹ ਸਿੰਘ ਮਾਨ, ਵਜ਼ੀਰ ਬਚਨਾ ਤੇ ਮੁਨਸ਼ੀ ਗਣਪਤ ਨੂੰ ਨਾਲ ਲੈ ਕੇ ਰਾਜਾ ਗੁਲਾਬ ਸਿੰਘ ਪਾਸ ਗਏ। ਗੁਲਾਬ ਸਿੰਘ ਲਈ ਖ਼ਾਲਸਾ ਫ਼ੌਜਾਂ ਦਾ ਟਾਕਰਾ ਕਰ ਸਕਣਾ ਕੋਈ ਸੁਖਾਲੀ ਗੱਲ ਨਹੀਂ ਸੀ ਅਤੇ ਨਾਲੇ ਚਾਲਾਕ ਆਦਮੀ ਸੀ ਤੇ ਖ਼ਾਹਮੁਖ਼ਾਹ ਕਿਸੇ ਖ਼ਤਰੇ ਵਿਚ ਨਹੀਂ ਸੀ ਪੈਣ ਵਾਲਾ, ਇਸ ਲਈ 28 ਫ਼ਰਵਰੀ 1845 ਨੂੰ ਉਸ ਨੇ ਸਰਦਾਰ ਫ਼ਤਿਹ ਸਿੰਘ ਦੀਆਂ ਸਭ ਗੱਲਾਂ ਪ੍ਰਵਾਨ ਕਰ ਲਈਆਂ ਅਤੇ ਆਖਿਆ ਕਿ ਜੇ ਲਾਹੌਰ ਦਰਬਾਰ ਉਸ ਨੂੰ ਪੱਕਾ ਭਰੋਸਾ ਦੇ ਦੇਵੇ ਕਿ ਮੁੜ ਉਸ ਦੇ ਆਪਣੇ ਮੁਲਕ ਅਤੇ ਮਾਲ ਉੱਤੇ ਹੱਥ ਨਹੀਂ ਪਾਇਆ ਜਾਏਗਾ ਤਾਂ ਰਾਜਾ ਹੀਰਾ ਸਿੰਘ ਦਾ ਜੋ ਮਾਲ ਮੀਆਂ ਜਵਾਹਰ ਸਿੰਘ ਪਾਸ ਹੈ ਹਵਾਲੇ ਕਰ ਦਿੱਤਾ ਜਾਏਗਾ ਅਤੇ ਨਾਲ ਹੀ ਜਸਰੋਟੇ ਦਾ ਇਲਾਕਾ ਵੀ ਜਿਸ ਤੇ ਕਿ ਖ਼ਾਲਸਾ ਫ਼ੌਜਾਂ ਨੇ ਕਬਜ਼ਾ ਕਰ ਲਿਆ ਹੋਇਆ ਹੈ ਦੇ ਦਿੱਤਾ ਜਾਏਗਾ। ਚੁਨਾਂਚਿ ਸਰਦਾਰ ਫ਼ਤਿਹ ਸਿੰਘ ਮਾਨ, ਵਜ਼ੀਰ ਸਿੰਘ ਬਚਨੇ ਅਤੇ ਮੁਨਸ਼ੀ ਗਣਪਤ ਨੂੰ ਨਾਲ ਲੈ ਕੇ ਰਾਜਾ ਲਾਲ ਸਿੰਘ ਦੇ ਡੇਰੇ ਖ਼ਾਲਸਾ ਫ਼ੌਜਾਂ ਦੇ ਕੈਂਪ ਨੂੰ, ਜੋ ਜੰਮੂ ਤੋਂ ਦਸ ਕੁ ਕੋਹ ਦੀ ਵਿਥ ਤੇ ਸੀ, ਮੁੜ ਪਿਆ। ਰਾਜਾ ਗੁਲਾਬ ਸਿੰਘ ਨੇ ਵਜ਼ੀਰ ਜ਼ੋਰਾਵਰੂ ਨੂੰ ਸਰਦਾਰ ਦੇ ਨਾਲ ਕਰ ਦਿੱਤਾ ਤਾਂ ਕਿ ਡੋਗਰ ਸਿਪਾਹੀ ਕੋਈ ਰੁਕਾਵਟ ਨਾ ਪੈਦਾ ਕਰਨ। ਪਰ ਹੁੰਦਾ ਉਹੀ ਹੈ ਜੋ ਉਸ ਮਾਲਕ ਨੂੰ ਮਨਜ਼ੂਰ ਹੁੰਦਾ ਹੈ।

ਮੀਆਂ ਜਵਾਹਰ ਸਿੰਘ ਦੇ ਕੁਝ ਆਦਮੀ, ਜੋ ਜਸਰੋਟੇ ਤੋਂ ਉਸ ਦੇ ਨਾਲ ਜੰਮੂ ਆਏ ਸਨ ਅਤੇ ਵਜ਼ੀਰ ਬਚਨਾ ਤੇ ਮੁਨਸ਼ੀ ਗਣਪਤ ਨਾਲ ਗੁੱਸੇ ਸਨ, ਇਨ੍ਹਾਂ ਉੱਤੇ ਟੁੱਟ ਪਏ। ਬਚਨ ਸਿੰਘ ਨਾਮੀ ਇਕ ਚਰਸੀ ਘੋੜ-ਚੜ੍ਹੇ ਨੇ ਉੱਚੀ ਅਵਾਜ਼ ਨਾਲ ਆਖਿਆ 'ਨਮਕ-ਹਰਾਮੀਆਂ ਨੂੰ ਜਾਣ ਨਾ ਦਿਓ, ਇਨ੍ਹਾਂ ਨੂੰ ਕਤਲ ਦਾ ਹੁਕਮ ਹੈ।' ਇਹ ਸੁਣਦੇ

1. ਕਿਰਪਾ ਰਾਮ, *ਗੁਲਾਬਨਾਮਾ*, 296-97.

ਸਾਰ ਹੀ ਸੱਜਿਓਂ ਖੱਬਿਓਂ ਗੋਲੀਆਂ ਵਰ੍ਹਨ ਲੱਗ ਪਈਆਂ ਤੇ ਸਰਦਾਰ ਫ਼ਤਿਹ ਸਿੰਘ, ਵਜ਼ੀਰ ਬਚਨਾ ਤੇ ਮੁਨਸ਼ੀ ਗਣਪਤ ਤਿੰਨੇ ਹਾਥੀ ਉੱਤੇ ਹੀ ਭੁੰਨ ਦਿੱਤੇ ਗਏ ਅਤੇ ਸਰਦਾਰ ਦੇ ਨਾਲ ਗਏ ਪੰਚ ਬੜੀ ਮੁਸ਼ਕਲ ਨਾਲ ਮੁੜ ਲਸ਼ਕਰ ਵਿਚ ਪੁੱਜੇ। ਮੇਜਰ ਬਰੌਡਫੁਟ ਆਪਣੀ 3 ਮਾਰਚ 1845 ਦੀ ਚਿੱਠੀ ਵਿਚ ਆਪਣੀ ਗਵਰਨਮੈਂਟ ਨੂੰ ਲਿਖਦਾ ਹੈ ਕਿ ਇਸ ਵਿਚ ਗੁਲਾਬ ਸਿੰਘ ਦੀ ਸ਼ਰਾਰਤ ਸੀ ਤਾਂਕਿ ਮੰਗੇ ਗਏ 35 ਲੱਖ ਰੁਪਏ ਵਿਚੋਂ ਚਾਰ ਲੱਖ ਰੁਪਇਆ ਜਿਹੜਾ ਗੁਲਾਬ ਸਿੰਘ ਨੇ ਸਰਦਾਰ ਫ਼ਤਿਹ ਸਿੰਘ ਮਾਨ ਰਾਹੀਂ ਸਰਦਾਰਾਂ ਵੱਲ ਭੇਜਿਆ ਸੀ ਮੁੜ ਖੋਹ ਲਿਆ ਜਾਵੇ ਤੇ ਆਪਣੇ ਭੇਤੀ ਬਚਨੇ ਨੂੰ ਮਰਵਾ ਦਿੱਤਾ ਜਾਵੇ।[1]

ਸਰਦਾਰ ਫ਼ਤਿਹ ਸਿੰਘ ਮਾਨ ਤੇ ਉਨ੍ਹਾਂ ਦੇ ਸਾਥੀਆਂ ਦੀ ਮੌਤ ਦੀ ਖ਼ਬਰ ਸੁਣਕੇ ਲੜਾਈ ਦੀ ਸਲਾਹ ਕੀਤੀ ਗਈ। ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਇਸ ਵੇਲੇ ਜਸਰੋਟੇ ਸਨ। ਉਨ੍ਹਾਂ ਨੇ ਉੱਥੋਂ ਚੱਲ ਕੇ ਰਾਮਗੜ੍ਹ ਤੇ ਚੜ੍ਹਾਈ ਕਰ ਦਿੱਤੀ, ਰਾਜਾ ਲਾਲ ਸਿੰਘ ਨੇ ਦੇਵੀਗੜ੍ਹ ਤੇ ਸਰਦਾਰ ਰਣਜੋਧ ਸਿੰਘ ਮਜੀਠੀਏ ਨੇ ਸਾਂਬੇ ਤੋਂ ਵਜ਼ੀਰ ਰਤਨੂ ਤੇ ਕਰਨੈਲ ਬਿਜੈ ਸਿੰਘ ਉੱਤੇ ਧਾਵਾ ਬੋਲਿਆ।

ਜੰਗੀ ਬਲਵਾਲ ਕਿਲ੍ਹਾ ਰਾਮਗੜ੍ਹ ਦਾ ਥਾਨੇਦਾਰ ਸੀ। ਉਸ ਨੇ ਜਦ ਦੇਖਿਆ ਕਿ ਉਸ ਦਾ ਟਾਕਰਾ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨਾਲ ਹੈ ਤਾਂ ਉਸ ਦੀ ਸਾਰੀ ਹਿੰਮਤ ਤੇ ਬਹਾਦਰੀ ਠੰਡੀ ਪੈ ਗਈ ਤੇ ਡਰਦਾ ਮਾਰਿਆ ਕਿਲਾ ਛੱਡ ਕੇ ਜੰਮੂ ਨੂੰ ਭੱਜ ਨਿਕਲਿਆ। ਜਿਸ ਵੇਲੇ ਉਹ ਰਾਜਾ ਗੁਲਾਬ ਸਿੰਘ ਪਾਸ ਆਇਆ ਤਾਂ ਗੁਲਾਬ ਸਿੰਘ ਗੁੱਸੇ ਨਾਲ ਲਾਲ ਪੀਲਾ ਹੋ ਗਿਆ ਤੇ ਮਿਆਨ ਵਿਚੋਂ ਤਲਵਾਰ ਕੱਢ ਕੇ ਉਸ ਦਾ ਸਿਰ ਕਲਮ ਕਰ ਦਿੱਤਾ। ਦੂਸਰੇ ਪਾਸੇ ਅਰਜੁਨ ਮੱਲ ਦੇਵੀਗੜ੍ਹ ਵਿਚ ਕੁਝ ਅੜਿਆ, ਪਰ ਗੁਲਾਬ ਸਿੰਘ ਦਾ ਹੁਕਮ ਆਉਣ ਤੇ ਉਸ ਨੇ ਵੀ ਕਿਲਾ ਖ਼ਾਲੀ ਕਰ ਦਿੱਤਾ। ਰਾਜਾ ਲਾਲ ਸਿੰਘ ਹੁਣ ਸਿੱਧਾ ਜੰਮੂ ਵੱਲ ਨੂੰ ਹੋ ਪਿਆ ਤੇ ਛੇ ਕੁ ਕੋਹ ਦੇ ਫ਼ਾਸਲੇ ਤੇ ਸੰਬਲ ਦੇ ਮੁਕਾਮ ਆ ਉਤਰਿਆ। ਓਧਰੋਂ ਸਰਦਾਰ ਸ਼ਾਮ ਸਿੰਘ ਜੰਮੂ ਦੇ ਬਿਲਕੁਲ ਨਜ਼ਦੀਕ ਪੁੱਜ ਗਏ ਅਤੇ ਪਿੰਡ ਨੰਦਨੀ, ਜੋ ਸ਼ਹਿਰੋਂ ਦੋ ਕੁ ਕੋਹ ਵੀ ਨਹੀਂ ਹੋਣਾ, ਆ ਡੇਰਾ ਲਾਇਆ।[2]

16 ਚੇਤਰ ਸੰਮਤ 1902 ਬਿਕ੍ਰਮੀ ਮੁਤਾਬਕ 27 ਮਾਰਚ 1845, ਨੂੰ ਜੰਮੂ ਉੱਤੇ ਧਾਵਾ ਬੋਲਿਆ ਗਿਆ। 28 ਮਾਰਚ ਦੀ ਰਾਤ ਨੂੰ ਪਹਾੜੀਆਂ ਨੇ ਸਰਦਾਰ ਸ਼ਾਮ ਸਿੰਘ ਦੇ ਡੇਰੇ ਉੱਤੇ ਇਕ ਬੜਾ ਜੋਰ ਦਾ ਹੱਲਾ ਕੀਤਾ ਅਤੇ ਦੋ ਤੋਪਾਂ ਫੜ ਲਈਆਂ, ਪਰ ਸਰਦਾਰ ਸ਼ਾਮ ਸਿੰਘ ਨੇ ਝਟ ਮੌਕਾ ਸੰਭਾਲ ਲਿਆ। ਆਪ ਹਾਥੀ ਤੋਂ ਉਤਰ ਪਏ ਅਤੇ ਆਪਣੇ ਆਦਮੀਆਂ ਨੂੰ ਜੋੜ ਕੇ ਮੋੜਵਾਂ ਹੱਲਾ ਕੀਤਾ, ਆਪਣੀਆਂ ਤੋਪਾਂ ਛੁੜਾ ਲਈਆਂ ਅਤੇ ਪਹਾੜੀਆਂ ਨੂੰ ਮਾਰ ਕੇ ਭਜਾ ਦਿੱਤਾ। ਗੁਲਾਬ ਸਿੰਘ ਦੇ ਹਿਮਾਇਤੀਆਂ ਨੇ ਮਾਮੂਲੀ ਜਿਹਾ ਮੁਕਾਬਲਾ ਕੀਤਾ, ਪਰ ਰਾਜਾ ਗੁਲਾਬ ਸਿੰਘ ਸਮਝਦਾ ਸੀ ਕਿ ਉਹ ਜ਼ਿਆਦਾ ਦੇਰ ਨਹੀਂ ਅੜ ਸਕੇਗਾ, ਇਸ ਲਈ ਉਸ ਨੇ ਸਰਦਾਰ ਚਤਰ ਸਿੰਘ ਅਟਾਰੀਵਾਲੇ ਅਤੇ ਸਰਦਾਰ

1. ਕਿਰਪਾ ਰਾਮ, *ਗੁਲਾਬਨਾਮਾ*, 299-302; *ਕੈਰੀਅਰ ਔਫ ਮੇਜਰ ਬਰੌਡਫੁਟ*, 287-297.
2. ਕਿਰਪਾ ਰਾਮ, *ਗੁਲਾਬਨਾਮਾ*, 302-3.

ਸੁਲਤਾਨ ਮੁਹੰਮਦ ਖ਼ਾਨ ਦੀ ਮਾਰਫ਼ਤ ਆਪਣੇ ਆਪ ਨੂੰ ਹਵਾਲੇ ਕਰਨ ਸੰਬੰਧੀ, ਗੱਲ-ਬਾਤ ਸਰਦਾਰ ਮੇਵਾ ਸਿੰਘ ਮਜੀਠੀਏ ਨਾਲ ਛੇੜੀ ਤੇ ਇਹ ਸਲਾਹ ਹੋਈ ਕਿ ਗੁਲਾਬ ਸਿੰਘ ਤਿੱਲੇ ਦੇ ਤਲਾ ਤੇ ਪਹੁੰਚ ਕੇ ਰਾਜਾ ਲਾਲ ਸਿੰਘ ਨਾਲ ਇਕਰਾਰ ਪੱਕਾ ਕਰ ਲਵੇ। ਪਰ ਰਾਜਾ ਲਾਲ ਸਿੰਘ ਨੇ ਅੱਗੋਂ ਜਵਾਬ ਦਿੱਤਾ ਕਿ ਜਿਤਨੀ ਦੇਰ ਤਕ ਮੀਆਂ ਜਵਾਹਰ ਸਿੰਘ ਨੂੰ ਸਾਡੇ ਹਵਾਲੇ ਨਹੀਂ ਕੀਤਾ ਜਾਂਦਾ ਉਤਨੀ ਦੇਰ ਤਕ ਕੋਈ ਗੱਲ ਸਿਰੇ ਨਹੀਂ ਚੜ੍ਹ ਸਕੇਗੀ। ਰਾਜਾ ਗੁਲਾਬ ਸਿੰਘ ਵਾਸਤੇ ਚੂੰਕਿ ਹੋਰ ਕੋਈ ਚਾਰਾ ਹੀ ਨਹੀਂ ਸੀ ਅਤੇ ਨਾ ਹੀ ਉਸ ਵਿਚ ਲੜਨ ਦੀ ਹਿੰਮਤ ਸੀ, ਇਸ ਲਈ ਉਸ ਨੇ ਰਾਜਾ ਲਾਲ ਸਿੰਘ ਦੀ ਇਹ ਸ਼ਰਤ ਵੀ ਪ੍ਰਵਾਨ ਕਰ ਲਈ ਅਤੇ ਮੀਆਂ ਜਵਾਹਰ ਸਿੰਘ ਨੂੰ ਹਵਾਲੇ ਕਰ ਦਿੱਤਾ।

ਗੱਲ-ਬਾਤ ਸ਼ੁਰੂ ਹੋਣ ਵੇਲੇ ਸਰਦਾਰ ਮੇਵਾ ਸਿੰਘ ਮਜੀਠੀਏ ਨੇ ਚੂੰਕਿ ਰਾਜਾ ਗੁਲਾਬ ਸਿੰਘ ਨੂੰ ਭਰੋਸਾ ਦਿਲਾਇਆ ਸੀ ਕਿ ਜੇ ਗੁਲਾਬ ਸਿੰਘ ਆਪਣੇ ਆਪ ਨੂੰ ਹਵਾਲੇ ਕਰ ਦੇਵੇ ਤਾਂ ਉਹ ਲਾਹੌਰ ਤਕ ਉਸ ਨੂੰ ਕਿਸੇ ਤਰ੍ਹਾਂ ਦੀ ਖੇਚਲ ਨਹੀਂ ਹੋਣ ਦੇਵੇਗਾ ਅਤੇ ਗੁਲਾਬ ਸਿੰਘ ਨੂੰ ਸਰਦਾਰ ਮੇਵਾ ਸਿੰਘ ਦੇ ਬਚਨ ਉੱਤੇ ਪੂਰਾ ਇਤਬਾਰ ਸੀ ਇਸ ਲਈ ਉਹ ਸਰਦਾਰ ਮੇਵਾ ਸਿੰਘ ਦੇ ਲਸ਼ਕਰ ਵਿਚ ਆ ਗਿਆ ਤੇ ਆਪਣੇ ਆਪ ਨੂੰ ਹਵਾਲੇ ਕਰ ਦਿੱਤਾ।[1]

1. ਕਿਰਪਾ ਰਾਮ, *ਗੁਲਾਬਨਾਮਾ*, 303-5; *ਕੈਰੀਅਰ ਔਫ਼ ਮੇਜਰ ਬਰੋਡਫੁਟ*, 294-6.

# ਰਾਜਾ ਗੁਲਾਬ ਸਿੰਘ ਦੀ ਹਾਜ਼ਰ ਜਮਾਨਤ

ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਰਾਜਾ ਲਾਲ ਸਿੰਘ, ਸਰਦਾਰ ਮੇਵਾ ਸਿੰਘ ਮਜੀਠੀਆ ਤੇ ਹੋਰ ਸਰਕਰਦੇ ਰਾਜਾ ਗੁਲਾਬ ਸਿੰਘ ਨੂੰ ਨਾਲ ਲੈ ਕੇ ਲਾਹੌਰ ਨੂੰ ਵਾਪਸ ਮੁੜ ਪਏ ਤੇ 27 ਚੇਤਰ 1902, ਮੁਤਾਬਕ 7 ਅਪਰੈਲ 1845, ਨੂੰ ਰਾਵੀ ਦੇ ਕੰਢੇ ਆ ਪੁੱਜੇ। ਰਾਜਾ ਲਾਲ ਸਿੰਘ ਜ਼ਰਾ ਤੰਗ-ਦਿਲ ਆਦਮੀ ਸੀ। ਉਸ ਨੂੰ ਇਹ ਖ਼ਾਰ ਸੀ ਕਿ ਗੁਲਾਬ ਸਿੰਘ ਨੇ ਆਪਣੇ ਆਪ ਨੂੰ ਉਸ ਦੇ ਹਵਾਲੇ ਕਿਉਂ ਨਹੀਂ ਕੀਤਾ ਤੇ ਸਰਦਾਰ ਮੇਵਾ ਸਿੰਘ ਦੇ ਲਸ਼ਕਰ ਵਿਚ ਕਿਉਂ ਗਿਆ ਹੈ, ਇਸ ਲਈ ਉਸ ਨੇ ਆਪਣੇ ਮਿੱਤਰ ਵਜ਼ੀਰ ਸਰਦਾਰ ਜਵਾਹਰ ਸਿੰਘ ਨੂੰ ਸਰਦਾਰ ਮੇਵਾ ਸਿੰਘ ਦੇ ਵਿਰੁਧ ਕੁਝ ਪੱਟੀ ਪੜ੍ਹਾ ਦਿੱਤੀ ਤੇ ਜਵਾਹਰ ਸਿੰਘ ਉਸ ਦੇ ਕਹੇ ਲੱਗ ਕੇ ਮੇਵਾ ਸਿੰਘ ਦੇ ਵਿਰੁੱਧ ਹੋ ਗਿਆ ਤੇ ਹੋ ਸਕਦਾ ਹੈ ਉਸ ਨਾਲ ਕੋਈ ਭੈੜਾ ਸਲੂਕ ਵੀ ਕਰਦਾ ਤੇ ਅੱਗਿਓਂ ਬਲਵਾ ਹੋ ਪੈਂਦਾ ਪਰ ਭਾਈ ਰਾਮ ਸਿੰਘ ਨੇ ਵਿਚ ਪੈ ਕੇ ਸਮਝਾਇਆ ਕਿ ਆਪਸ ਵਿਚ ਦੰਗਾ ਫਸਾਦ ਚੰਗਾ ਨਹੀਂ। ਇਸ ਨਾਲ ਸਾਰੇ ਹੀ ਬਰਬਾਦ ਹੋ ਜਾਣਗੇ, ਨਜ਼ਦੀਕ ਹੀ ਸਿਰ ਤੇ ਬੈਠਾ ਹੋਇਆ ਡਾਢਾ ਵੈਰੀ ਮੁਲਕ ਉੱਤੇ ਆ ਕਬਜ਼ਾ ਕਰੇਗਾ, ਤੇ ਇਸ ਤਰ੍ਹਾਂ ਸੁਰਗਬਾਸੀ ਮਹਾਰਾਜਾ ਦੀ ਬਣਾਈ ਹੋਈ ਹਕੂਮਤ, ਸਰਦਾਰੀ ਤੇ ਤਾਜਦਾਰੀ ਸਭ ਖ਼ਾਕ ਹੋ ਜਾਏਗੀ, ਇਸ ਲਈ ਆਪਣੀਆਂ ਜੜ੍ਹਾਂ ਆਪੇ ਪੱਟਣ ਵਾਲੀਆਂ ਫ਼ਸਾਦ ਵਾਲੀਆਂ ਗੱਲਾਂ ਨਾ ਕਰੋ। ਇਨ੍ਹਾਂ ਸ਼ਬਦਾਂ ਨੇ ਸਰਦਾਰ ਜਵਾਹਰ ਸਿੰਘ ਨੂੰ ਜ਼ਰਾ ਟਿਕਾਣੇ ਲੈ ਆਂਦਾ ਅਤੇ ਸਰਦਾਰ ਮੇਵਾ ਸਿੰਘ ਮਜੀਠੀਏ ਸਿਰ ਆ ਰਹੀ ਮੁਸੀਬਤ ਟਲ ਗਈ।[1]

ਜਿਤਨਾ ਸਰਦਾਰ ਜਵਾਹਰ ਸਿੰਘ ਅੜ੍ਹਭ ਸੀ ਉਤਨੀ ਹੀ ਮਹਾਰਾਣੀ ਜਿੰਦ ਕੌਰ ਅਕਲਮੰਦ ਤੇ ਹੁਸ਼ਿਆਰ ਸੀ, ਉਸ ਨੇ 27 ਚੇਤਰ, 7 ਅਪਰੈਲ ਦੀ ਰਾਤ ਨੂੰ ਇਕ ਚਿੱਠੀ ਤੇ ਉਸ ਉੱਤੇ ਕੇਸਰ ਦਾ ਪੰਜਾ ਲਾ ਕੇ ਗੁਲਾਬ ਸਿੰਘ ਨੂੰ ਭੇਜ ਦਿੱਤੀ ਕਿ ਤੇਰੀ ਆਓ ਭਗਤ ਤੇ ਇਜ਼ਤ ਵਿਚ ਕਿਸੀ ਪ੍ਰਕਾਰ ਦਾ ਫ਼ਰਕ ਨਹੀਂ ਆਏਗਾ ਤੇ ਜਾਨ ਮਾਲ ਦੀ ਹਰ ਪ੍ਰਕਾਰ ਰੱਖਿਆ ਕੀਤੀ ਜਾਵੇਗੀ। ਚੁਨਾਂਚਿ ਦੂਸਰੇ ਦਿਨ ਗੁਲਾਬ ਸਿੰਘ ਨੂੰ ਕੰਵਰ ਨੌਨਿਹਾਲ ਸਿੰਘ ਦੀ ਹਵੇਲੀ ਵਿਚ ਉਤਾਰਾ ਦਿੱਤਾ ਗਿਆ ਤੇ ਹਰ ਤਰ੍ਹਾਂ ਉਸ ਦੀ ਖ਼ਾਤਰਦਾਰੀ ਕੀਤੀ ਗਈ।[2]

---

1. *ਉਮਾਦਤੁ-ਤਵਾਰੀਖ਼*, ਦਫ਼ਤਰ 4, ਹਿੱਸਾ 3, ਪੰ. 71-2.
2. *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 3, ਪੰ. 73-4.

ਮਾਲੂਮ ਹੁੰਦਾ ਹੈ ਕਿ ਇਸ ਵੇਲੇ ਕਿਸੇ ਨੇ ਸਰਦਾਰ ਜਵਾਹਰ ਸਿੰਘ ਜਾਂ ਮਹਾਰਾਣੀ ਜਿੰਦ ਕੌਰ ਨੂੰ ਇਹ ਸ਼ੱਕ ਪਾ ਦਿੱਤਾ ਸੀ ਕਿ ਚੂੰਕਿ ਫ਼ੌਜ ਦਾ ਕੁਝ ਹਿੱਸਾ ਰਾਜਾ ਗੁਲਾਬ ਸਿੰਘ ਦਾ ਹਿਮਾਇਤੀ ਹੈ ਇਸ ਲਈ ਸ਼ਾਇਦ ਰਾਜਾ ਗੁਲਾਬ ਸਿੰਘ ਕਿਧਰੇ ਪਹਾੜ ਨੂੰ ਹੀ ਨਾ ਭੱਜ ਜਾਏ। ਪਰ ਚੂੰਕਿ ਸਰਦਾਰ ਸੁਲਤਾਨ ਮੁਹੱਮਦ ਖ਼ਾਨ, ਸਰਦਾਰ ਚਤਰ ਸਿੰਘ ਅਟਾਰੀਵਾਲਾ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਤੇ ਸਰਦਾਰ ਅਤਰ ਸਿੰਘ ਕਾਲਿਆਂਵਾਲੇ ਜਾਣਦੇ ਸਨ ਕਿ ਗੁਲਾਬ ਸਿੰਘ ਭੱਜ ਕੇ ਨਹੀਂ ਜਾਏਗਾ ਜਾਂ ਨਹੀਂ ਜਾਣ ਦਿੱਤਾ ਜਾਏਗਾ, ਇਸ ਲਈ ਉਨ੍ਹਾਂ ਖ਼ੁਦ ਹੀ ਇਨ੍ਹਾਂ ਦੀ ਸ਼ੱਕ ਨੂੰ ਰਫ਼ਾ ਕਰਨ ਲਈ ਜਾਂ ਇਨ੍ਹਾਂ ਦੇ ਕਹਿਣੇ ਤੇ ਹੇਠ ਲਿਖਿਆ ਹਾਜ਼ਰ-ਜ਼ਮਾਨਤ-ਨਾਮਾ 12 ਵਸਾਖ 1902, 22 ਅਪ੍ਰੈਲ 1845, ਨੂੰ ਲਿਖ ਕੇ ਸਰਕਾਰੇ ਦਾਖ਼ਲ ਕਰ ਦਿੱਤਾ।

ਤਰਜਮਾ ਹਾਜ਼ਰ-ਜ਼ਮਾਨਤ-ਨਾਮਾ

ਅਸੀਂ ਸਰਦਾਰ ਸੁਲਤਾਨ ਮੁਹੰਮਦ ਖ਼ਾਨ, ਸਰਦਾਰ ਚਤਰ ਸਿੰਘ ਅਟਾਰੀਵਾਲਾ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਸਰਦਾਰ ਅਤਰ ਸਿੰਘ ਕਾਲਿਆਂਵਾਲਾ ਜੋ ਸਰਕਾਰ ਦੇ ਮੁਲਾਜਿਮ ਹਾਂ ਤਿਸ ਵੇਲੇ ਰਾਜਾ ਸਾਹਿਬ ਰਾਜਾ ਗੁਲਾਬ ਸਿੰਘ ਬਹਾਦੁਰ ਸਿਪਾਹਸਾਲਾਰ ਦੇ ਹਾਜ਼ਰ ਜ਼ਾਮਨ ਹਜ਼ੂਰ ਦੀ ਸੇਵਾ ਵਿਚ ਹੋਏ ਹਾਂ, ਜਿਸ ਵੇਲੇ ਵੀ ਹਜ਼ੂਰ ਸਰਕਾਰ ਦਾ ਹੁਕਮ ਹੋਵੇਗਾ ਹਾਜ਼ਰ ਕਰ ਦਿਆਂਗੇ। ਇਸ ਵਿਚ ਕੋਈ ਉਜ਼ਰ ਨਹੀਂ ਹੈ। ਇਸੇ ਲਈ ਇਹ ਕੁਝ ਸਤਰਾਂ ਹਾਜ਼ਰ-ਜ਼ਾਮਨ ਦੇ ਤਰੀਕੇ ਤੇ ਲਿਖ ਕੇ ਦਿੱਤੀਆਂ ਹਨ ਕਿ ਸਨਦ ਰਹੇ।

ਤਾਰੀਖ਼ 12 ਵਸਾਖ 1902, ਮੁਕਾਮ ਲਾਹੌਰ।

(ਮੋਹਰ) ਸੁਲਤਾਨ ਮੁਹੰਮਦ ਖ਼ਾਨ (ਫ਼ਾਰਸੀ)
(ਮੋਹਰ) ਅਕਾਲ ਸਹਾਇ ਚਤਰ ਸਿੰਘ (ਫ਼ਾਰਸੀ)
(ਮੋਹਰ) ਅਕਾਲ ਸਹਾਇ ਤੋਸ਼ਾਖ਼ਾਨਾ ਮੁਬਾਰਿਕ ਰਾਜਾ ਲਾਲ ਸਿੰਘ (ਫ਼ਾਰਸੀ)
(ਮੋਹਰ) ਅਕਾਲ ਸਹਾਇ ਅਤਰ ਸਿੰਘ ਕਾਲਿਆਂਵਾਲਾ (ਫ਼ਾਰਸੀ)
(ਦਸਖ਼ਤ) ਸਹੀ (ਗੁਰਮੁਖੀ)
(ਦਸਖ਼ਤ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ)
ਸਹੀ (ਗੁਰਮੁਖੀ)
(ਮੋਹਰ) ਭਗਤ ਰਾਮ (ਫ਼ਾਰਸੀ) ਇਤਲਾਹ ਹੋਈ
(ਮੋਹਰ) ਦੀਨਾ ਨਾਥ 1886 (ਫ਼ਾਰਸੀ)
(ਅਲਬਦ) ਭਾਈ ਰਾਮ ਸਿੰਘ ਜੀ
(ਮੋਹਰ) ਸਿਮਰ ਗੋਬਿੰਦ ਭਾਈ ਰਾਮ ਸਿੰਘ 1892 (ਗੁਰਮੁਖੀ)

ਰਾਜਾ ਗੁਲਾਬ ਸਿੰਘ ਚਾਰ ਕੁ ਮਹੀਨੇ ਲਾਹੌਰ ਰਿਹਾ ਤੇ ਅਗਸਤ ਦੇ ਦੂਸਰੇ ਹਫ਼ਤੇ ਜੰਮੂ ਨੂੰ ਵਿਦਿਆ ਕਰ ਦਿੱਤਾ ਗਿਆ। ਇਸ ਅਰਸੇ ਵਿਚ 3 ਜੇਠ 1902, 14 ਮਈ 1845, ਨੂੰ ਸਰਦਾਰ ਜਵਾਹਰ ਸਿੰਘ ਨੂੰ ਵਜ਼ੀਰੀ ਦੀ ਖ਼ਿਲਅਤ ਮਿਲੀ ਤੇ ਉਹ ਪੱਕੀ ਤਰ੍ਹਾਂ ਵਜ਼ੀਰ

ਪ੍ਰਵਾਨ ਕੀਤਾ ਗਿਆ। 22 ਹਾੜ੍ਹ ਮੁਤਾਬਕ 3 ਜੁਲਾਈ 1845 ਨੂੰ ਮਹਾਰਾਜਾ ਦਲੀਪ ਸਿੰਘ ਦੀ ਮੰਗਣੀ ਸਰਦਾਰ ਚਤਰ ਸਿੰਘ ਅਟਾਰੀਵਾਲੇ ਦੀ ਲੜਕੀ ਨਾਲ ਹੋਈ ਤੇ 8 ਸਾਵਨ, 21 ਜੁਲਾਈ, ਨੂੰ ਸਰਦਾਰ ਚਤਰ ਸਿੰਘ ਵੱਲੋਂ ਸ਼ਗਨ ਤੇ ਕਪੜੇ ਆਦਿ ਪੁੱਜੇ ਜਿਸ ਸੰਬੰਧ ਵਿਚ ਹਰ ਪਾਸੇ ਬੜੀ ਖ਼ੁਸ਼ੀ ਮਨਾਈ ਗਈ।[1]

1. *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 3, ਪੰ. 77-80.

# ਵਜ਼ੀਰ ਜਵਾਹਰ ਸਿੰਘ ਦੀ ਮੌਤ

ਪਿੱਛੇ ਲਿਖਿਆ ਜਾ ਚੁੱਕਾ ਹੈ ਕਿ ਮਹਾਰਾਣੀ ਜਿੰਦ ਕੌਰ ਨੇ ਕੰਵਰ ਪਸ਼ੌਰਾ ਸਿੰਘ ਨੂੰ ਚੋਖੀ ਜਾਗੀਰ ਦੇ ਕੇ ਸਿਆਲਕੋਟ ਵੱਲ ਭੇਜ ਦਿੱਤਾ ਸੀ, ਪਰ ਗੁਲਾਬ ਸਿੰਘ ਦੇ ਜੰਮੂ ਨੂੰ ਮੁੜ ਜਾਣ ਦੇ ਛੇਤੀ ਹੀ ਪਿੱਛੋਂ ਉਸ ਨੇ ਫਿਰ ਮਹਾਰਾਜਾ ਦਲੀਪ ਸਿੰਘ ਦੇ ਵਿਰੁੱਧ ਦੌੜ ਭੱਜ ਸ਼ੁਰੂ ਕਰ ਦਿੱਤੀ। ਬਿਨਾ ਕਿਸੇ ਨੂੰ ਦੱਸੇ ਜਾਂ ਸਰਕਾਰ ਲਾਹੌਰ ਦੀ ਆਗਿਆ ਲਏ ਉਹ ਸਤਲੁਜੋਂ ਪਾਰ ਹੋ ਕੇ ਲੁਧਿਆਣੇ ਦੇ ਰਸਤੇ ਅੰਬਾਲੇ ਗਿਆ, ਪਰ ਕਿਹਾ ਜਾਂਦਾ ਹੈ ਕਿ ਅੰਗ੍ਰੇਜ਼ਾਂ ਨੇ ਉਸ ਦੀ ਕੋਈ ਗੱਲ ਨਾ ਸੁਣੀ ਤੇ ਉਹ ਨਿਰਾਸ਼ ਹੋ ਕੇ ਪੰਜਾਬ ਨੂੰ ਮੁੜ ਆਇਆ। ਹੁਣ ਉਸ ਨੂੰ ਆਪਣੀ ਰਿਹਾਇਸ਼ ਆਪਣੀ ਜਾਗੀਰ ਵਿਚ ਮੁਸ਼ਕਲ ਦਿਸੀ, ਇਸ ਲਈ ਦੁਆਬਾ ਜੇਹਲਮ ਨੂੰ ਚਲਾ ਗਿਆ ਤੇ ਕੁਝ ਦਿਨ ਉਥੇ ਠਹਿਰ ਕੇ ਅਟਕ ਦੇ ਕਿਲੇ ਜਾ ਕੇ ਆਕੀ ਹੋ ਬੈਠਾ।

ਜਿਸ ਵੇਲੇ ਇਹ ਖ਼ਬਰਾਂ ਲਾਹੌਰ ਪੁੱਜੀਆਂ ਤਾਂ ਸਰਦਾਰ ਜਵਾਹਰ ਸਿੰਘ ਨੇ ਸਰਦਾਰ ਚਤਰ ਸਿੰਘ ਅਟਾਰੀਵਾਲੇ ਦੀ ਕਮਾਨ ਹੇਠਾਂ ਇਕ ਫ਼ੌਜ ਅਟਕ ਭੇਜੀ ਤਾਂ ਕਿ ਕੰਵਰ ਪਸ਼ੌਰਾ ਸਿੰਘ ਪਾਸੋਂ ਕਿਲਾ ਛੁਡਾ ਲਿਆ ਜਾਵੇ। ਸਰਦਾਰ ਚਤਰ ਸਿੰਘ ਨੇ ਅਟਕ ਪੁੱਜ ਕੇ ਕੰਵਰ ਪਸ਼ੌਰਾ ਸਿੰਘ ਨਾਲ ਮੁਲਾਕਾਤ ਕੀਤੀ ਤੇ ਉਸ ਨੂੰ ਸਮੰਝਾਇਆ ਕਿ ਤੁਸੀਂ ਆਪਣੇ ਪੁਰਾਣੇ ਇਲਾਕੇ ਵਿਚ ਚਲੇ ਜਾਓ ਤੇ ਆਰਾਮ ਚੈਨ ਨਾਲ ਜ਼ਿੰਦਗੀ ਗੁਜ਼ਾਰੋ; ਮਹਾਰਾਜਾ ਸਾਹਿਬ ਦੇ ਰਾਜ ਵਿਚ ਫ਼ਸਾਦ ਪੈਦਾ ਕਰਨਾ ਚੰਗਾ ਨਹੀਂ, ਕਿਉਂਕਿ ਇਹ ਆਪਣੀ ਜੜ੍ਹ ਆਪ ਪੱਟਣ ਵਾਲੀ ਗੱਲ ਹੈ। ਕੰਵਰ ਸਾਹਿਬ ਨੇ ਸਰਦਾਰ ਚਤਰ ਸਿੰਘ ਦੀ ਇਹ ਗੱਲ ਪ੍ਰਵਾਨ ਕਰ ਲਈ ਤੇ ਕੌਲ ਇਕਰਾਰ ਤੇ ਪੱਕੇ ਹੋਣ ਦਾ ਬਚਨ ਲੈ ਕੇ 30 ਅਗਸਤ ਨੂੰ ਕਿਲਾ ਖ਼ਾਲੀ ਕਰ ਦਿੱਤਾ ਤੇ ਨਾਲ ਦੀ ਇਕ ਸਰਾਂ ਵਿਚ ਡੇਰਾ ਕਰ ਲਿਆ। ਸਰਦਾਰ ਚਤਰ ਸਿੰਘ ਨੇ ਕੰਵਰ ਸਾਹਿਬ ਨਾਲ ਹੋਈ ਸਾਰੀ ਗੱਲ-ਬਾਤ ਲਾਹੌਰ ਸਰਦਾਰ ਜਵਾਹਰ ਸਿੰਘ ਨੂੰ ਲਿਖ ਭੇਜੀ। ਸਰਦਾਰ ਜਵਾਹਰ ਸਿੰਘ ਇਹ ਖ਼ਬਰ ਸੁਣ ਕੇ ਬੜਾ ਖ਼ੁਸ਼ ਹੋਇਆ ਤੇ ਇਨਾਮ ਆਦਿ ਦਾ ਲਾਲਚ ਦੇ ਕੇ ਖ਼ੁਫ਼ੀਆ ਤੌਰ ਤੇ ਕੁਝ ਆਪਣੇ ਆਦਮੀ ਭੇਜ ਦਿੱਤੇ ਕਿ ਜਿਵੇਂ ਹੋ ਸਕੇ ਅਟਕ ਜਾ ਕੇ ਕੰਵਰ ਪਸ਼ੌਰਾ ਸਿੰਘ ਦੀ ਅਲਖ ਮੁਕਾਉਣ। ਚੁਨਾਂਚਿ ਇਨ੍ਹਾਂ ਆਦਮੀਆਂ ਨੇ ਅਟਕ ਜਾ ਕੇ ਕੰਵਰ ਸਾਹਿਬ ਨੂੰ ਪਾਰ ਬੁਲਾਇਆ।[1]

---

1. *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 3, ਪੰਨਾ 81. ਕੁੱਝ ਲਿਖਾਰੀਆਂ ਨੇ ਇਸ ਕਾਰੇ ਵਿਚ ਫ਼ਤਿਹ ਖ਼ਾਨ ਟਿਵਾਣੇ ਦਾ ਹੱਥ ਹੋਣਾ ਲਿਖਿਆ ਹੈ ਤੇ ਕੁਝ ਕੁ ਨੇ ਸਰਦਾਰ ਚਤਰ ਸਿੰਘ ਨੂੰ ਨਾਲ ਲਪੇਟਿਆ ਹੈ ਪਰ ਅਸੀ ਇਸ ਮਾਮਲੇ ਵਿਚ ਸੋਹਨ ਲਾਲ ਨੂੰ ਜ਼ਿਆਦਾ ਭਰੋਸੇਯੋਗ ਸਮਝਦੇ ਹਾਂ।

ਜਿਸ ਵੇਲੇ ਕੰਵਰ ਪਸ਼ੌਰਾ ਸਿੰਘ ਦੇ ਮਾਰੇ ਜਾਣ ਦੀ ਖ਼ਬਰ ਲਾਹੌਰ ਪੁੱਜੀ ਤਾਂ ਉਸ ਵੇਲੇ ਫ਼ੌਜਾਂ ਵਿਚ ਵਜ਼ੀਰ ਜਵਾਹਰ ਸਿੰਘ ਦੇ ਵਿਰੁੱਧ ਗੁੱਸੇ ਦੀ ਅੱਗ ਭੜਕ ਉਠੀ। ਚੁਨਾਂਚਿ ਫ਼ੌਜੀ ਪੰਚਾਂ ਵਿਚੋਂ ਕੁਝ ਅਫ਼ਸਰ ਮਹਾਰਾਣੀ ਜਿੰਦ ਕੌਰ ਪਾਸ ਆਏ ਅਤੇ ਫ਼ੌਜਾਂ ਦੀ ਨਾਰਾਜ਼ਗੀ ਦਾ ਜ਼ਿਕਰ ਕੀਤਾ ਜਿਸ ਤੋਂ ਮਹਾਰਾਣੀ ਸਾਹਿਬਾ ਨੂੰ ਹਾਲਾਤ ਦੇ ਵਿਗੜ ਜਾਣ ਦਾ ਬੜਾ ਤੌਖ਼ਲਾ ਹੋਇਆ।

6 ਅੱਸੂ ਸੰਮਤ 1902, ਦਿਨ ਸ਼ੁਕਰਵਾਰ, 19 ਸਤੰਬਰ 1845, ਨੂੰ ਜਦ ਰਾਜਾ ਲਾਲ ਸਿੰਘ, ਦੀਵਾਨ ਦੀਨਾ ਨਾਥ, ਬਖ਼ਸ਼ੀ ਭਗਤ ਰਾਮ, ਸਰਦਾਰ ਅਤਰ ਸਿੰਘ ਕਾਲਿਆਂਵਾਲਾ ਤੇ ਖ਼ਲੀਫ਼ਾ ਨੂਰਦੀਨ ਪਲਟਣਾਂ ਨੂੰ ਸਮਝਾਉਣ ਲਈ ਉਨ੍ਹਾਂ ਦੀਆਂ ਲੈਨਾਂ ਵਿਚ ਗਏ ਤਾਂ ਫ਼ੌਜੀ ਅਫ਼ਸਰਾਂ ਨੇ ਜਮਾ ਹੋ ਕੇ ਕੰਵਰ ਪਸ਼ੌਰਾ ਸਿੰਘ ਦੇ ਮਾਰੇ ਜਾਣ ਬਾਬਤ ਬੜਾ ਗੁੱਸਾ ਜ਼ਾਹਰ ਕੀਤਾ ਤੇ ਪੁੱਛ-ਪ੍ਰਤੀਤ ਕੀਤੀ ਕਿ ਇਸ ਦੀ ਜ਼ੁੰਮੇਵਾਰੀ ਠੀਕ ਕਿਸ ਦੇ ਸਿਰ ਹੈ। ਇਹ ਸਾਰੀ ਗੱਲ ਖ਼ਲੀਫ਼ਾ ਨੂਰਦੀਨ ਨੇ ਮਹਾਰਾਣੀ ਸਾਹਿਬਾ ਨੂੰ ਆ ਸਮਝਾਈ। ਦੂਸਰੇ ਦਿਨ ਸਵੇਰੇ ਸਾਰੇ ਵੱਡੇ ਵੱਡੇ ਫ਼ੌਜੀ ਪੰਚ ਅਫ਼ਸਰ ਕਿਲੇ ਹਾਜ਼ਰ ਹੋਏ ਤੇ ਬੇਨਤੀ ਕੀਤੀ ਕਿ ਮਹਾਰਾਣੀ ਸਾਹਿਬਾ ਸਾਡੇ ਨਾਲ ਚਲ ਕੇ ਲੈਨ ਵਿਚ ਦਰਸ਼ਨ ਦੇਣ। ਉੱਤਰ ਵਿਚ ਮਹਾਰਾਣੀ ਸਾਹਿਬਾ ਨੇ ਹੁਕਮ ਦਿੱਤਾ ਕਿ ਅੱਜ ਦਾ ਦਿਨ ਰਹਿਣ ਦਿੱਤਾ ਜਾਏ ਤੇ ਕੱਲ ਉਹ ਸਰਦਾਰ ਜਵਾਹਰ ਸਿੰਘ ਨੂੰ ਨਾਲ ਲੈ ਕੇ ਲੈਨ ਵਿਚ ਆਵੇਗੀ।

ਇਸ ਵੇਲੇ ਗੁਲਾਬ ਸਿੰਘ ਡੋਗਰੇ ਨੇ ਚੰਗਾ ਮੌਕਾ ਤਾੜ ਦੇ ਆਪਣੀ ਚਾਲ ਚਲਣੀ ਆਰੰਭ ਦਿੱਤੀ। ਉਸ ਨੇ ਮੀਆਂ ਪਿਰਥੀ ਸਿੰਘ ਤੇ ਦੂਸਰੇ ਰਾਜਪੂਤਾਂ ਨੂੰ ਬੁਲਾ ਕੇ ਆਖਿਆ ਕਿ ਜਿਵੇਂ ਹੋ ਸਕੇ ਜਵਾਹਰ ਸਿੰਘ ਨੂੰ ਮਾਰ ਮੁਕਾਉਣ ਲਈ ਯਤਨ ਕਰਨ। ਚੁਨਾਂਚਿ ਮੀਆਂ ਪਿਰਥੀ ਸਿੰਘ ਤੇ ਉਸ ਦੇ ਡੋਗਰੇ ਸਾਥੀ ਲਾਹੌਰ ਪੁੱਜੇ ਤੇ ਸਿੰਘਾਂ ਦੀਆਂ ਪਲਟਣਾਂ ਵਿਚ ਮਿਲ ਕੇ ਸਰਦਾਰ ਜਵਾਹਰ ਸਿੰਘ ਦੇ ਵਿਰੁੱਧ ਧੁਖ ਰਹੀ ਅੱਗ ਤੇਜ਼ ਮਚਾ ਦਿੱਤੀ।

8 ਅੱਸੂ ਸੰਮਤ 1902, ਦਿਨ ਐਤਵਾਰ, 21 ਸਤੰਬਰ 1845, ਨੂੰ ਸਵੇਰੇ ਹੀ ਮਹਾਰਾਣੀ ਸਾਹਿਬਾ ਨੂੰ ਨਾਲ ਲੈ ਚਲਣ ਲਈ ਫ਼ੌਜੀ ਅਫ਼ਸਰ ਕਿਲੇ ਆ ਪੁੱਜੇ, ਪਰ ਤਿਆਰ ਹੁੰਦੇ ਹੁੰਦੇ ਉਨ੍ਹਾਂ ਨੂੰ ਲੋਢਾ ਵੇਲਾ ਹੋ ਗਿਆ। ਉਧਰ ਪਲਟਣਾਂ ਕਾਹਲੀਆਂ ਪੈ ਰਹੀਆਂ ਸਨ। ਹੁੰਦੀ ਜਾ ਰਹੀ ਦੇਰ ਦੀ ਖ਼ਬਰ ਸੁਣ ਕੇ ਪਲਟਣਾਂ ਨੇ ਜਰਨੈਲੀ ਕਰ ਦਿੱਤੀ। ਜਰਨੈਲੀ ਦੇ ਬਿਗਲ ਸੁਣ ਕੇ ਮਹਾਰਾਣੀ ਸਾਹਿਬ ਨੇ ਝਟਪਟ ਸਰਦਾਰ ਜਵਾਹਰ ਸਿੰਘ ਤੇ ਮਹਾਰਾਜਾ ਦਲੀਪ ਸਿੰਘ ਨੂੰ ਨਾਲ ਲੈ ਕੇ ਪਲਟਣਾਂ ਦੀਆਂ ਲੈਨਾਂ ਵੱਲ ਨੂੰ ਕੂਚ ਕੀਤਾ। ਇਸ ਵੇਲੇ ਕੁਝ ਪਲਟਣਾਂ ਦਿੱਲੀ ਦਰਵਾਜ਼ੇ ਪਾਸ ਮੌਜੂਦ ਸਨ ਤੇ ਕੁਝ ਕਿਲੇ ਵੱਲ ਨੂੰ ਵੱਧ ਰਹੀਆਂ ਸਨ। ਸਰਦਾਰ ਜਵਾਹਰ ਸਿੰਘ ਤੇ ਮਹਾਰਾਜਾ ਦਲੀਪ ਸਿੰਘ ਇਕ ਹਾਥੀ ਉੱਤੇ ਸਵਾਰ ਸਨ ਤੇ ਮਹਾਰਾਣੀ ਸਾਹਿਬਾ ਦੂਸਰੇ ਉੱਤੇ। ਪਲਟਣਾਂ ਨੂੰ ਮਿਲਣ ਤੇ ਮਹਾਰਾਣੀ ਸਾਹਿਬਾ ਨੇ ਆਖਿਆ ਕਿ ਉਨ੍ਹਾਂ ਦਾ ਭਰਾ ਜਵਾਹਰ ਸਿੰਘ ਗੁਨਾਹਗਾਰ ਹੈ, ਪਰ ਹੁਣ ਉਹ ਉਨ੍ਹਾਂ ਦੀ ਸ਼ਰਨ ਆ ਗਿਆ ਹੈ। ਇਸ ਲਈ ਫ਼ੌਜਾਂ ਕਿਰਪਾ ਕਰ ਕੇ ਉਸ ਨੂੰ ਮਾਫ਼ ਕਰ ਦੇਣ। ਅੱਗੇ ਨੂੰ ਉਹ ਕੋਈ ਐਸੀ ਗੱਲ ਨਹੀਂ ਕਰੇਗਾ ਜਿਸ ਨਾਲ ਪਲਟਣਾਂ ਨੂੰ ਨਾਰਾਜ਼ਗੀ ਦਾ ਕੋਈ

ਮੌਕਾ ਹੋਵੇ, ਪਰ ਡੋਗਰਿਆਂ ਗੁਲਾਬ ਸਿੰਘ ਵੱਲੋਂ ਭੇਜੇ ਗਏ ਮੀਆਂ ਪਿਰਥੀ ਸਿੰਘ ਆਦਿ ਨੇ ਇਤਨਾ ਚੜ੍ਹਾਵਾ ਚੜ੍ਹਾਇਆ ਹੋਇਆ ਸੀ ਕਿ ਭੜਕਾਏ ਹੋਏ ਬੰਦਿਆਂ ਉੱਤੇ ਕਿਸੇ ਗੱਲ ਦਾ ਕੋਈ ਅਸਰ ਨਾ ਹੋਇਆ। ਵਿਚੋਂ ਕਿਸੇ ਨੇ ਸਰਦਾਰ ਜਵਾਹਰ ਸਿੰਘ ਵਾਲੇ ਹਾਥੀ ਨੂੰ ਬਿਠਾਉਣ ਲਈ ਲਲਕਾਰਾ ਮਾਰਿਆ। ਮਹਾਬਤ ਦੇ ਹਾਥੀ ਨੂੰ ਬਿਠਾਉਣ ਦੀ ਦੇਰ ਸੀ ਕਿ ਮਹਾਰਾਜਾ ਦਲੀਪ ਸਿੰਘ ਨੂੰ ਜਵਾਹਰ ਸਿੰਘ ਦੀ ਗੋਦ ਵਿਚੋਂ ਲੈ ਲਿਆ ਗਿਆ। ਇਸ ਵੇਲੇ ਸਰਦਾਰ ਜਵਾਹਰ ਸਿੰਘ ਨੇ ਕੁਝ ਬੋਲਣ ਦਾ ਯਤਨ ਕੀਤਾ ਪਰ ਰੌਲੇ ਵਿਚ ਕਿਸੇ ਨੇ ਸੰਗੀਨ ਉਸ ਦੀ ਖੱਬੀ ਵੱਖੀ ਵਿਚ ਕੱਢ ਮਾਰੀ। ਉਹ ਸੱਜੇ ਪਾਸੇ ਨੂੰ ਮੁੜਿਆ ਹੀ ਸੀ ਕਿ ਸਾੜ ਕਰਦੀ ਇਕ ਗੋਲੀ ਆ ਵੱਜੀ ਤੇ ਉਹ ਪਾਰ ਬੋਲ ਗਿਆ। ਭਰਾ ਨੂੰ ਅੱਖਾਂ ਅੱਗੇ ਕੋਹ ਹੋਇਆ ਵੇਖ ਕੇ ਮਹਾਰਾਣੀ ਜਿੰਦ ਕੌਰ ਨੇ ਬੜਾ ਵਰਲਾਪ ਕੀਤਾ, ਪਰ ਬਣ ਕੀ ਸਕਦਾ ਸੀ। ਹੁੰਦਾ ਉਹੀ ਹੈ ਜੋ ਕੁਦਰਤ ਨੂੰ ਮਨਜ਼ੂਰ ਹੁੰਦਾ ਹੈ।[1]

ਦੂਸਰੇ ਦਿਨ 9 ਅੱਸੂ ਸੰਮਤ 1902, 22 ਸਤੰਬਰ 1845, ਦਿਨ ਸੋਮਵਾਰ ਨੂੰ ਮਹਾਰਾਣੀ ਜਿੰਦ ਕੌਰ ਪਾਸ ਖ਼ਾਲਸੇ ਨੇ ਮੰਨ ਲਿਆ ਕਿ ਉਨ੍ਹਾਂ ਨੇ ਸਰਦਾਰ ਜਵਾਹਰ ਸਿੰਘ ਨੂੰ ਮਾਰਨ ਦਾ ਕਾਰਾ ਮੀਆਂ ਪਿਰਥੀ ਸਿੰਘ (ਜੋ ਗੁਲਾਬ ਸਿੰਘ ਵੱਲੋਂ ਭੇਜਿਆ ਗਿਆ ਹੋਇਆ ਸੀ) ਦੇ ਕਹੇ ਤੇ ਕੀਤਾ ਹੈ, ਪਰ ਹੁਣ ਉਹ ਹਰ ਤਰ੍ਹਾਂ ਮਹਾਰਾਣੀ ਸਾਹਿਬਾ ਦੀ ਆਗਿਆ ਵਿਚ ਰਹਿਣਗੇ। ਮਹਾਰਾਣੀ ਸਾਹਿਬਾ ਨੇ ਹੁਕਮ ਕੀਤਾ ਕਿ ਹਕੂਮਤ ਦਾ ਕਾਰੋਬਾਰ ਉਹ ਆਪਣੇ ਹੱਥ ਵਿਚ ਲੈ ਲਏਗੀ ਤੇ ਦੀਵਾਨ ਦੀਨਾ ਨਾਥ ਤੇ ਸਰਦਾਰਾਂ ਦੀ ਸਲਾਹ ਨਾਲ ਸਾਰਾ ਪ੍ਰਬੰਧ ਕੀਤਾ ਜਾਏਗਾ ਅਤੇ ਸਰਕਾਰੀ ਪਰਵਾਨਿਆਂ ਉੱਤੇ ਮਹਾਰਾਣੀ ਸਾਹਿਬਾ ਖ਼ੁਦ ਆਪਣੀ ਸਹੀ ਪਾਇਆ ਕਰੇਗੀ।[2]

ਹੁਣ ਮਹਾਰਾਣੀ ਨੂੰ ਵਜ਼ੀਰੀ ਦੀ ਪਦਵੀ ਸੰਬੰਧੀ ਫ਼ੈਸਲਾ ਕਰਨ ਵਿਚ ਕੁਝ ਔੜਕ ਜਹੀ ਜਾਪੀ। ਇਸ ਵੇਲੇ ਸਰਦਾਰ ਮਿੱਸਰ ਤੇਜ ਸਿੰਘ ਵੀ ਪਸ਼ੌਰੋਂ ਲਾਹੌਰ ਆ ਗਿਆ ਸੀ। ਇਸ ਲਈ ਇਸ ਵੇਲੇ ਤਿੰਨ ਆਦਮੀ ਵਜ਼ੀਰੀ ਦੇ ਉਮੀਦਵਾਰ ਸਨ, ਰਾਜਾ ਗੁਲਾਬ ਸਿੰਘ, ਮਿੱਸਰ ਲਾਲ ਸਿੰਘ ਅਤੇ ਮਿੱਸਰ ਤੇਜ ਸਿੰਘ, ਇਹ ਤਿੰਨੇ ਆਪਣੇ ਆਪਣੇ ਢੰਗ ਨਾਲ ਤਾਕਤ ਹਾਸਲ ਕਰਨ ਦੇ ਯਤਨਾਂ ਵਿਚ ਸਨ ਤੇ ਵੇਲੇ ਦੇ ਹਾਲਾਤ ਨੂੰ ਸਾਮ੍ਹਣੇ ਰੱਖ ਕੇ ਵਜ਼ੀਰੀ ਲਈ ਇਨ੍ਹਾਂ ਤਿੰਨਾਂ ਵਿਚੋਂ ਕਿਸੀ ਦੇ ਹੱਕ ਵਿਚ ਫ਼ੈਸਲਾ ਕਰ ਸਕਣਾ ਬੜਾ ਮੁਸ਼ਕਲ ਤੇ ਮੁਸ਼ਕਲਾਂ ਵਾਲਾ ਸੀ। ਇਸ ਲਈ ਮਹਾਰਾਣੀ ਜਿੰਦ ਕੌਰ ਨੇ ਵੀ ਉਹੀ ਤਰੀਕਾ ਵਰਤਿਆ ਜਿਹੜਾ ਕਿ ਕਈ ਵਾਰੀ ਮਹਾਰਾਜਾ ਰਣਜੀਤ ਸਿੰਘ ਵਰਤਿਆ ਕਰਦੇ ਸਨ। ਇਹ ਤਰੀਕਾ ਸੀ ਪਰਚੀਆਂ ਪਾ ਕੇ ਫ਼ੈਸਲਾ ਕਰ ਲੈਣ ਦਾ। ਚੁਨਾਂਚਿ ਪੰਜ ਪਰਚੀਆਂ ਬਣਾਈਆਂ ਗਈਆਂ ਜਿਨ੍ਹਾਂ ਵਿਚੋਂ ਦੋ ਖ਼ਾਲੀ ਰਖੀਆਂ ਅਤੇ ਬਾਕੀ ਤਿੰਨਾਂ ਉੱਤੇ ਗੁਲਾਬ ਸਿੰਘ, ਤੇਜ ਸਿੰਘ ਤੇ ਲਾਲ ਸਿੰਘ ਦੇ ਨਾਮ ਲਿਖੇ ਗਏ। ਪਰਚੀਆਂ ਕੱਢਣ ਦਾ ਕੰਮ

1. ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ 4, ਹਿੱਸਾ 3, ਪੰਨਾ 82-86 : ਮੁਹੰਮਦ ਲਤੀਫ਼, *ਹਿਸਟਰੀ ਆਫ਼ ਦੀ ਪੰਜਾਬ*, 553-56.
2. ਸੋਹਨ ਲਾਲ, ਦਫ਼ਤਰ 4, ਹਿੱਸਾ 3, ਪੰਨਾ 86.

ਬਾਲਕ ਮਹਾਰਾਜਾ ਦਲੀਪ ਸਿੰਘ ਨੇ ਕੀਤਾ ਅਤੇ ਚੂੰਕਿ ਲਾਲ ਸਿੰਘ ਦੀ ਪਰਚੀ ਨਿਕਲ ਆਈ ਇਸ ਲਈ ਉਸੇ ਨੂੰ ਵਜ਼ੀਰ ਮੰਨ ਲਿਆ ਗਿਆ। ਪਰ ਫ਼ੌਜਾਂ ਬਹੁਤ ਉਸ ਦੇ ਹੱਕ ਵਿਚ ਨਹੀਂ ਸਨ। ਇਸ ਲਈ ਰਾਜ ਦਾ ਬਹੁਤ ਸਾਰਾ ਕੰਮ ਮਹਾਰਾਣੀ ਨੇ ਆਪਣੇ ਹੱਥਾਂ ਵਿਚ ਲੈ ਲਿਆ।[1]

1. ਥੋਰਨਟਨ, *ਹਿਸਟਰੀ ਔਫ ਦੀ ਪੰਜਾਬ*, ਜਿਲਦ 2, ਪੰਨਾ 326-27.

# ਕਕਰਾਲੇ ਤੋਂ ਵਾਪਸ

ਸਰਦਾਰ ਜਵਾਹਰ ਸਿੰਘ ਦੀ ਮੌਤ ਦੇ ਛੇਤੀ ਹੀ ਬਾਅਦ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੇ ਲੜਕੇ ਸਰਦਾਰ ਕਾਹਨ ਸਿੰਘ ਦੇ ਵਿਆਹ ਦੀ ਤਾਰੀਖ਼ ਸੀ। ਇਸ ਵੇਲੇ ਸਰਦਾਰ ਸ਼ਾਮ ਸਿੰਘ ਦਾ ਇਹ ਇਕੱਲਾ ਹੀ ਲੜਕਾ ਸੀ। ਵੱਡਾ ਲੜਕਾ ਸਰਦਾਰ ਠਾਕਰ ਸਿੰਘ ਸੰਨ 1842 ਵਿਚ ਸੁਰਗਵਾਸ ਹੋ ਚੁੱਕਾ ਸੀ। ਇਕਲੌਤੀ ਲੜਕੀ ਬੀਬੀ ਨਾਨਕੀ ਕੰਵਰ ਨੌਨਿਹਾਲ ਸਿੰਘ ਦੀ ਧਰਮ-ਪਤਨੀ ਵਿਧਵਾ ਹੋ ਚੁੱਕੀ ਹੋਈ ਸੀ। ਲਾਹੌਰ ਵਿਚ ਵਰਤੇ ਗਏ ਇਸ ਨਵੇਂ ਭਾਣੇ ਦੇ ਕਾਰਨ ਪਤਾ ਨਹੀਂ ਸੀ ਹਾਲਾਤ ਹੋਰ ਵੀ ਪਲਟਾ ਖਾ ਜਾਣ ਤੇ ਸਰਦਾਰ ਕਾਹਨ ਸਿੰਘ ਦੀ ਸ਼ਾਦੀ ਵਿਚ ਹੀ ਕੋਈ ਵਿਘਨ ਆ ਪਵੇ। ਇਸ ਲਈ ਸਰਦਾਰ ਸ਼ਾਮ ਸਿੰਘ ਨੇ ਇਸ ਖ਼ੂਨ ਖ਼ਰਾਬੇ ਦੇ ਅਖ਼ਾੜੇ ਤੋਂ ਜ਼ਰਾ ਪਰੇ ਹੋ ਕੇ ਸ਼ਾਦੀ ਨੂੰ ਨਜਿੱਠ ਲੈਣ ਦੀ ਸਲਾਹ ਕੀਤੀ ਤੇ ਸਤਲੁਜੋਂ ਪਾਰ ਆਪਣੀ ਜਾਗੀਰ ਵਿਚ ਪਿੰਡ ਕਕਰਾਲੇ ਚਲੇ ਗਏ।[1]

ਸ਼ਾਦੀ ਦਾ ਕਾਰਜ ਹੋਏ ਨੂੰ ਥੋੜ੍ਹਾ ਚਿਰ ਹੀ ਹੋਇਆ ਸੀ ਕਿ ਸਿੰਘਾਂ ਤੇ ਅੰਗਰੇਜ਼ਾਂ ਦੀ ਜੰਗ ਛਿੜ ਪਈ। ਇਸ ਲਈ ਸਰਦਾਰ ਸ਼ਾਮ ਸਿੰਘ ਦੀ ਗ਼ੈਰਤ ਨੇ ਗਵਾਰਾ ਨਾ ਕੀਤਾ ਕਿ ਉਹ ਹੁਣ ਪੰਜਾਬ ਤੋਂ ਬਾਹਰ ਰਹਿਣ। ਇਸ ਲਈ ਉਹ ਆਪਣੇ ਪਿੰਡ ਅਟਾਰੀ ਨੂੰ ਮੁੜ ਆਏ। ਸਰ ਲੈਪਲ ਗ੍ਰਿਫਿਨ ਲਿਖਦਾ ਹੈ ਕਿ ਸਰਦਾਰ ਸ਼ਾਮ ਸਿੰਘ ਦੀ ਬਹਾਦੁਰੀ ਉੱਤੇ ਤਾਂ ਕਿਸੇ ਨੂੰ ਸ਼ੱਕ ਹੋ ਹੀ ਨਹੀਂ ਸੀ ਸਕਦਾ, ਪਰ ਜਿਨ੍ਹਾਂ ਹਾਲਾਤ ਵਿਚ ਦੋਨਾਂ ਪਾਸਿਆਂ ਤੋਂ ਲੜਾਈ ਛਿੜੀ ਸੀ ਤੇ ਜਿਵੇਂ ਨਾਲਾਇਕ ਤੇ ਬੇਈਮਾਨ ਆਦਮੀਆਂ ਦੀ ਅਗਵਾਈ ਹੇਠਾਂ ਫ਼ੌਜ ਮੌਤ ਦੇ ਮੂੰਹ ਧੱਕੀ ਜਾ ਰਹੀ ਸੀ ਉਸ ਨੂੰ ਸਰਦਾਰ ਸ਼ਾਮ ਸਿੰਘ ਦੁੱਖ ਤੇ ਅਫ਼ਸੋਸ ਨਾਲ ਦੇਖ ਰਿਹਾ ਸੀ ਤੇ ਉਹ ਇਸ ਤਰ੍ਹਾਂ ਦੀ ਲੜਾਈ ਦੇ ਵਿਰੁੱਧ ਸੀ, ਇਸ ਕਰਕੇ ਚੁੱਪ ਚਾਪ ਅਟਾਰੀ ਵਿਚ ਬੈਠਾ ਸੀ। ਇਸ ਪਾਸੇ ਅੰਗਰੇਜ਼ਾਂ ਨੇ ਚਾਰ ਸਾਲ ਤੋਂ ਤਿਆਰੀ ਕੀਤੀ ਹੋਈ ਸੀ, ਮੇਰਠ, ਸਹਾਰਨਪੁਰ, ਅੰਬਾਲਾ ਤੇ ਕਰਨਾਲ ਦੀਆਂ ਛੌਣੀਆਂ ਆਦਮੀਆਂ, ਜੰਗੀ ਸਮਾਨ ਤੇ ਰਸਦ ਪੱਠੇ ਨਾਲ ਭਰੀਆਂ ਹੋਈਆਂ ਸਨ, ਅਤੇ ਖ਼ੁਦ ਗਵਰਨਰ ਸਰ ਹੈਨਰੀ ਹਾਰਡਿੰਗ ਤੇ ਕਮਾਂਡਰ-ਇਨ ਚੀਫ਼ ਸਰ ਹੀਊ ਗੋਫ਼ ਇਕ ਤਕੜੀ ਤੇ ਮੁਕੰਮਲ ਤੌਰ ਤੇ ਤਿਆਰ ਕੀਤੀ ਹੋਈ ਫ਼ੌਜ ਦੀ ਕਮਾਨ ਕਰ ਰਹੇ ਸਨ। ਦੂਸਰੇ ਪਾਸੇ ਸਰਕਾਰ ਲਾਹੌਰ ਦੀ

1. ਹਾਦੀ ਹਸਨ ਤੇ ਰੱਜਬ ਅਲੀ, *ਰਾਈਸਾਨਿ-ਪੰਜਾਬ*, 65; ਗ੍ਰਿਫ਼ਿਨ, *ਪੰਜਾਬ ਚੀਫ਼ਸ*, ਜਿਲਦ ਪਹਿਲੀ, 242.

ਫ਼ੌਜੀ ਤਿਆਰੀ ਦੀ ਹਾਲਤ ਇਸ ਦੇ ਬਿਲਕੁਲ ਉਲਟ ਸੀ। ਦੋ ਤਿੰਨ ਮਹੀਨੇ ਪਹਿਲਾਂ ਆਮ ਤੌਰ ਤੇ ਲਾਹੌਰ ਵਿਚ ਕਿਸੇ ਨੂੰ ਖ਼ਿਆਲ ਵੀ ਨਹੀਂ ਸੀ ਕਿ ਅੰਗਰੇਜ਼ਾਂ ਨਾਲ ਜੰਗ ਲੱਗ ਪਏਗੀ ਇਸ ਲਈ ਕਿਸੇ ਨੇ ਤਿਆਰੀ ਕੀ ਕਰਨੀ ਸੀ ਤੇ ਜਿਨ੍ਹਾਂ ਅਫ਼ਸਰਾਂ ਨੂੰ ਕੁਝ ਪਤਾ ਸੀ ਉਹ ਚੂੰਕਿ ਪੰਜਾਬ ਤੋਂ ਬਾਹਰ ਦੇ ਰਹਿਣ ਵਾਲੇ ਸਨ ਤੇ ਇਥੇ ਨੌਕਰੀ ਕਰ ਕੇ ਰੁਪਈਆ ਕਮਾਉਣ ਲਈ ਆਏ ਹੋਏ ਸਨ ਇਸ ਲਈ ਉਨ੍ਹਾਂ ਨੂੰ ਪੰਜਾਬ ਨਾਲ ਕੀ ਪਿਆਰ ਹੋ ਸਕਦਾ ਸੀ। ਉਨ੍ਹਾਂ ਨੂੰ ਜਿੱਧਰੋਂ ਆਪਣੀ ਆਮਦਨੀ ਦੇ ਪੱਕੇ ਰਹਿਣ ਤੇ ਗੱਫ਼ੇ ਮਿਲਣ ਦੀ ਉਮੀਦ ਹੋਈ ਓਧਰ ਹੀ ਰਲ ਗਏ। ਇਸ ਵੇਲੇ ਲਾਲ ਸਿੰਘ ਸਰਕਾਰ ਲਾਹੌਰ ਦਾ ਵਜ਼ੀਰ ਸੀ ਤੇ ਤੇਜ ਸਿੰਘ ਫ਼ੌਜਾਂ ਦਾ ਕਮਾਂਡਰ-ਇਨ ਚੀਫ਼, ਜਿਸ ਨੂੰ ਕਿ ਲਾਲ ਸਿੰਘ ਵਜ਼ੀਰ ਨੇ ਪਸ਼ੌਰੋਂ ਬੁਲਾਇਆ ਸੀ। ਇਹ ਦੋਨੋਂ ਹੀ ਅੰਦਰੋਂ ਅੰਦਰੋਂ ਈਸਟ ਇੰਡੀਆ ਕੰਪਨੀ ਦੇ ਅਫ਼ਸਰਾਂ ਨਾਲ ਰਲੇ ਹੋਏ ਸਨ ਤੇ ਚਾਹੁੰਦੇ ਸਨ ਕਿ ਕੰਪਨੀ ਨਾਲ ਟਾਕਰੇ ਵਿਚ ਸਿੱਖ ਫ਼ੌਜ ਨੂੰ ਹਾਰ ਹੋ ਜਾਏ।[1]

ਇਨ੍ਹਾਂ ਹਾਲਾਤ ਵਿਚ ਕੋਈ ਪੇਸ਼ ਨਾ ਚਲਦੀ ਦੇਖ ਕੇ ਸਰਦਾਰ ਸ਼ਾਮ ਸਿੰਘ ਚੁੱਪ ਚਾਪ ਆਪਣੇ ਪਿੰਡ ਅਟਾਰੀ ਬੈਠਾ ਸੀ ਪਰ ਫੇਰੂ ਸ਼ਹਿਰ ਦੀ ਲੜਾਈ ਵਿਚ ਰਾਜਾ ਲਾਲ ਸਿੰਘ ਦੀ ਹਾਰ ਦੇ ਪਿੱਛੋਂ ਜਦ ਮਹਾਰਾਣੀ ਜਿੰਦ ਕੌਰ ਨੇ ਤਾਗੀਦੇ ਸੁਨੇਹੇ ਉੱਪਰੋ-ਥਲੀ ਭੇਜਣੇ ਸ਼ੁਰੂ ਕੀਤੇ ਤਾਂ ਉਹ ਜੰਗ ਦੇ ਮੈਦਾਨ ਵਿਚ ਪੁੱਜ ਗਿਆ ਅਤੇ ਧਰਮੀ ਸੂਰਮਿਆਂ ਵਾਂਙੂ ਸਭਰਾਵਾਂ ਦੀ ਲੜਾਈ ਵਿਚ ਪੰਜਾਬ ਦੀ ਆਜ਼ਾਦੀ ਲਈ ਆਪਣੀ ਜਿੰਦ ਘੋਲ ਘੁਮਾ ਗਿਆ।

ਸਭਰਾਵਾਂ ਦੀ ਲੜਾਈ ਦਾ ਹਾਲ ਦੱਸਣ ਤੋਂ ਪਹਿਲਾਂ ਪੰਜਾਬ ਸੰਬੰਧੀ ਈਸਟ ਇੰਡੀਆ ਕੰਪਨੀ ਦੇ ਕਰਮਚਾਰੀਆਂ ਦੀਆਂ ਕੀਤੀਆਂ ਤਿਆਰੀਆਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਤਾਂਕਿ ਹਾਲਾਤ ਦਾ ਚੰਗੀ ਤਰ੍ਹਾਂ ਥੋਹ ਪਤਾ ਲੱਗ ਸਕੇ।

---

1. ਕਰਨਲ ਮੂਤੋਂ, ਰਪੋਰਤ; ਆਰ. ਐਨ. ਕਸਟ, *ਹਿਸਟਰੀ ਔਫ਼ ਦੀ ਕੰਨਕੁਐਸਟ ਔਫ਼ ਦੀ ਪੰਜਾਬ*; ਕਨਿੰਘਮ, *ਹਿਸਟਰੀ ਔਫ਼ ਦੀ ਸਿਖਸ*, ਆਦਿ।

# ਈਸਟ ਇੰਡੀਆਂ ਕੰਪਨੀ ਦੀਆਂ ਪੰਜਾਬ ਸੰਬੰਧੀ ਤਿਆਰੀਆਂ

ਈਸਟ ਇੰਡੀਆ ਕੰਪਨੀ ਲੁਧਿਆਣੇ ਛਾਉਣੀ ਮੌਜੂਦ ਸੀ ਤੇ ਫ਼ਿਰੋਜ਼ਪੁਰ ਵੀ ਉਨ੍ਹਾਂ ਦੇ ਹੱਥ ਵਿਚ ਸੀ। ਇਨ੍ਹੀਂ ਦੋਹੀਂ ਥਾਈਂ ਉਨ੍ਹਾਂ ਦੇ ਪੋਲੀਟੀਕਲ ਏਜੰਟ ਮੌਜੂਦ ਸਨ ਜੋ ਪੰਜਾਬ ਦੀ ਪੋਜ਼ੀਸ਼ਨ ਦੇਖ ਰਹੇ ਸਨ। ਅਫ਼ਗਾਨਿਸਤਾਨ ਦੀ ਪਹਿਲੀ ਲੜਾਈ ਦੇ ਨਤੀਜਿਆਂ ਨੇ ਉਨ੍ਹਾਂ ਨੂੰ ਯਕੀਨ ਦਿਲਾ ਦਿੱਤਾ ਜਾਪਦਾ ਸੀ ਕਿ ਜਿਤਨੀ ਦੇਰ ਤਕ ਪੰਜਾਬ ਵਿਚ ਉਨ੍ਹਾਂ ਦੀ ਤਾਕਤ ਨਹੀਂ ਬਣਦੀ ਉਤਨੀ ਦੇਰ ਤਕ ਅਫ਼ਗ਼ਾਨਿਸਤਾਨ ਵਿਚ ਉਨ੍ਹਾਂ ਦੀ ਪੋਜ਼ੀਸ਼ਨ ਕਾਇਮ ਰਹਿ ਸਕਣੀ ਔਖੀ ਹੈ। ਇਸ ਖ਼ਿਆਲ ਨੂੰ ਲੈ ਕੇ 1841 ਦੇ ਅਕਤੂਬਰ ਵਿਚ ਲਾਰਡ ਐਲਬਰਾ ਨੇ ਵਲਾਇਤੋਂ ਹਿੰਦੁਸਤਾਨ ਨੂੰ ਤੁਰਨ ਤੋਂ ਪਹਿਲਾਂ ਲੈਫ਼ਟਿਨੈਂਟ ਡੀਊਰੈਂਡ ਨੂੰ ਫ਼ੌਜੀ ਨੁਕਤਾ ਨਿਗਾਹ ਤੋਂ ਪੰਜਾਬ ਸੰਬੰਧੀ ਇਕ ਯਾਦ-ਦਾਸ਼ਤ (Memory) ਤਿਆਰ ਕਰਨ ਲਈ ਹੁਕਮ ਦਿੱਤਾ ਤੇ ਨਾਲ ਹੀ ਹਿੰਦੁਸਤਾਨ ਵੱਲੋਂ ਪੰਜਾਬ ਦੀ ਹੱਦ ਦੇ ਲਾਗੇ ਲਾਗੇ ਅੰਗ੍ਰੇਜ਼ੀ ਫ਼ੌਜਾਂ ਇਕੱਠੀਆਂ ਹੋਣੀਆਂ ਸ਼ੁਰੂ ਹੋ ਰਹੀਆਂ ਸਨ ਤਾਂਕਿ ਜਦ ਵੀ ਪੰਜਾਬ ਤੇ ਕਬਜ਼ਾ ਕਰਨ ਦੀ ਬਿਧਿ ਬਣਦੀ ਨਜ਼ਰ ਆਵੇ ਜਾਂ ਲਾਹੌਰ ਦੀ ਹਕੂਮਤ ਨਾਲ ਟੱਕਰ ਦੇ ਅਨੁਮਾਨ ਦਿਸਣ ਤਾਂ ਦੂਰੋਂ ਫ਼ੌਜ ਇਕੱਠੀ ਨਾ ਕਰਨੀ ਪਵੇ ਅਤੇ ਲਾਗਿਓਂ ਸੁਖਾਲੇ ਹੀ ਚੜ੍ਹਾਈ ਜਾ ਸਕੇ।

ਲੈਫ਼ਟੀਨੈਂਟ ਡੀਊਰੈਂਡ ਦੀ ਪੰਜਾਬ ਸੰਬੰਧੀ ਯਾਦ-ਦਾਸ਼ਤ 22 ਅਕਤੂਬਰ 1841 ਨੂੰ ਲਾਰਡ ਐਲਨਬਰੋ ਨੇ ਡੀਊਕ ਔਫ਼ ਵੈਲਿੰਗਟਨ ਨੂੰ ਭੇਜੀ ਤੇ ਪੰਜਵੇਂ ਦਿਨ 26 ਅਕਤੂਬਰ 1841 ਦੀ ਚਿੱਠੀ ਵਿਚ ਡੀਊਕ ਨੂੰ ਲਿਖਿਆ ਕਿ ਪੰਜਾਬ ਵਿਚ ਖੱਪ ਪਈ ਹੋਈ ਹੈ ਤੇ "ਅਸਲ ਵਿਚ ਮੁਲਕ ਦੀ ਹਕੂਮਤ ਇਕ ਡਾਢੇ ਮਾਰ-ਖੋਰੇ ਆਦਮੀ ਧਿਆਨ ਸਿੰਘ ਦੇ ਹੱਥਾਂ ਵਿਚ ਹੈ... ਜਦ ਵੀ ਧਿਆਨ ਸਿੰਘ ਨੇ ਆਪਣੇ ਆਪ ਨੂੰ ਕਾਫ਼ੀ ਤਕੜਾ ਮਹਿਸੂਸ ਕੀਤਾ, ਉਹ ਇਨ੍ਹਾਂ (ਸਾਡੀਆਂ ਕਾਬੁਲ ਜਾਣ ਵਾਲੀਆਂ) ਫ਼ੌਜਾਂ ਤੇ ਰਸਦ ਖ਼ੁਰਾਕ ਨੂੰ ਰਸਤਾ ਦੇਣੋਂ ਨਾਂਹ ਕਰ ਦੇਵੇਗਾ, ਜਾਂ ਜਿਵੇਂ ਮੈਨੂੰ ਜ਼ਿਆਦਾ ਡਰ ਹੈ, ਹੱਲਾ ਕਰ ਕੇ ਉਨ੍ਹਾਂ ਨੂੰ ਤਬਾਹ ਕਰ ਦੇਵੇਗਾ। ਇਸ ਤਰ੍ਹਾਂ ਸਾਨੂੰ ਛੇਤੀ ਹੀ ਕਾਰਵਾਈ ਕਰਨੀ ਪਏਗੀ। ਇਸ ਵੇਲੇ ਬਾਰਾਂ ਹਜ਼ਾਰ ਫ਼ੌਜ ਫ਼ਿਰੋਜ਼ਪੁਰ ਦੇ ਨਜ਼ਦੀਕ ਇਕੱਠੀ ਹੋਈ ਹੋਈ ਹੈ ਤਾਂ ਕਿ ਸਿੱਖਾਂ ਵੱਲ ਨਿਗਾਹ ਰੱਖੇ ਤੇ ਲੋੜ ਵੇਲੇ ਵਰਤੀ ਜਾ ਸਕੇ। ਮੇਰਾ ਮਤਲਬ (ਪੰਜਾਬ ਸੰਬੰਧੀ ਯਾਦ-ਦਾਸ਼ਤ ਭੇਜਣ ਦਾ?) ਇਹ ਸੀ ਕਿ ਤੁਸੀਂ ਮੈਨੂੰ ਇਹ ਸਲਾਹ ਦੇ ਸਕੋ ਕਿ...ਪੰਜਾਬ ਉੱਤੇ ਹਮਲਾ

ਕਰਨ ਦਾ ਸਭ ਤੋਂ ਚੰਗਾ ਤਰੀਕਾ ਕਿਹੜਾ ਹੈ?"[1]

ਈਸਟ ਇੰਡੀਆ ਕੰਪਨੀ ਬੜੇ ਪੂਰੇ ਜ਼ੋਰ ਨਾਲ ਪੰਜਾਬ ਦੀ ਹੱਦ ਉੱਤੇ ਫ਼ੌਜ ਇਕੱਠੀ ਕਰਨ ਅਤੇ ਹੋਰ ਤਿਆਰੀਆਂ ਵਿਚ ਜੁਟੀ ਹੋਈ ਸੀ ਤੇ ਇੰਗਲੈਂਡ ਵਿਚ ਵੀ ਇਸ ਸੰਬੰਧੀ ਚੋਖੀ ਲਿਖਾ-ਪੜ੍ਹੀ ਹੋ ਰਹੀ ਸੀ। ਅਫ਼ਗ਼ਾਨਿਸਤਾਨ ਵਿਚ ਅੰਗ੍ਰੇਜ਼ੀ ਤਾਕਤ ਤੇ ਰੋਹਬ ਨੂੰ ਬਰਕਰਾਰ ਰੱਖਣ ਸੰਬੰਧੀ ਡੀਊਕ ਔਫ਼ ਵੈਲਿੰਗਟਨ ਨੇ ਆਪਣੀ 6 ਅਪ੍ਰੈਲ 1842 ਦੀ ਚਿੱਠੀ ਵਿਚ ਲੰਡਨ ਤੋਂ ਲਾਰਡ ਫ਼ਿਟਜੈਰਲਡ ਨੂੰ ਲਿਖਿਆ ਸੀ ਕਿ "ਪੰਜਾਬ ਦੀ ਹਸਤੀ ਨੂੰ ਕਾਇਮ ਰੱਖਣਾ ਬਹੁਤ ਜ਼ਰੂਰੀ ਹੋਵੇਗਾ! ਪਰ ਮੈਂ ਇਹ ਜ਼ਰੂਰ ਆਖਾਂਗਾ ਕਿ ਜੇ ਅਸੀਂ ਅਫ਼ਗ਼ਾਨਿਸਤਾਨ ਵਿਚ ਆਪਣੀ ਪੋਜ਼ੀਸ਼ਨ ਕਾਇਮ ਰੱਖਣੀ ਹੈ ਤਾਂ ਪਿਸ਼ਾਵਰ, ਖ਼ੈਬਰ ਦਾ ਦੱਰਾ, ਜਲਾਲਾਬਾਦ ਅਤੇ ਕਾਬੁਲ ਤਕ ਦੇ ਦੱਰੇ ਸਾਨੂੰ ਜ਼ਰੂਰ ਲੈ ਲੈਣੇ ਚਾਹੀਦੇ ਹਨ।'[2] 7 ਜੂਨ 1842 ਨੂੰ ਅਲਾਹਾਬਾਦ ਤੋਂ ਲਾਰਡ ਐਲਨਬਰੋ ਨੇ ਡੀਊਕ ਔਫ਼ ਵੈਲਿੰਗਟਨ ਨੂੰ ਲਿਖਿਆ "ਮੈਂ ਕਮਾਂਡਰ-ਇਨ-ਚੀਫ਼ ਨਾਲ ਸਲਾਹ ਕਰ ਕੇ ਹੁਕਮ ਦੇ ਦਿੱਤਾ ਹੈ ਕਿ ਨਵੰਬਰ ਵਿਚ ਸਰਹੰਦ ਡਿਵੀਜ਼ਨ ਵਿਚ (ਕਰਨਾਲ ਜਾਂ ਫ਼ਿਰੋਜ਼ਪੁਰ) ਇਕ ਰੀਜ਼ਰਵ ਫ਼ੌਜ ਜਮ੍ਹਾਂ ਕਰ ਲਈ ਜਾਵੇ। ਇਸ ਵਿਚ ਬਾਰਾਂ ਪਲਟਨਾਂ ਪਿਆਦਾ ਫ਼ੌਜ (ਚਾਰ ਯੂਰਪੀਅਨ ਪਲਟਨਾਂ) ਪੰਜ ਰਸਾਲੇ, ਦੋ ਪਲਟਨਾਂ ਖੁਲੇ ਘੋੜ-ਚੜ੍ਹੇ, ਚਾਰ ਤੁਰਪ ਘੁੜੈਲੀ ਤੋਪਖ਼ਾਨਾ ਤੇ ਤਿੰਨ ਬਾਤਰੀਆਂ ਪਿਆਦੇ ਤੋਪਖ਼ਾਨੇ ਦੀਆਂ ਹੋਣਗੀਆਂ। ਕੁਲ ਫ਼ੌਜ ਪੰਦਰਾਂ ਹਜ਼ਾਰ ਨਫ਼ਰੀ ਦੀ ਹੋਵੇਗੀ।[3]

ਇਹ ਤਿਆਰੀਆਂ ਉਸ ਵੇਲੇ ਦੀਆਂ ਹਨ ਜਦ ਕਿ ਹਾਲੇ ਮਹਾਰਾਜਾ ਸ਼ੇਰ ਸਿੰਘ ਜੀ ਜੀਉਂਦੇ ਸਨ ਅਤੇ ਸਿੱਖਾਂ ਵੱਲੋਂ ਕੋਈ ਐਸੀ ਗੱਲ ਨਹੀਂ ਸੀ ਹੋਈ ਜਿਸ ਦਾ ਕਿ ਈਸਟ ਇੰਡੀਆ ਕੰਪਨੀ ਵੱਲੋਂ ਕੋਈ ਬਹਾਨਾ ਬਣਾ ਕੇ ਵੀ ਕੋਈ ਦੋਸ਼ ਉਨ੍ਹਾਂ ਦੇ ਮੱਥੇ ਮੜ੍ਹਿਆ ਜਾ ਸਕਦਾ। 20 ਸਤੰਬਰ 1843 ਨੂੰ ਬੈਰਕਪੁਰ ਤੋਂ ਐਲਨਬਰੋ ਨੇ ਖ਼ੁਦ ਵੈਲਿੰਗਟਨ ਨੂੰ ਆਪਣੀ ਚਿੱਠੀ ਵਿਚ ਲਿਖਿਆ ਸੀ ਕਿ "ਸਾਡੇ ਵਿਰੁੱਧ ਕੋਈ ਵੀ ਜਜ਼ਬਾ ਮਾਲੂਮ ਨਹੀਂ ਹੁੰਦਾ, ਉਹ

---

1. The country is, in fact, ruled by a very violent man, Raja Dhian Singh......Whenever Dhian Singh feels himself strong enough, he will refuse permission to the passage of these regiments and convoys or, what I most fear, he will attack and destroy some one of them in its march. We might thus be oblighed to act immediately. At present 12,000 men are collected near Ferozepur to watch the Sikhs and act if necessary. What I desired, therefore, was your opinion......as to the best mode of attacking the Punjab. *Ind. Adm. of E.*, p. 160.
2. It must be very desirable to maintain its existence in the Punjab. But this I must say, if we are to maintain our positions in Afghanistan, we ought to have Peshawar, the Khyber Pass, Jellalabad, and the passes between that post and Cabul.—Wellington to Fitzgerald. *Indian Adm. of Ellenborough*, 247.
3. *ਹਿਸਟਰੀ ਔਫ਼ ਦੀ ਇੰਡੀਅਨ ਐਡਮਿਨਿਸਟਰੇਸ਼ਨ ਔਫ਼ ਲਾਰਡ ਐਲਨਬਰੋ*, ਪੰ. 251-52.

(ਸਿੱਖ) ਆਪਸ ਵਿਚ ਝਗੜ ਰਹੇ ਹਨ, ਮੈਨੂੰ ਕਿਧਰੇ ਉਨ੍ਹਾਂ ਵੱਲੋਂ ਸਾਡੇ ਨਾਲ ਵੈਰ ਦਾ ਨਾਮ ਨਿਸ਼ਾਨ ਤਕ ਵੀ ਨਹੀਂ ਦਿਸਦਾ।[1]

ਪਰ ਮਹਾਰਾਜਾ ਸ਼ੇਰ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਦੇ ਹਾਲਾਤ ਕੰਪਨੀ ਦੀ ਅੰਦਰੂਨੀ ਇੱਛਾ ਦੇ ਅਨੁਸਾਰ ਢਲਣ ਲੱਗ ਪਏ। 15 ਸਤੰਬਰ 1843 ਨੂੰ ਮਹਾਰਾਜਾ ਸ਼ੇਰ ਸਿੰਘ ਮਾਰੇ ਗਏ। ਸਵਾ ਕੁ ਮਹੀਨਾ ਪਿੱਛੋਂ ਐਲਨਬਰੋ 20 ਅਕਤੂਬਰ 1843 ਨੂੰ ਲਿਖਦਾ ਹੈ ਕਿ "ਮੈਂ ਆਪਣੇ ਵੱਲੋਂ ਚਾਹੁੰਦਾ ਹਾਂ ਕਿ ਪੰਜਾਬ ਦੀ ਹਕੂਮਤ ਰਣਜੀਤ ਸਿੰਘ ਦੀ ਹਕੂਮਤ ਦੀ ਤਰ੍ਹਾਂ ਬਣੀ ਰਹੇ। ਪਰ ਇਹ ਗੱਲ ਹੋਣੀ ਨਹੀਂ। ਉਹ ਵੇਲਾ ਦੂਰ ਨਹੀਂ ਜਦ ਕਿ ਪੰਜਾਬ ਸਾਡੇ ਪ੍ਰਬੰਧ ਵਿਚ ਆ ਜਾਵੇਗਾ..."[2] ਸੰਨ 1844 ਦੇ ਆਰੰਭ ਵਿਚ ਹਾਲਾਤ ਇਸ ਤਰ੍ਹਾਂ ਦੇ ਬਣ ਗਏ ਦਿਸਦੇ ਹਨ ਕਿ ਲਾਰਡ ਐਲਨਬਰੋ ਨੂੰ ਲੜਾਈ ਲੱਗਣ ਤੋਂ ਇੱਕੀ ਮਹੀਨੇ ਪਹਿਲਾਂ ਪਤਾ ਸੀ ਕਿ ਲੜਾਈ ਕਿਸ ਵੇਲੇ ਹੋਵੇਗੀ ਅਤੇ ਨਵੰਬਰ-ਦਸੰਬਰ 1845 ਤੋਂ ਪਹਿਲਾਂ ਨਹੀਂ ਹੋਵੇਗੀ। 15 ਫ਼ਰਵਰੀ 1844 ਨੂੰ ਐਲਨਬਰੋ ਨੇ ਵੈਲਿੰਗਟਨ ਨੂੰ ਲਿਖਿਆ ਸੀ ਕਿ "ਮੈਨੂੰ ਉਮੀਦ ਹੈ ਕਿ ਅਗਲੇ ਸਾਲ ਦੇ ਦਸੰਬਰ ਤੋਂ ਪਹਿਲਾਂ ਸਾਨੂੰ ਸਤਲੁਜੋਂ ਪਾਰ ਨਹੀਂ ਲੰਘਣਾ ਪਏਗਾ।" 20 ਅਪ੍ਰੈਲ 1844 ਨੂੰ ਐਲਨਬਰੋ ਨੇ ਲਿਖਿਆ ਕਿ "ਮੈਨੂੰ ਪੂਰੀ ਉਮੀਦ ਹੈ ਕਿ ਨਵੰਬਰ 1845 ਤੋਂ ਪਹਿਲਾਂ ਸਾਨੂੰ ਕੋਈ ਹੱਲਾ ਰੋਕਣਾ ਨਹੀਂ ਪਏਗਾ। ਉਸ ਵੇਲੇ ਮੈਂ ਹਰ ਗੱਲ ਲਈ ਤਿਆਰ ਹੋ ਜਾਵਾਂਗਾ। ਇਸ ਸਮੇਂ ਵਿਚ ਅਸੀਂ ਆਪਣੀ ਤਾਕਤ ਬਣਾਉਣ ਲਈ ਚੁੱਪ ਚਾਪ ਸਭ ਕੁਝ ਕਰ ਲਵਾਂਗੇ...ਸਾਡੇ ਪਾਸ ਵੱਡੀਆਂ ਕਮਾਨਾਂ ਲਈ ਅਫ਼ਸਰਾਂ ਦਾ ਬਹੁਤ ਘਾਟਾ ਹੈ। ਸਾਰੀ ਫ਼ੌਜ ਨੂੰ ਬਹੁਤ ਕੁਝ ਸਿਖਲਾਈ ਦੀ ਲੋੜ ਹੈ ਅਤੇ ਮੈਨੂੰ ਤਸੱਲੀ ਹੈ ਕਿ ਅਠਾਰਾਂ ਮਹੀਨੇ, ਜਿਹੜੇ ਮੈਂ ਮੰਗਦਾ ਹਾਂ, ਫ਼ੌਜ ਨੂੰ ਲੋੜੀਂਦੀ ਹਾਲਤ ਤਕ ਲਿਆਉਣ ਲਈ ਕਾਫ਼ੀ ਨਾਲੋਂ ਜ਼ਿਆਦਾ ਨਹੀਂ ਹਨ।"[3] ਮਈ 1844 ਦੀ ਚਿੱਠੀ ਵਿਚ ਫੇਰ ਲਿਖਿਆ ਹੈ ਕਿ "ਨਵੰਬਰ 1845 ਵਿਚ ਫ਼ੌਜ ਲੜਾਈ ਲਈ ਹਰ ਪ੍ਰਕਾਰ ਤਿਆਰ ਹੋ ਜਾਵੇਗੀ।[4] ਨਵੰਬਰ 1845 ਦੀ ਪੱਕੀ ਤਾਰੀਖ਼ ਦੱਸਣ ਅਤੇ ਅਪ੍ਰੈਲ 1844 ਵਿਚ "ਅਠਾਰਾਂ ਮਹੀਨੇ

---

1. There does not seem to be any feeling against us. They are only quarreling amongst themselves apparently; nor do I see the least show of hostility to us anywhere. *Indian Adm. of E.*, p. 393.
2. I desire the continuance of a government in the Punjab like that of Ranjeet Singh. The thing, however, will not bel and the time cannot be distant when the Punjab will fall into our management.........—*Ind. Adm. of E.*, P. 393.
3. I earnestly hope nothing may compel us to cross the Sutlej and that we may have no attack to repel till November 1845. I shall then be prepared for anything. In the mean time we do all we can in a quiet way to strengthen ourselves.........

   We are altogether very ill-provided with officers for the higher commands. The whole army requires a great deal of teaching, and I am satisfied the eighteen months I ask are not more than enough to make it what it ought to be. *Ibid.*, p. 435.
4. In November 1845 the army will be equal to any operation. *Ibid.*, p. 438-9.

ਮੰਗਣ" ਤੋਂ ਐਓਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਖ਼ਾਸ ਨੀਯਤ ਤਾਰੀਖ਼ ਨੂੰ ਲੜਾਈ ਦਾ ਲੱਗ ਜਾਣਾ ਲਾਰਡ ਐਲਨਬਰੋ ਦੀ ਮੁੱਠ ਵਿਚ ਹੁੰਦਾ ਹੈ।

ਇਸ ਪ੍ਰਕਾਰ ਦੀਆਂ ਫ਼ੌਜੀ ਤਿਆਰੀਆਂ ਤੋਂ ਇਲਾਵਾ ਈਸਟ ਇੰਡੀਆ ਕੰਪਨੀ ਨੇ ਲੋੜ ਪੈਣ ਤੇ ਫ਼ੌਜਾਂ ਸਤਲੁਜ ਪਾਰ ਕਰਨ ਲਈ ਪੁਲ ਬਣਾਉਣ ਵਾਲੀਆਂ ਬੇੜੀਆਂ ਵੀ ਫ਼ਿਰੋਜ਼ਪੁਰ ਜਮ੍ਹਾਂ ਕਰ ਲਈਆਂ ਸਨ।

ਸਿੱਖਾਂ ਵੱਲੋਂ ਚੂੰਕਿ ਕੰਪਨੀ ਦੇ ਵਿਰੁੱਧ ਕੋਈ ਐਸੀ ਗੱਲ ਨਹੀਂ ਸੀ ਕੀਤੀ ਜਾ ਰਹੀ ਜਿਸ ਨੂੰ ਲੜਾਈ ਦਾ ਕਾਰਨ ਦੱਸਿਆ ਜਾ ਸਕਦਾ ਇਸ ਲਈ ਉਨ੍ਹਾਂ ਨੇ ਹਿੰਦੁਸਤਾਨ ਅਤੇ ਇੰਗਲਿਸਤਾਨ ਵਿਚ ਲੋਕਾਂ ਦੇ ਦਿਲਾਂ ਵਿਚ ਇਸ ਢੋਈ ਜਾ ਰਹੀ ਲੜਾਈ ਦਾ ਖ਼ਿਆਲ ਪੈਦਾ ਕਰਨ ਤੇ ਉਨ੍ਹਾਂ ਨੂੰ ਇਸ ਸੰਬੰਧੀ ਖ਼ਬਰ ਸੁਣਨ ਲਈ ਤਿਆਰ ਕਰਨ ਵਾਸਤੇ ਪ੍ਰਾਪੇਗੰਡਾ ਵੀ ਸ਼ੁਰੂ ਕਰ ਦਿੱਤਾ ਸੀ। ਸਰ ਚਾਰਲਸ ਨੇਪੀਅਰ ਨੇ ਥਾਈਂ ਥਾਈਂ ਛਾਉਣੀਆਂ ਵਿਚ ਲੈਕਚਰ ਦੇਣੇ ਸ਼ੁਰੂ ਕਰ ਦਿੱਤੇ ਕਿ "ਸਿੱਖ ਆ ਰਹੇ ਨੇ।"[1]

ਇਸ ਵੇਲੇ ਇੰਗਲਿਸਤਾਨ ਦੀ ਹਕੂਮਤ ਨੇ ਲਾਰਡ ਐਲਨਬਰੋ ਨੂੰ ਵਾਪਸ ਬੁਲਾ ਲਿਆ ਤੇ ਉਸ ਦੀ ਜਗ੍ਹਾ ਸਰ ਹੈਨਰੀ ਹਾਰਡਿੰਗ ਹਿੰਦੁਸਤਾਨ ਵਿਚ ਗਵਰਨਰ-ਜਨਰਲ ਬਣਾ ਕੇ ਭੇਜ ਦਿੱਤਾ ਜੋ 23 ਜੁਲਾਈ 1844 ਨੂੰ ਇਥੇ ਪੁੱਜਾ। ਲਾਰਡ ਐਲਨਬਰੋ ਦੀ ਪੰਜਾਬ ਸੰਬੰਧੀ ਪਾਲਿਸੀ ਨੂੰ ਜਾਰੀ ਰੱਖਦੇ ਹੋਏ ਸਰ ਹੈਨਰੀ ਹਾਰਡਿੰਗ ਗਵਰਨਰ-ਜਨਰਲ ਨੇ ਮੇਜਰ ਜੋਰਜ ਬਰੌਡਫ਼ੁਟ ਨੂੰ, ਜੋ ਲੜਾਈਆਂ ਖੜੀਆਂ ਕਰਨ ਵਿਚ ਤਾਕ ਸੀ, ਤਨਾਸਿਰਮ ਤੋਂ ਬਦਲ ਕੇ ਫ਼ਿਰੋਜ਼ਪੁਰ ਦਾ ਪੋਲੀਟੀਕਲ ਏਜੰਟ ਬਣਾ ਕੇ ਪੰਜਾਬ ਦੀ ਸਰਹੱਦ ਤੇ ਲੈ ਆਂਦਾ। ਜੋਰਜ ਬਰੌਡਫ਼ੁਟ ਨੇ ਫ਼ਿਰੋਜ਼ਪੁਰ ਆਉਂਦੇ ਹੀ ਇਹ ਯਤਨ ਸ਼ੁਰੂ ਕਰ ਦਿੱਤੇ ਕਿ ਲਾਹੌਰ ਰਾਜ ਵਿਚ ਫੁੱਟ ਪੈਦਾ ਕਰ ਦਿੱਤੀ ਜਾਏ ਅਤੇ ਅੰਗ੍ਰੇਜ਼ਾਂ ਦੇ ਪੰਜਾਬ ਵਿਚ ਦਾਖ਼ਲ ਹੋਣ ਲਈ ਰਸਤਾ ਖੋਲ੍ਹਿਆ ਜਾਏ।

ਜੋਰਜ ਬਰੌਡਫ਼ੁਟ ਦੀ ਡਾਇਰੀ ਵਿਚ 26 ਮਾਰਚ 1845 ਦੀ ਤਾਰੀਖ਼ ਹੇਠਾਂ ਇਸ ਤਰ੍ਹਾਂ ਲਿਖਿਆ ਹੋਇਆ ਹੈ :—

**26 ਮਾਰਚ 1845**

> ਰਾਜਾ ਨਾਭਾ ਦਾ ਮੋਹਤਮਿਦ ਕੇਡਾ ਸਿੰਘ ਬੁਲਾਉਣ ਪਰ 'ਹਜ਼ੂਰ (ਮੇਜਰ ਜੋਰਜ ਬਰੌਡਫ਼ੁਟ) ਦੀ ਸੇਵਾ ਵਿਚ ਹਾਜ਼ਰ ਹੋਇਆ। ਮੁਲਾਕਾਤ ਵੇਲੇ ਸਾਹਿਬ ਨੇ ਉਸ ਨੂੰ ਕਿਹਾ ਕਿ ਤੁਸੀਂ ਮਹਾਰਾਜਾ ਦੇ ਮੋਹਤਮਿਦ ਬਣ ਕੇ ਲਾਹੌਰ ਜਾਓ ਤੇ ਉਥੇ ਟਿਕੋ ਅਤੇ ਉਥੇ ਦੇ ਹਾਲਾਤ ਅੱਖਰ ਅੱਖਰ ਸਾਨੂੰ ਦੱਸਦੇ ਰਹੋ ਔਰ ਜਿਵੇਂ ਹੋ ਸਕੇ ਉਸ (ਸਰਕਾਰ ਲਾਹੌਰ) ਘਰ ਵਿਚ ਬੇਇਤਫ਼ਾਕੀ ਤੇ ਨਫ਼ਰਤ ਫ਼ੈਲਾ ਦਿਓ ਅਤੇ ਸਰਕਾਰ ਅੰਗ੍ਰੇਜ਼ੀ ਦੇ (ਪੰਜਾਬ ਵਿਚ) ਦਾਖ਼ਲ ਹੋਣ ਦੀ ਤਜਵੀਜ਼ ਕਰੋ ਅਤੇ ਸਰਕਾਰ ਲਾਹੌਰ ਦਾ ਨਸਬ-ਨਾਮਾ ਲਿਖ ਕੇ ਭੇਜੋ। ਸਰਕਾਰ (ਅੰਗ੍ਰੇਜ਼) ਵੱਲੋਂ ਤੁਹਾਡੀ ਪਾਲਣਾ ਹੋਵੇਗੀ ਅਤੇ ਰਾਜਾ ਨਾਭਾ ਦੀ ਬਹੁਤ ਖ਼ੈਰਖ਼ਾਹੀ ਹੋਵੇਗੀ। ਉਸ (ਕੇਡਾ ਸਿੰਘ) ਨੇ ਨਸਬ-ਨਾਮਾ ਲਿਖ ਦਿੱਤਾ ਪਰ ਲਾਹੌਰ ਜਾਣ ਅਤੇ ਰਹਿਣ ਤੋਂ ਨਾਂਹ ਕਰ ਦਿੱਤੀ।

---

1. ਸਮਿੱਥ, *ਰੇਨਿੰਗ ਫ਼ੈਮਿਲੀ ਔਫ਼ ਲਾਹੌਰ*, xxiii.

ਆਖ਼ਰ ਹਜ਼ੂਰ ਨੇ ਗੁੱਸੇ ਹੋ ਕੇ ਮਹਾਰਾਜਾ ਨਾਭਾ ਨੂੰ ਚਿੱਠੀ ਲਿਖੀ ਕਿ ਕੇਡਾ ਸਿੰਘ ਨੂੰ ਸਿਰੋ-ਪਾਓ ਦੇ ਕੇ ਛੁੱਟੀ ਦਿੱਤੀ ਗਈ ਅਤੇ ਇਸ ਦੇ ਹੁਕਮ ਨਾ ਮੰਨਣ ਦੀ ਸ਼ਿਕਾਇਤ, ਸਜ਼ਾ ਦੇਣ ਦੀ ਮਨਸ਼ਾ, ਹਜ਼ੂਰ ਵੱਲੋਂ ਇਸ ਨੂੰ ਦਿੱਤੇ ਗਏ ਹੁਕਮ ਅਤੇ ਇਸ ਦੇ ਇਨਕਾਰ ਕਰਨ ਅਤੇ ਇਸ ਦੇ ਪੁੱਤਰ ਨੂੰ, ਜੋ ਸਿਆਣਾ ਆਦਮੀ ਹੈ ਇਸ ਕੰਮ ਲਈ ਤਿਆਰ ਕਰਨ ਵਾਸਤੇ ਲਿਖਿਆ। ਜਿਸ ਦਾ ਹਾਲੇ ਤਕ ਨਾਭਿਓਂ ਜਵਾਬ ਨਹੀਂ ਆਇਆ।

ਸੁਣਿਆ ਗਿਆ ਹੈ ਕਿ ਹਜ਼ੂਰ ਲਾਡਵੇ ਦੇ ਵਕੀਲ ਉੱਤੇ ਬਹੁਤ ਗੁੱਸੇ ਹੋਏ ਕਿ ਉਸ ਦਾ ਮੁਅੱਕਲ (ਲਾਡਵੇਵਾਲਾ ਸਰਦਾਰ ਅਜੀਤ ਸਿੰਘ) ਆਪਣੇ ਇਕਰਾਰ ਪੂਰੇ ਨਹੀਂ ਕਰਦਾ।"

ਇਸ ਵੇਲੇ ਮੋਰੋਂ ਪਿੰਡ ਦੀ ਉਲਝਣ ਵੀ ਵੱਧ ਗਈ। ਪਰ ਬਰੌਡਫੁਟ ਨੂੰ ਜਦ ਸਿੱਖ ਰਾਜ ਵੱਲੋਂ ਕਿਸੇ ਤਰ੍ਹਾਂ ਕੁਝ ਵੀ ਨਾ ਹੁੰਦਾ ਦਿਸਿਆ ਤਾਂ ਈਸਟਰ 1845 ਦੇ ਦਿਨ ਉਸ ਨੇ ਆਪ ਛੇੜ-ਖਾਨੀ ਕਰ ਕੇ ਵਧੀਕੀ ਕਰ ਦਿੱਤੀ।

ਸਤਲੁਜ ਦੇ ਦੱਖਣ ਨੂੰ ਸਰਕਾਰ ਲਾਹੌਰ ਦਾ ਕਾਫ਼ੀ ਇਲਾਕਾ ਸੀ। ਇਹ ਮਹਾਰਾਜਾ ਦਲੀਪ ਸਿੰਘ ਦੇ ਤਹਿਤ ਹੋਣਾਂ ਸੀ ਤੇ ਇਸ ਦਾ ਪ੍ਰਬੰਧ ਵੀ ਉਨ੍ਹਾਂ ਦੇ ਹੀ ਅਫ਼ਸਰ ਕਰਿਆ ਕਰਦੇ ਸਨ। ਮਾਰਚ 1845 ਨੂੰ ਜਦ ਲਾਹੌਰੋਂ ਭਾਈ ਬਿਸ਼ਨ ਸਿੰਘ ਬੇਦੀ ਅਦਾਲਤੀ ਤੇ ਉਨ੍ਹਾਂ ਦੇ ਕੁਝ ਸਾਥੀ ਆਪਣੇ ਸਰਕਾਰੀ ਕੰਮ ਲਈ ਤਲਵੰਡੀ ਦੇ ਪੱਤਣੋਂ ਲੰਘ ਕੇ ਇਸ ਇਲਾਕੇ ਵਿਚ ਗਏ ਤਾਂ ਬਰੌਡਫੁਟ ਨੇ ਉਨ੍ਹਾਂ ਨੂੰ ਵਾਪਸ ਚਲੇ ਜਾਣ ਦਾ ਹੁਕਮ ਦੇ ਦਿੱਤਾ ਤੇ ਨਾਲੇ ਕੁਝ ਫ਼ੌਜ ਇਕੱਠੀ ਕਰ ਲਈ। ਈਸਟਰ ਵਾਲੇ ਦਿਨ 160 ਪਿਆਦਾ ਸਿਪਾਹੀ ਤੇ ਤਿੰਨ ਸੋ ਤਲਵਾਰਦਾਰ ਘੋੜ-ਚੜ੍ਹਿਆਂ ਨੂੰ ਨਾਲ ਲੈ ਕੇ ਤਲਵੰਡੀ ਜਾ ਪੁੱਜਾ। ਇਸ ਵੇਲੇ ਭਾਈ ਬਿਸ਼ਨ ਸਿੰਘ ਵਾਪਸ ਮੁੜ ਚੁੱਕਾ ਸੀ ਤੇ ਉਸ ਦੀਆਂ ਬੇੜੀਆਂ ਦਰਿਆ ਵਿਚ ਜਾ ਰਹੀਆਂ ਸਨ। ਬਰੌਡਫੁਟ ਇਸ ਗੱਲ ਨੂੰ ਸਾਮ੍ਹਣੇ ਰੱਖ ਕੇ ਕਿ ਉਨ੍ਹਾਂ ਨੇ ਫ਼ਸਲ ਦੇ ਕੁਝ ਹੋਏ ਨੁਕਸਾਨ ਦਾ ਮੁੱਲ ਨਹੀਂ ਭਰਿਆ, ਊਠਾਂ ਤੇ ਘੋੜਿਆਂ ਦੀ ਲੱਦੀ ਹੋਈ ਇਕ ਆਖ਼ਰੀ ਬੇੜੀ ਫੜ ਲਈ ਤੇ ਗੋਲੀ ਵੀ ਚਲਵਾ ਦਿੱਤੀ, ਜਿਸ ਨਾਲ ਭਾਈ ਬਿਸ਼ਨ ਸਿੰਘ ਦੀ ਪਾਰਟੀ ਦਾ ਇਕ ਆਦਮੀ ਮਾਰਿਆ ਗਿਆ। ਮਿਸਟਰ ਰੌਬਰਟ ਐਨ. ਕਸਟ, ਜੋ ਇਸ ਵੇਲੇ ਬਰੌਡਫੁਟ ਦੇ ਨਾਲ ਸੀ, ਲਿਖਦਾ ਹੈ ਕਿ ਇਹ ਸਿੱਖਾਂ ਨਾਲ ਲੜਾਈ ਦੀ ਪਹਿਲੀ ਗੋਲੀ ਸੀ ਜੋ ਬਰੌਡਫੁਟ ਵੱਲੋਂ ਦਾਗੀ ਗਈ।[1]

ਇਸ ਤਰ੍ਹਾਂ ਕੰਪਨੀ ਦੇ ਕਰਮਚਾਰੀਆਂ ਵੱਲੋਂ ਹੋਰ ਵੀ ਨਿੱਕੀਆਂ ਮੋਟੀਆਂ ਗੱਲਾਂ ਹੋਈਆਂ ਜਿਨ੍ਹਾਂ ਸਾਰੀਆਂ ਨੇ ਰਲਕੇ ਅੰਤ ਲਾਹੌਰ ਵਿਚ ਸਿੱਖਾਂ ਨੂੰ ਯਕੀਨ ਦਿਵਾ ਦਿੱਤਾ ਕਿ ਅੰਗ੍ਰੇਜ਼ ਸਿੰਧ ਵਾਂਙੂ ਅਕਾਰਣ ਹੀ ਪੰਜਾਬ ਦਾ ਰਾਜ ਵੀ ਖੋਹਣ ਨੂੰ ਤਿਆਰ ਹੋ ਪਏ ਹਨ। ਇਸ ਲਈ ਆਖ਼ਰ ਉਨ੍ਹਾਂ ਵੀ ਤਿਆਰੀ ਸ਼ੁਰੂ ਕਰ ਦਿੱਤੀ। ਪਰ ਸਿੱਖਾਂ ਦੀ ਤਿਆਰੀ ਬੜੀ ਕੁਵੇਲੇ ਸ਼ੁਰੂ ਹੋਈ। ਕੰਪਨੀ ਦੇ ਪੋਲੀਟੀਕਲ ਏਜੰਟਾਂ ਨੇ ਸਰਕਾਰ ਲਾਹੌਰ ਦੇ ਕਈ ਬੜੇ ਜ਼ੁੰਮੇਵਾਰ ਗ਼ੈਰ-ਪੰਜਾਬੀ ਵੱਡੇ ਅਫ਼ਸਰਾਂ ਨੂੰ ਆਪਣੇ ਨਾਲ ਗੰਢ ਲਿਆ ਹੋਇਆ ਸੀ ਤੇ ਇਨ੍ਹਾਂ ਦੀ ਪੰਜਾਬ ਨਾਲ ਗ਼ੱਦਾਰੀ ਉੱਤੇ ਗਵਰਨਰ-ਜਨਰਲ ਨੂੰ ਇਤਨਾ ਭਰੋਸਾ ਹੋ ਗਿਆ ਹੋਇਆ ਸੀ ਕਿ ਲਾਰਡ ਐਲਨਬਰੋ ਨੇ ਲੜਾਈ ਤੋਂ ਇੱਕੀ ਮਹੀਨੇ ਪਹਿਲਾਂ ਹੀ ਡੀਊਕ

1. ਕਸਟ, *ਓਰੀਐਂਟਲ ਐਂਡ ਲਿੰਗੁਇਸਟਿਕ ਐੱਸੇਜ਼*, ਹਿੱਸਾ 6, ਪੰ. 44.

ਔਫ ਵੈਲਿੰਗਟਨ ਨੂੰ ਆਪਣੀ 15 ਫ਼ਰਵਰੀ 1844 ਦੀ ਚਿੱਠੀ ਵਿਚ ਲਿਖ ਦਿੱਤਾ ਸੀ ਕਿ "ਇਸ ਗੱਲ ਤੇ ਭਰੋਸਾ ਰੱਖੋ ਕਿ ਮੈਂ ਬੇਲੋੜੇ ਹੀ ਜਾਂ ਜਲਦੀ ਵਿਚ ਲੜਾਈ ਨਹੀਂ ਛੇੜਾਂਗਾ, ਅਤੇ ਜੇ ਮੈਨੂੰ ਲੜਾਈ ਲਾਉਣੀ ਹੀ ਪਈ ਤਾਂ ਮੈਂ ਖ਼ਾਸ ਹੱਦ ਤਕ ਕਾਮਯਾਬੀ ਪਹਿਲਾਂ ਹੀ ਹਾਸਿਲ ਕਰ ਲੈਣ ਲਈ ਪੂਰਾ ਯਤਨ ਕਰਾਂਗਾ।"[1]

ਕਸਟ ਲਿਖਦਾ ਹੈ ਕਿ ਬਹੁਤ ਸਾਰੇ ਲੋਕ ਬਰੌਡਫੁਟ ਨੂੰ ਹੀ ਇਸ ਲੜਾਈ ਦੀ ਛੇੜ ਛੇੜਨ ਵਾਲਾ ਬਲਕਿ ਇਸ ਲੜਾਈ ਦਾ ਮੂਲ ਕਾਰਣ ਸਮਝਦੇ ਸਨ। ਕੁਝ ਵੀ ਹੋਵੇ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਈਸਟ ਇੰਡੀਆ ਕੰਪਨੀ ਦੀਆਂ ਤਿਆਰੀਆਂ ਤੇ ਉਕਸਾਹਟਾਂ ਨੇ ਸੰਨ 1845-46 ਦੀ ਲੜਾਈ ਪੈਦਾ ਕਰ ਦਿੱਤੀ। ਕਾਰਮਾਈਕਲ ਸਮਿੱਥ ਲਿਖਦਾ ਹੈ ਕਿ "ਪੰਜਾਬ ਦੀ ਲੜਾਈ ਸੰਬੰਧੀ ਨਾ ਤਾਂ ਮੇਰੀ ਇਹ ਰਾਏ ਹੈ ਕਿ ਸਿੱਖਾਂ ਨੇ ਬਿਨਾਂ ਛੇੜੇ ਹਮਲਾ ਕੀਤਾ ਹੈ ਤੇ ਨਾ ਹੀ ਇਹ ਕਿ ਅਸੀਂ ਉਨ੍ਹਾਂ ਨਾਲ ਕੋਈ ਬੜੀ ਧੀਰੀ ਨਾਲ ਵਰਤੇ ਹਾਂ...ਜੇ ਸਿੱਖਾਂ ਨੂੰ ਬਿਲਕੁਲ ਆਜ਼ਾਦ ਹਕੂਮਤ ਸਮਝਣਾ ਚਾਹੀਦਾ ਸੀ ਤਾਂ ਸਾਨੂੰ ਉਨ੍ਹਾਂ ਨੂੰ ਛੇੜਨਾ ਨਹੀਂ ਸੀ ਚਾਹੀਦਾ..." "ਜੇ 1809 ਦਾ ਅਹਿਦਨਾਮਾ ਦੋਨਾਂ ਹਕੂਮਤਾਂ ਵਿਚਕਾਰ ਕਾਇਮ ਸੀ ਤਾਂ ਸਿੱਧਾ ਸਵਾਲ ਇਹ ਹੈ ਕਿ ਦੋਸਤੀ ਦੇ ਕਾਨੂੰਨਾਂ ਨੂੰ ਪਹਿਲਾਂ ਕਿਸ ਨੇ ਤੋੜਿਆ? ਮੇਰੀ ਪੱਕੀ ਰਾਏ ਇਹ ਹੈ ਕਿ ਪਹਿਲਾਂ ਅਸੀਂ ਦੋਸਤੀ ਦੇ ਕਾਨੂੰਨ ਤੋੜੇ ਹਨ।"[2]

---

1. "Depend upon it I will not engage in such an operation hastily or unnecessarily, and I will do all I can before hand to secure certain success if ever I should be obliged to undertake it." *Ind. Adm. of E.*, p. 424.
2. Regarding the Punjab war, I am neither of opinion that the Sikhs made and *umprovoked attack*, nor that we have acted towards them with *Great forbearance*.........If the Sikhs were to be considered entirely and independent state, in no way answerable to us, we should not have provoked them.........But if.........the treaty of 1809 is said to have been binding between the two Governments, then, the simple question is, who first departed from the 'rules of friendship?' I am decidedly of the opinion that we did.........—*Reigning Family of Lahore*, p. xxi, xxii, xxiii.

# ਅੰਗ੍ਰੇਜ਼ਾਂ ਤੇ ਸਿੰਘਾਂ ਦੀ ਲੜਾਈ ਮੁਦਕੀ ਦੇ ਮੈਦਾਨ ਵਿਚ

ਜਿਵੇਂ ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਈਸਟ ਇੰਡੀਆ ਕੰਪਨੀ ਦੇ ਪੋਲੀਟੀਕਲ ਕਰਮਚਾਰੀਆਂ ਨੇ ਪੰਜਾਬ ਸੰਬੰਧੀ ਆਪਣੀਆਂ ਤਿਆਰੀਆਂ ਮੁਕੰਮਲ ਹੁੰਦੀਆਂ ਜਾ ਰਹੀਆਂ ਦੇਖ ਕੇ ਸਰਕਾਰ ਲਾਹੌਰ ਦੇ ਗ਼ੈਰ ਸਿੱਖ ਅਤੇ ਪੂਰਬੀਏ ਅਫ਼ਸਰਾਂ ਨਾਲ ਯਾਰਾਨਾ ਗੰਢ ਲਿਆ ਅਤੇ ਇਹ ਫ਼ਿਰੋਜ਼ਪੁਰੋਂ ਹਿਲ ਰਹੀ ਤਾਰ ਦੇ ਮੁਤਾਬਕ ਲਾਹੌਰ ਵਿਚ ਨੱਚਣ ਲੱਗ ਪਏ ਤੇ ਸਿੱਖ ਫ਼ੌਜਾਂ ਨੂੰ ਤਬਾਹ ਕਰਨ ਲਈ ਗੋਂਦਾ ਗੁੰਦਣ ਲੱਗ ਪਏ। ਈਸਟ ਇੰਡੀਆ ਕੰਪਨੀ ਦੀਆਂ ਫ਼ੌਜੀ ਤਿਆਰੀਆਂ ਫ਼ਿਰੋਜ਼ਪੁਰ ਦੇ ਪੋਲੀਟੀਕਲ ਏਜੰਟ ਦੀਆਂ ਕਾਰਵਾਈਆਂ ਦੇ ਕਾਰਣ ਪੈਦਾ ਹੋ ਗਈ ਭੜਕਾਹਟ ਅਤੇ ਲਾਹੌਰ ਵਿਚ ਨਵੇਂ ਬਣਾ ਲਏ ਗਏ ਕੰਪਨੀ ਦੇ ਖੁਫ਼ੀਆ ਹਿਮਾਇਤੀਆਂ ਦੇ ਕਾਰਣ ਆਪਣੇ ਦੇਸ਼ ਉੱਤੇ ਆਉਂਦੇ ਦਿਸ ਰਹੇ ਖ਼ਤਰੇ ਨੂੰ ਰੋਕਣ ਲਈ ਸਿੱਖ ਫ਼ੌਜਾਂ ਲਈ ਜੰਗ ਤੋਂ ਬਗ਼ੈਰ ਹੁਣ ਹੋਰ ਕੋਈ ਚਾਰਾ ਹੀ ਨਹੀਂ ਸੀ ਰਿਹਾ, ਇਸ ਲਈ ਅੰਤ ਉਨ੍ਹਾਂ ਨੇ ਵੀ ਜਲਦੀ ਤਿਆਰੀ ਕਰਨੀ ਆਰੰਭੀ।

ਕੁਝ ਚਿਰ ਪਹਿਲਾਂ ਤੋਂ ਚੂੰਕਿ ਦੇਸ਼ ਵਿਚ ਖ਼ੂਨ ਖ਼ਰਾਬੇ ਦੀ ਹਾਲਤ ਰਹੀ ਸੀ ਅਤੇ ਆਪੋ ਵਿਚ ਪਾਟੋ-ਧਾੜ ਹੋਈ ਹੋਈ ਸੀ ਇਸ ਲਈ ਫ਼ੌਜਾਂ ਨੂੰ ਇਕ-ਮੁੱਠ ਕਰਨ ਲਈ ਪੰਚਾਂ ਨੇ ਮੀਆਂਮੀਰ ਅਤੇ ਦੂਸਰੇ ਫ਼ੌਜੀ ਡੇਰਿਆਂ ਵਿਚ ਦੀਵਾਨ ਲਾਏ ਤੇ ਰਾਜ ਦੇ ਵਫ਼ਾਦਾਰ ਰਹਿਣ ਦੇ ਪ੍ਰਣ ਕੀਤੇ ਅਤੇ ਪਲਟਣਾਂ ਦੀਆਂ ਪੰਚਾਇਤਾਂ ਲੜਾਈ ਦੇ ਦਿਨਾਂ ਲਈ ਬੰਦ ਕਰ ਦਿੱਤੀਆਂ। ਕੀ ਸਿੱਖ ਸਰਦਾਰ ਤੇ ਕੀ ਸਿਪਾਹੀ ਸਭ ਪੰਜਾਬ ਦੇ ਨਾਮ ਤੋਂ ਆਪਣੀਆਂ ਜਾਨਾਂ ਵਾਰਨ ਲਈ ਤਿਆਰ ਸਨ। ਜੇ ਅੰਦਰੋਂ ਅੰਦਰ ਬੇਈਮਾਨ ਸਨ ਤਾਂ ਮਿੱਸਰ ਵਜ਼ੀਰ ਤੇ ਕਮਾਂਡਰ-ਇਨ-ਚੀਫ਼[1] ਜਿਨ੍ਹਾਂ ਦਾ ਕਿ ਲੜਾਈ ਦੇ ਅਖ਼ੀਰ ਜਾ ਕੇ ਵੀ ਪੂਰੀ ਤਰ੍ਹਾਂ ਪਾਜ ਨਾ ਉਘੜਿਆ।

---

1. ਇਸ ਦਾ ਅੰਦਾਜ਼ਾ ਸਿੱਖ ਸਿਪਾਹੀਆਂ ਦੇ ਉਸ ਉਤਸ਼ਾਹ ਅਤੇ ਖ਼ੁਸ਼ੀ ਤੋਂ ਲੱਗ ਸਕਦਾ ਹੈ ਜਿਸ ਨਾਲ ਕਿ ਉਹ ਜੰਗ ਦੇ ਹਰ ਕੰਮ ਨੂੰ ਆਪਣਾ ਸਮਝ ਕੇ ਕਰਦੇ ਸਨ। ਕਨਿੰਘਮ ਲਿਖਦਾ ਹੈ ਕਿ—
The effects of this enthusiastic unity of purpose in an army, headed by men not only ignorant of warfare but studiously treacheros towards their followers, was Conspicuously visible in the speediness with which numerous heavy guns and abundance of grain and ammunition were brought across a large river. Every Sikh considered the cause as his own, and he would work as a labourer as well as carry a musket; he would drag guns, drive bullocks, lead

(ਬਾਕੀ ਦੇਖੋ ਪੰਨਾ 108 ਤੇ)

12 ਅੱਸੂ ਸੰਮਤ 1902 ਮੁਤਾਬਕ 27 ਸਤੰਬਰ 1845 ਨੂੰ ਖ਼ਾਲਸਾ ਫ਼ੌਜਾਂ ਨੇ ਥਾਓਂ ਥਾਈਂ ਡੇਰਿਆਂ ਵਿਚ ਪ੍ਰਣ-ਪੱਤ੍ਰ ਭਰੇ ਕਿ ਉਹ ਹਰ ਤਰ੍ਹਾਂ ਮਹਾਰਾਜਾ ਦਲੀਪ ਸਿੰਘ ਅਤੇ ਰਾਜ-ਮਾਤਾ ਮਹਾਰਾਣੀ ਜਿੰਦ ਕੌਰ ਦੇ ਵਫ਼ਾਦਾਰ ਰਹਿ ਕੇ ਫ਼ਰੰਗੀ ਨਾਲ ਜੰਗ ਕਰਨਗੇ। ਇੱਛਰੇ ਦੇ ਡੇਰੇ ਫ਼ਾਰਸੀ ਵਿਚ ਭਰੇ ਹੋਏ ਪ੍ਰਣ-ਪਤ੍ਰ ਦਾ ਪੰਜਾਬੀ ਉਲਥਾ ਇਸ ਤਰ੍ਹਾਂ ਹੈ :

### ਤਰਜਮਾਂ

ਅਸੀਂ ਜੋ ਰਾਮ-ਰਜਮਣ ਦੇ ਸਿਪਾਹੀ ਅਤੇ ਛੋਟੇ ਵੱਡੇ ਹੁੱਦੇਦਾਰ ਸਣੇ ਕਰਨੈਲ ਜੋਧ ਸਿੰਘ, ਕੁਮੇਦਾਨ ਗੁਲਾਬ ਸਿੰਘ, ਸਮੇਤ ਜਰਨੈਲ ਬੁਧ ਸਿੰਘ ਮਾਨ ਹਾਂ, ਇਸ ਵੇਲੇ ਲਿਖਤ ਕਰ ਕੇ ਦਿੰਦੇ ਹਾਂ ਅਤੇ ਪ੍ਰਣ ਕਰਦੇ ਹਾਂ ਕਿ ਚੂੰਕਿ ਸਰਬਤ ਖ਼ਾਲਸਾ ਜੀ ਨੂੰ ਵਿਚਾਰ ਕਰ ਕੇ ਅਤੇ ਇਕ-ਸਲਾਹੇ ਹੋ ਕੇ ਬਾਦਸ਼ਾਹ ਦਲੀਪ ਸਿੰਘ ਅਤੇ ਵਜ਼ੀਰ ਮਾਈ (ਜਿੰਦ ਕੌਰ) ਸਾਹਿਬਾ ਮਨਜ਼ੂਰ ਤੇ ਪ੍ਰਵਾਣ ਹਨ ਇਸ ਲਈ ਸਾਡੇ ਵਿਚੋਂ ਕੋਈ ਵੀ ਇਸ ਵਿਚਾਰ ਅਤੇ ਸਲਾਹ ਤੋਂ ਬਾਹਰਾ ਨਹੀਂ ਹੋਵੇਗਾ। ਇਹ ਕੁਝ ਸ਼ਬਦ ਪ੍ਰਮਾਣ-ਪੱਤ੍ਰ ਦੇ ਤੌਰ ਤੇ ਲਿਖੇ ਗਏ ਹਨ।

ਦੂਜੀ ਗੱਲ-ਪਹਿਲੇ ਨੌਰਾਤੇ ਖ਼ਾਲਸਾ ਜੀ ਦੀਆਂ ਫ਼ੌਜਾਂ ਫ਼ਿਰੋਜ਼ਪੁਰ ਵੱਲ ਕੂਚ ਕਰਨਗੀਆਂ। ਇਕਰਾਰ ਪੱਕਾ ਹੈ ਕਿ ਖ਼ਾਲਸਾ ਜੀ ਪਹਿਲੇ ਨੌਰਾਤੇ ਫ਼ਿਰੋਜ਼ਪੁਰ ਵੱਲ ਨੂੰ ਕੂਚ ਕਰਨਗੇ ਅਤੇ ਧਰਮ-ਨੇਮ ਅਨੁਸਾਰ ਸਰਬਤ ਖ਼ਾਲਸਾ ਫ਼ਿਰੋਜ਼ਪੁਰ ਵਿਚ ਫ਼ਰੰਗੀ ਦੇ ਟਾਕਰੇ ਹੋਵੇਗਾ। ਦੁਸਹਿਰੇ ਵਾਲੇ ਦਿਨ ਸਤਲੁਜ ਦਰਿਆ ਦੇ ਕੰਢੇ ਹੋਵੇਗਾ। ਦੁਸਹਿਰੇ ਦਾ ਦਿਨ ਫ਼ਿਰੋਜ਼ਪੁਰ ਵੱਲ ਨੂੰ ਪਾਰ ਕਰਨ ਦਾ ਦਿਨ ਮੁਕੱਰਰ ਹੋਇਆ ਹੈ। ਠੀਕ ਹੋਵੇਗਾ।

12 ਅੱਸੂ ਸੰਮਤ 1902 ਨੂੰ ਸਰਬਤ ਖ਼ਾਲਸਾ ਜੀਓ ਦੇ ਲਾਮ ਦੇ ਡੇਰੇ ਇੱਛਰੇ ਇਹ ਲਿਖਤ ਹੋਈ।

### ਸਹੀ

ਗੁਲਾਬ ਸਿੰਘ ਕੁਮੇਦਾਨ, ਜੋਧ ਸਿੰਘ ਕਰਨੈਲ, ਜਰਨੈਲ ਬੁਧ ਸਿੰਘ ਮਾਨ, ਅਸ਼ਰਫ਼ ਅਲੀਮੇਜਰ, ਫ਼ਤਹਿ ਸਿੰਘ ਕਾਨ੍ਹ ਸਿੰਘ ਰਿਸਾਲਾ ਨੰ. 1, ਰਾਮ ਸਿੰਘ ਰਿਸਾਲਾ ਨੰ. 2, ਸਾਵਣ ਸਿੰਘ ਰਿਸਾਲਾ ਨੰ. 3, ਜੀਊਣ ਸਿੰਘ ਰਿਸਾਲਾ ਨੰ. 4,—ਰਿਸਾਲਾ ਨੰ. 5, ਧਿਆਨ ਸਿੰਘ ਰਿਸਾਲਾ ਨੰ. 6।

---

(ਪੰਨਾ 107 ਦਾ ਬਾਕੀ)

camels, and load and unload boats with a cheerful alacrity. *History of the Sikhs* (1849), p. 305.

ਖ਼ਾਲਸਿਆਂ ਨੇ ਤਾਂ ਇਕ ਮੁੱਠ ਹੋ ਕੇ ਜੰਗ ਨੂੰ ਕਾਮਯਾਬ ਬਣਾਉਣ ਲਈ ਆਪਣੀਆਂ ਫ਼ੌਜੀ ਪੰਚਾਇਤਾਂ ਵੀ ਤੋੜ ਦਿੱਤੀਆਂ, ਪਰ ਫ਼ਾਇਦਾ ਇਸ ਦਾ ਗ਼ੱਦਾਰਾਂ ਨੇ ਉਠਾਇਆ ਜਿਨ੍ਹਾਂ ਨੂੰ ਆਪਣੀਆਂ ਕਮੀਨੀਆਂ ਕਾਰਵਾਈਆਂ ਲਈ ਜ਼ਿਆਦਾ ਸੁਖਾਲਾ ਹੋ ਗਿਆ। ਕਨਿੰਘਮ ਲਿਖਦਾ ਹੈ—

The Sikh army itself understood the unity of counsel in the affairs of war, and the power of the regimental and other committees was temporarily suspended by an agreement with the executive heads of the state, which enabled these unworthy men to effect their base objects with comparative ease.—*History of the Sikhs* (1849), 304-5.

ਨਵੰਬਰ ਦੇ ਤੀਸਰੇ ਹਫ਼ਤੇ ਖ਼ਾਲਸਾ ਫ਼ੌਜਾਂ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਹਾਜ਼ਰ ਹੋਈਆਂ ਤੇ ਕਸਮਾਂ ਖਾਧੀਆਂ ਕਿ ਉਹ ਹਰ ਤਰ੍ਹਾਂ ਦਰਬਾਰ ਦੇ ਵਫ਼ਾਦਾਰ ਰਹਿਣਗੇ ਅਤੇ ਸਤਲੁਜੋਂ ਪਾਰ ਫ਼ਰੰਗੀ ਦੇ ਟਾਕਰੇ ਤੇ ਲੜਨ ਜਾਣਗੇ। ਪਰ ਇਹ ਸਭ ਕੁਝ ਸੁਆਰ ਕੀ ਸਕਦਾ ਸੀ ਜਦ ਕਿ ਪੰਜਾਬ ਸਰਕਾਰ ਦੇ ਸਿਵਿਲ ਤੇ ਫ਼ੌਜੀ ਦੋਨੋਂ ਵੱਡੇ ਅਫ਼ਸਰ (ਜੋ ਗ਼ੈਰ-ਸਿੱਖ ਤੇ ਗ਼ੈਰ-ਪੰਜਾਬੀ ਸਨ) ਕੰਪਨੀ ਨਾਲ ਰਲੇ ਹੋਏ ਸਨ।

ਖ਼ਾਲਸਾ ਫ਼ੌਜਾਂ ਦਾ ਇਲਾਨ ਅੰਗ੍ਰੇਜ਼ਾਂ ਉੱਤੇ ਲੜਾਈ ਦਾ ਹੱਲਾ ਕਰਨ ਦਾ ਨਹੀਂ ਸੀ ਬਲਕਿ ਲੜਾਈ ਲਈ ਤਿਆਰ ਹੋ ਕੇ ਆਏ ਹੋਏ ਅੰਗ੍ਰੇਜ਼ਾਂ ਦੇ ਟਾਕਰੇ ਤੇ ਆਪਣੇ ਇਲਾਕੇ ਵਿਚ ਆਪਣੇ ਹੱਕਾਂ ਦੇ ਬਚਾਓ ਲਈ ਲੜਨਾ ਸੀ, ਜਿਵੇਂ ਕਿ ਲਾਹੌਰ ਦਰਬਾਰ ਵੱਲੋਂ ਅਚਾਨਕ ਜੰਗੀ ਤਿਆਰੀਆਂ ਲਈ ਦਿੱਤੇ ਕਾਰਣਾਂ ਤੋਂ ਸਾਫ਼ ਸਿੱਧ ਹੈ।

ਪਹਿਲਾ ਕਾਰਣ ਇਹ ਸੀ ਕਿ ਸਰਕਾਰ ਅੰਗ੍ਰੇਜ਼ੀ ਨੇ ਪੰਜਾਬ ਸਰਕਾਰ ਵੱਲੋਂ ਲੜਾਈ ਛਿੜਨ ਵਾਲੇ ਕਿਸੇ ਕਾਰਣ ਦੇ ਪੈਦਾ ਹੋਣ ਤੋਂ ਬਿਨਾਂ ਹੀ ਪੰਜਾਬ ਦੀ ਹੱਦ ਉੱਤੇ ਲੜਾਈ ਲਈ ਹਰ ਤਰ੍ਹਾਂ ਤਿਆਰ ਅੰਗ੍ਰੇਜ਼ੀ ਫ਼ੌਜ ਦੀ ਇਕ ਬੜੀ ਭਾਰੀ ਗਿਣਤੀ ਲਿਆ ਜਮਾ ਕੀਤੀ ਹੈ ਅਤੇ ਖ਼ੁਦ ਗਵਰਨਰ ਜਨਰਲ ਵੀ ਪੰਜਾਬ ਦੀ ਹੱਦ ਵੱਲ ਨੂੰ ਵਧਿਆ ਚਲਿਆ ਆ ਰਿਹਾ ਹੈ। ਦੂਸਰਾ ਇਹ ਕਿ ਈਸਟ ਇੰਡੀਆ ਕੰਪਨੀ ਦੇ ਅਫ਼ਸਰ ਸਤਲੁਜੋਂ ਪਾਰ ਲਾਹੌਰ ਦਰਬਾਰ ਦੇ ਆਪਣੇ ਇਲਾਕੇ ਵਿਚ ਲਾਹੌਰ ਦੇ ਸਿਵਿਲ ਤੇ ਫ਼ੌਜੀ ਆਦਮੀਆਂ ਨੂੰ ਜਾਣੋਂ ਰੋਕਦੇ ਹਨ। ਤੀਸਰਾ ਇਹ ਕਿ ਅੰਗ੍ਰੇਜ਼ਾਂ ਨੇ ਰਾਜਾ ਸੁਚੇਤ ਸਿੰਘ ਦੇ ਫ਼ਿਰੋਜ਼ਪੁਰ ਦੇ ਖ਼ਜ਼ਾਨੇ ਵਿਚ ਜਮਾ ਪਏ ਰੁਪਈਏ ਸੰਬੰਧੀ ਪੰਜਾਬ ਸਰਕਾਰ ਦੀ ਮੰਗ ਪੂਰੀ ਨਹੀਂ ਕੀਤੀ, ਅਤੇ ਚੌਥਾ ਇਹ ਕਿ ਮੋਰੋਂ ਪਿੰਡ ਸੰਬੰਧੀ ਮਹਾਰਾਜਾ ਨਾਭਾ ਨਾਲ ਝਗੜੇ ਵਿਚ ਅੰਗ੍ਰੇਜ਼ਾਂ ਨੇ ਪੰਜਾਬ ਸਰਕਾਰ ਦੇ ਵਿਰੁੱਧ ਦਖ਼ਲ ਦਿੱਤਾ ਹੈ।

ਈਸਟ ਇੰਡੀਆ ਕੰਪਨੀ ਵੱਲੋਂ ਫ਼ੌਜੀ ਤਿਆਰੀਆਂ ਅਤੇ ਉਨ੍ਹਾਂ ਦੇ ਫ਼ਿਰੋਜ਼ਪੁਰ ਵਿਚ ਬੈਠੇ ਪੋਲੀਟੀਕਲ ਏਜੰਟ ਬਰੋਡਫੁਟ ਵੱਲੋਂ ਹੋ ਰਹੀ ਛੇੜ ਖਾਨੀ ਦਾ ਕੁਝ ਕੁ ਜ਼ਿਕਰ ਉੱਪਰ ਕੀਤਾ ਜਾ ਚੁੱਕਾ ਹੈ ਤੇ ਦੱਸਿਆ ਗਿਆ ਹੈ ਕਿ ਇਸ ਦਾ ਅੰਦਰੂਨੀ ਮਕਸਦ ਕੀ ਸੀ ਤੇ ਕਿਵੇਂ ਡੇਢ ਦੋ ਸਾਲ ਪਹਿਲਾਂ ਹੀ ਗਵਰਨਰ-ਜਨਰਲ ਨੂੰ ਲਾਹੌਰ ਦਰਬਾਰ ਨਾਲ ਲੜਾਈ ਲੱਗਣ ਦੀ ਠੀਕ ਤਾਰੀਖ਼ ਤਕ ਦਾ ਪਤਾ ਸੀ। ਇਸ ਤੋਂ ਇਹ ਗੱਲ ਸਾਫ਼ ਸਿੱਧ ਹੈ ਕਿ ਲੜਾਈ ਦਾ ਜਿਸ ਵੇਲੇ ਲੋੜ ਹੋਵੇ ਲਾ ਲੁਆ ਲੈਣਾ ਕੰਪਨੀ ਦੇ ਅਫ਼ਸਰਾਂ ਦੇ ਆਪਣੇ ਹੱਥ ਵਿਚ ਸੀ ਅਤੇ ਉਨ੍ਹਾਂ ਨੂੰ ਆਪਣੇ ਨਾਲ ਰਲੇ ਹੋਏ ਜਾਂ ਰਲਣ ਵਾਲੇ ਲਾਹੌਰ ਸਰਕਾਰ ਦੇ ਵੱਡੇ ਅਫ਼ਸਰਾਂ ਉੱਤੇ ਇਤਨਾ ਪੱਕਾ ਭਰੋਸਾ ਸੀ ਕਿ ਗਵਰਨਰ-ਜਨਰਲ ਠੋਕ ਬਜਾ ਕੇ ਇਕ ਸਾਲ ਦਸ ਮਹੀਨੇ ਪਹਿਲਾਂ ਹੀ ਕਹਿ ਸਕਦਾ ਸੀ ਕਿ "ਇਸ ਗੱਲ ਤੇ ਭਰੋਸਾ ਰੱਖੋ ਕਿ ਮੈਂ ਬੇਲੋੜੇ ਜਾਂ ਜਲਦੀ ਵਿਚ ਲੜਾਈ ਨਹੀਂ ਛੇੜਾਂਗਾ ਅਤੇ ਜੇ ਮੈਨੂੰ ਲੜਾਈ ਲਾਉਣੀ ਹੀ ਪਈ ਤਾਂ ਮੈਂ ਖ਼ਾਸ ਹੱਦ ਤਕ ਕਾਮਯਾਬੀ ਪਹਿਲਾਂ ਹੀ ਹਾਸਲ ਕਰ ਲੈਣ ਲਈ ਪੂਰਾ ਯਤਨ ਕਰਾਂਗਾ।' ਇਨ੍ਹਾਂ ਹਾਲਤਾਂ ਵਿਚ ਲੜਾਈ ਛੇੜਨ ਦਾ ਦੋਸ਼ ਸਰਕਾਰ ਪੰਜਾਬ ਦੇ ਸਿਰ ਮੜ੍ਹਨਾ ਵਾਕਿਆਤ ਦੇ ਵਿਰੁੱਧ ਹੈ।

ਸਤਲੁਜ ਦਰਿਆ ਦੇ ਦੱਖਣ ਨੂੰ ਸਰਕਾਰ ਲਾਹੌਰ ਦਾ ਕਾਫ਼ੀ ਇਲਾਕਾ ਸੀ। ਇਸ ਲਈ ਜਿਸ ਵੇਲੇ ਸਰਕਾਰ ਲਾਹੌਰ ਦੀਆਂ ਫ਼ੌਜਾਂ ਲੜਾਈ ਲਈ ਜਮਾ ਹੋਈ ਹੋਈ ਤੇ ਹੋ ਰਹੀ ਅੰਗ੍ਰੇਜ਼ੀ ਫ਼ੌਜ ਦੇ ਟਾਕਰੇ ਲਈ (ਅੰਗ੍ਰੇਜ਼ਾਂ ਤੇ ਹੱਲਾ ਕਰਨ ਲਈ ਨਹੀਂ) ਸਤਲੁਜੋਂ ਪਾਰ ਹੋਈਆਂ ਤਾਂ ਉਹ ਆਪਣੇ ਇਲਾਕੇ ਵਿਚ ਹੀ ਜਾ ਕੇ ਉੱਤਰੀਆਂ ਸਨ ਅੰਗ੍ਰੇਜ਼ੀ ਇਲਾਕੇ ਵਿਚ ਨਹੀਂ।[1] ਇਹ ਠੀਕ ਹੈ ਕਿ 25 ਅਪ੍ਰੈਲ 1809 ਦੇ ਅਹਿਦਨਾਮੇ ਵਿਚ ਇਹ ਗੱਲ ਲਿਖੀ ਹੋਈ ਸੀ ਕਿ ਅੰਦਰੂਨੀ ਪ੍ਰਬੰਧ ਲਈ ਲੋੜ ਤੋਂ ਜ਼ਿਆਦਾ ਫ਼ੌਜ ਉਸ ਇਲਾਕੇ ਵਿਚ ਨਹੀਂ ਰਖੀ ਜਾਵੇਗੀ ਜਿਹੜਾ ਕਿ ਸਤਲੁਜ ਦੇ ਦੱਖਣ ਨੂੰ ਸਰਕਾਰ ਲਾਹੌਰ ਦਾ ਹੈ ਪਰ ਹੁਣ ਜਦ ਕਿ ਪੂਰੀ ਤਰ੍ਹਾਂ ਲੜਾਈ ਲਈ ਤਿਆਰ ਇਕ ਬੜੀ ਫ਼ੌਜ ਅੰਗ੍ਰੇਜ਼ਾਂ ਨੇ ਸਰਕਾਰ ਲਾਹੌਰ ਦੇ ਇਲਾਕੇ ਦੀ ਸਰਹੱਦ ਉੱਤੇ ਲਿਆ ਖੜੀ ਕੀਤੀ ਸੀ ਅਤੇ ਇਲਾਕੇ ਨੂੰ ਖ਼ਤਰਾ ਸਾਫ਼ ਦਿਸ ਰਿਹਾ ਸੀ ਤਾਂ ਸਰਕਾਰ ਲਾਹੌਰ ਨੂੰ ਉਸ ਦੇ ਮੁਤਾਬਕ ਹੀ ਪ੍ਰਬੰਧ ਕਰਨ ਲਈ ਫ਼ੌਜ ਵੀ ਜ਼ਿਆਦਾ ਗਿਣਤੀ ਵਿਚ ਰਖਣੀ ਪੈਣੀ ਸੀ। ਫ਼ੌਜੀ ਤਿਆਰੀਆਂ ਅਤੇ ਸਰਹੱਦ ਉੱਤੇ ਫ਼ੌਜ ਲੈ ਆਉਣ ਦੀ ਪਹਿਲ ਕੰਪਨੀ ਵੱਲੋਂ ਹੋਈ ਸੀ, ਸਰਕਾਰ ਲਾਹੌਰ ਵੱਲੋਂ ਨਹੀਂ। ਇਸ ਤੋਂ ਇਲਾਵਾ ਮੇਜਰ ਕਾਰਮਾਈਕਲ ਸਮਿੱਥ ਲਿਖਦਾ ਹੈ ਕਿ ਇਹ 1809 ਦਾ ਅਹਿਦਨਾਮਾ ਪਹਿਲਾਂ ਹੀ ਅੰਗ੍ਰੇਜ਼ਾਂ ਵੱਲੋਂ ਤੋੜਿਆ ਜਾ ਚੁੱਕਾ ਹੋਇਆ ਸੀ ਜਦ ਕਿ ਉਨ੍ਹਾਂ ਨੇ ਫ਼ਿਰੋਜ਼ਪੁਰ ਅਤੇ ਪੰਜਾਬ ਦੇ ਵਿਚਕਾਰ ਸਤਲੁਜ ਵਿਚ ਸਿੱਖਾਂ ਦੇ ਇਕ ਜਜ਼ੀਰੇ ਉੱਤੇ ਕਬਜ਼ਾ ਕਰ ਲਿਆ।[2] ਇਸ ਲਈ ਨਾ ਤਾਂ ਅਮਲੀ ਵਾਕਿਆਤ ਦੀ ਬਿਨਾਂ ਤੋਂ ਅਤੇ ਨਾ ਹੀ ਅਹਿਦਨਾਮੇ ਨੂੰ ਅੱਗੇ ਕਰ ਕੇ ਇਹ ਆਖਿਆ ਜਾ ਸਕਦਾ ਹੈ ਕਿ ਲਾਹੌਰ ਦਰਬਾਰ ਨੇ ਅੰਗ੍ਰੇਜ਼ੀ ਇਲਾਕੇ ਉੱਤੇ ਕੋਈ ਹਮਲਾ ਕੀਤਾ ਹੈ। ਚੂੰਕਿ ਲੜਾਈ ਦੀਆਂ ਤਿਆਰੀਆਂ ਵੀ ਪਹਿਲਾਂ ਅੰਗ੍ਰੇਜ਼ਾਂ ਨੇ ਕੀਤੀਆਂ, ਲਾਹੌਰ ਦੇ ਇਲਾਕੇ ਦੀ ਹੱਦ ਉੱਤੇ ਫ਼ੌਜ ਵੀ ਪਹਿਲਾਂ ਉਨ੍ਹਾਂ ਹੀ ਲਿਆ ਜਮਾ ਕੀਤੀ, ਸਰਕਾਰ ਲਾਹੌਰ ਦੇ ਆਦਮੀਆਂ ਨੂੰ ਉਨ੍ਹਾਂ ਦੇ ਆਪਣੇ ਹੀ ਇਲਾਕੇ ਵਿਚ ਦਾਖ਼ਲ ਹੋਣੋ ਵੀ ਕੰਪਨੀ ਦੇ ਅਫ਼ਸਰਾਂ ਨੇ ਹੀ ਰੋਕਿਆ ਅਤੇ ਉਨ੍ਹਾਂ ਉੱਤੇ ਗੋਲੀ ਚਲਾਉਣ ਦੀ ਪਹਿਲ ਵੀ ਉਨ੍ਹਾਂ ਹੀ ਕੀਤੀ, ਸਿੱਖਾਂ ਦੇ ਜਜ਼ੀਰੇ ਉੱਤੇ ਕਬਜ਼ਾ ਕਰਨ ਕਰਕੇ ਅਹਿਦਨਾਮਾ ਵੀ ਉਨ੍ਹਾਂ ਵੱਲੋਂ ਹੀ ਟੁੱਟਾ, ਸਰਕਾਰ ਲਾਹੌਰ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਨ ਵਿਚ

---

1. "As all European powers would have done under such circumstances the Sikhs thought it as well to be first in the field. More over they were not encamped in our territories but their own *Smyth, Reigning Family of Lahore*, xxii.

2. "We have been told that the Seiks violated the treaty, by corssing the river with the army; but the question is, was not the treaty null and void when they crossed?.........and I, only ask, has *we* not departed *from the rules of friendship first?* The year before the war broke out, we kept the island between Ferozepore and Punjab, *thought it belonged to the Seiks*, owing to the deep water between us and the island."—Smyth, *Reigning Family of Lahore*, ii.

ਕੋਤਾਹੀ ਵੀ ਉਨ੍ਹਾਂ ਹੀ ਕੀਤੀ, ਆਪਣੇ ਆਦਮੀ ਭੇਜਕੇ ਲਾਹੌਰ ਦਰਬਾਰ ਵਿਚ ਫੁੱਟ ਪੁਆਉਣ ਅਤੇ ਅੰਗ੍ਰੇਜ਼ਾਂ ਦੇ ਪੰਜਾਬ ਤੇ ਕਬਜ਼ਾ ਕਰਨ ਲਈ ਸਾਜ਼ਸ਼ ਦੀ ਕੋਸ਼ਿਸ਼ ਵੀ ਉਨ੍ਹਾਂ ਨੇ ਹੀ ਕੀਤੀ, ਲਾਹੌਰ ਦਰਬਾਰ ਦੇ ਵਜ਼ੀਰ ਅਤੇ ਕਮਾਂਡਰ-ਇਨ-ਚੀਫ਼ ਨੂੰ ਆਪਣੇ ਨਾਲ ਗੰਢਣ ਅਤੇ ਲੜਾਈ ਵਿਚ ਗੱਦਾਰੀ ਕਰਨ ਦੀ ਉਕਸਾਹਟ ਦੇ ਕੇ ਦੋਸਤੀ ਦੀ ਵਿਰੋਧਤਾ ਵੀ ਕੰਪਨੀ ਦੇ ਪੋਲੀਟੀਕਲ ਏਜੰਟਾਂ ਨੇ ਹੀ ਕੀਤੀ, ਅਤੇ ਸਰਕਾਰ ਲਾਹੌਰ ਦੇ ਪੂਰਬੀ ਨੌਕਰਾਂ ਨੂੰ ਆਪਣੇ ਨਾਲ ਰਲਾਉਣ ਲਈ ਐਲਾਨ ਵੀ ਕੰਪਨੀ ਨੇ ਹੀ ਕੱਢੇ, ਇਸ ਲਈ ਸਿੱਧੇ ਜਾਂ ਟੇਢੇ ਢੰਗਾਂ ਨਾਲ ਲਾਹੌਰ ਦਰਬਾਰ ਨਾਲ ਲੜਾਈ ਪੈਦਾ ਕਰਨ ਤੇ ਛੇੜਨ ਦੀ ਸਾਰੀ ਜ਼ੁੰਮੇਵਾਰੀ ਈਸਟ ਇੰਡੀਆ ਕੰਪਨੀ ਦੇ ਸਿਰ ਹੀ ਆਉਂਦੀ ਹੈ। ਅਤੇ ਚੂੰਕਿ ਲੜਾਈ ਲੱਗਣ ਤੋਂ ਪਹਿਲਾਂ ਹੀ 13 ਦਸੰਬਰ 1845 ਨੂੰ ਗਵਰਨਰ-ਜਨਰਲ ਨੇ ਸਰਕਾਰ ਲਾਹੌਰ ਅਤੇ ਕਪੂਰਥਲਾ ਤੇ ਸਤਲੁਜੋਂ ਦੱਖਣ ਦੇ ਇਲਾਕੇ ਨੂੰ ਜ਼ਬਤ ਕਰ ਲੈਣ ਦਾ ਐਲਾਨ ਕਰ ਦਿੱਤਾ[1] ਅਤੇ ਸਰਕਾਰ ਲਾਹੌਰ ਦੇ ਇਲਾਕੇ ਵਿਚ ਹੀ ਲੜਾਈ ਲਗੀ, ਇਸ ਲਈ ਸਰਕਾਰ ਲਾਹੌਰ ਦੇ ਇਲਾਕੇ ਉੱਤੇ ਹਮਲਾ ਕਰਨ ਦਾ ਦੋਸ਼ ਕੰਪਨੀ ਦੇ ਸਿਰ ਆਉਂਦਾ ਹੈ ਅਤੇ ਚੂੰਕਿ ਲੜੀਆਂ ਗਈਆਂ ਲੜਾਈਆਂ ਵਿਚ ਜਿੱਤਾਂ ਵੀ ਲਾਹੌਰ ਦਰਬਾਰ ਦੇ ਗ਼ੈਰ-ਸਿੱਖ ਤੇ ਪੂਰਬੀਏ ਅਫ਼ਸਰਾਂ ਵਜ਼ੀਰ ਲਾਲ ਸਿੰਘ ਅਤੇ ਕਮਾਂਡਰ-ਇਨ-ਚੀਫ਼ ਤੇਜ ਸਿੰਘ ਨੂੰ ਆਪਣੇ ਨਾਲ ਖੁਫ਼ੀਆ ਤੌਰ ਤੇ ਗੰਢ ਕੇ ਉਨ੍ਹਾਂ ਦੀ ਗੱਦਾਰੀ ਨਾਲ ਪ੍ਰਾਪਤ ਕੀਤੀਆਂ, ਇਸ ਲਈ ਖੁਫ਼ੀਆ ਤੇ ਵਿੰਗੇ ਢੰਗਾਂ ਨਾਲ ਆਪਣੇ ਪੈਂਤੀਸ ਸਾਲ ਦੇ ਮਿੱਤਰ ਮਹਾਰਾਜਾ

---

1. ਮੁਦਕੀ ਲੜਾਈ ਜੋ ਸਿੰਘਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਵਿਚੋਂ ਪਹਿਲੀ ਲੜਾਈ ਸੀ, 18 ਦਸਬੰਰ ਨੂੰ ਲੜੀ ਗਈ ਸੀ। ਭਾਵੇਂ ਇਸ ਲੜਾਈ ਵਿਚ ਭੀ ਰਾਜਾ ਲਾਲ ਸਿੰਘ ਵਜ਼ੀਰ ਕੈਪਟਨ ਨਿਕਲਸਨ ਦੀ ਸਲਾਹ ਨਾਲ ਹੀ ਆਪਣੀ ਫ਼ੌਜ ਅੰਗਰੇਜ਼ੀ ਕਮਾਂਡਰ-ਇਨ-ਚੀਫ਼ ਸਰ ਹੀਊ ਗੋਫ਼ ਦੇ ਵਿਰੁੱਧ ਲੈ ਕੇ ਗਿਆ, ਜਿਵੇਂ ਕਿ ਕਰਨਲ ਮੂਤੋਂ ਨੇ ਆਪਣੀ ਰੀਪੋਰਟ ਵਿਚ ਲਿਖਿਆ ਹੈ, ਪਰ ਸਰਕਾਰ ਲਾਹੌਰ ਦਾ ਸਤਲੁਜ ਦੇ ਦੱਖਣ ਦਾ ਇਲਾਕਾ ਜ਼ਬਤ ਕਰ ਲੈਣ ਦਾ ਐਲਾਨ ਇਸ ਤੋਂ ਪੰਜ ਦਿਨ ਪਹਿਲਾਂ ਹੀ 13 ਦਸੰਬਰ 1845 ਨੂੰ ਸਰਾਏ ਲਸ਼ਕਰੀ ਖ਼ਾਨ ਤੋਂ ਕਰ ਦਿੱਤਾ ਸੀ ਜਿਸ ਵੇਲੇ ਕਿ ਸਿੱਖ ਫ਼ੌਜਾਂ ਸਤਲੁਜੋਂ ਪਾਰ ਹੋ ਕੇ ਆਪਣੇ ਇਲਾਕੇ ਵਿਚ ਉਤਰੀਆਂ ਹੀ ਸਨ। 18 ਤਾਰੀਖ ਨੂੰ ਜਿਸ ਵੇਲੇ ਮੁਦਕੀ ਦੀ ਲੜਾਈ ਸ਼ੁਰੂ ਹੋਈ ਤਾਂ ਉਸ ਵੇਲੇ ਖ਼ੁਦ ਗਵਰਨਰ-ਜਨਰਲ ਸਰ ਹੈਨਰੀ ਹਾਰਡਿੰਗ ਦਾ ਆਪਣਾ ਦਿਲ ਭੀ ਇਹ ਗਵਾਹੀ ਦਿੰਦਾ ਸੀ ਕਿ ਹੋਰ ਤਾਂ ਹੋਰ ਇੰਗਲਿਸਤਾਨ ਦੇ ਲੋਕ ਭੀ ਇਸ ਲੜਾਈ ਨੂੰ ਸਿੱਖਾਂ ਵੱਲੋਂ ਅੰਗਰੇਜ਼ੀ ਸਰਹੱਦ ਉੱਤੇ ਕੀਤਾ ਗਿਆ ਹਮਲਾ ਨਹੀਂ ਮੰਨਣਗੇ। ਬਰੋਡਫਟ ਦੇ ਅਸਿਸਟੈਂਟ ਰੋਬਰਟ ਨੀਡਹਮ ਕਸਟ ਉਸ ਵੇਲੇ ਗਵਰਨਰ-ਜਨਰਲ ਦੇ ਨਾਲ ਸੀ। ਉਹ ਲਿਖਦਾ ਹੈ ਕਿ ਉਸ ਵੇਲੇ ਮੈਂ ਗਵਰਨਰ-ਜਨਰਲ ਦੇ ਨਾਲ ਹੀ ਪਿੱਛੇ ਸਵਾਰ ਸਾਂ, ਅਤੇ ਅਸੀਂ ਪੈਦਲ ਫ਼ੌਜ ਦੀ ਉਡੀਕ ਵਿਚ ਇਕ ਦਰਖ਼ੱਤ ਦੇ ਹੇਠਾਂ ਬੈਠ ਗਏ। ਗਵਰਨਰ-ਜਨਰਲ ਨੇ ਆਖਿਆ, "Will the people of England consider this an actual invasion of our frontier and a justification for war? ਅਰਥਾਤ ਕੀ ਇੰਗਲਿਸਤਾਨ ਦੇ ਲੋਕ ਇਸ ਨੂੰ ਸਾਡੀ ਸਰਹੱਦ ਉੱਤੇ ਹਮਲਾ ਅਤੇ ਲੜਾਈ ਲਈ ਇਕ ਸੱਚਾ ਕਾਰਨ ਸਮਝਣਗੇ?· [R.N. Cust Linguistic and Oriental Essays—Another Chapter in the History of the Conquest of the Punjab, Part vi, p. 46-47.]

ਰਣਜੀਤ ਸਿੰਘ ਤੇ ਉਨ੍ਹਾਂ ਦੇ ਵਾਰਸਾਂ ਦੇ ਰਾਜ ਨੂੰ ਤਬਾਹ ਕਰਨ ਦੀ ਬਦਨਾਮੀ ਸਿੱਧੀ ਉਨ੍ਹਾਂ ਦੇ ਮੱਥੇ ਲਗਦੀ ਹੈ।

ਇਸ ਵੱਡੀ ਲੜਾਈ ਦਾ ਮੁੱਢ ਹੀ ਗੱਦਾਰੀ ਨਾਲ ਬੱਝਾ। ਕਰਨਲ ਮੂਤੋਂ, ਜੋ ਸਰਕਾਰ ਲਾਹੌਰ ਦੇ ਸਿੱਖ ਰਿਸਾਲੇ ਦਾ ਅਫ਼ਸਰ ਸੀ, ਲਿਖਦਾ ਹੈ ਕਿ "12 ਦਸੰਬਰ ਨੂੰ ਫ਼ੌਜ ਫ਼ਿਰੋਜ਼ਪੁਰੋਂ 7 ਮੀਲ ਦੇ ਫ਼ਾਸਲੇ ਤੇ ਸਤਲੁਜੋਂ ਪਾਰ ਹੋਈ। ਰਾਜਾ ਲਾਲ ਸਿੰਘ ਨੇ ਸਿੱਖਾਂ ਨੂੰ ਕਿਹਾ ਕਿ ਅੰਗ੍ਰੇਜ਼ੀ ਫ਼ੌਜ ਦੀਆਂ ਚਾਰ ਦੇਸੀ ਪਲਟਣਾਂ ਜ਼ਰੂਰ ਉਨ੍ਹਾਂ ਨਾਲ ਆ ਰਲਨਗੀਆਂ। ਓਧਰ ਦੂਸਰੇ ਪਾਸੇ ਫ਼ਿਰੋਜ਼ਪੁਰ ਦੇ ਕਾਰ ਮੁਖਤਾਰ ਕਪਤਾਨ ਨਿਕਲਸਨ ਨੂੰ ਸੁਨੇਹਾ ਭੇਜ ਦਿੱਤਾ ਕਿ ਸਰਕਾਰ ਦੀ ਮਰਜ਼ੀ ਦੇ ਵਿਰੁੱਧ ਫ਼ੌਜਾਂ ਸਤਲੁਜੋਂ ਪਾਰ ਹੋ ਪਈਆਂ ਹਨ ਅਤੇ ਜਰਨੈਲਾਂ ਨੂੰ ਵੀ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਧਰੀਕਿਆ ਗਿਆ ਹੈ, ਅਤੇ ਸੱਠ ਹਜ਼ਾਰ ਫ਼ੌਜ ਫ਼ਿਰੋਜ਼ਪੁਰ ਤੇ ਕੂਚ ਕਰ ਰਹੀ ਹੈ ਜਿਸ ਨੂੰ ਕਿ ਬਚਾਉਣ ਲਈ ਛੇ ਹਜ਼ਾਰ ਭੀ ਆਦਮੀ ਉੱਥੇ ਨਹੀਂ ਹਨ, ਅੰਤ ਵਿਚ ਕਪਤਾਨ ਪਾਸੋਂ ਸਲਾਹ ਪੁੱਛੀ ਕਿ ਉਹ ਕੀ ਕਰੇ। ਜਵਾਬ ਵਿਚ ਕਪਤਾਨ ਨਿਕਲਸਨ ਨੇ ਰਾਜਾ ਲਾਲ ਸਿੰਘ ਨੂੰ ਕਿਹਾ ਕਿ ਉਹ ਆਪਣੀ ਫ਼ੌਜ ਦੇ ਪੰਝੀ ਹਜ਼ਾਰ ਆਦਮੀ ਵੱਖਰੇ ਕਰ ਕੇ ਕਮਾਂਡਰ-ਇਨ-ਚੀਫ਼ ਦੇ ਟਾਕਰੇ ਤੇ ਜੋ ਅੰਬਾਲੇ ਦੇ ਰਸਤੇ ਆ ਰਿਹਾ ਹੈ ਲੈ ਜਾਵੇ, ਅਤੇ ਖ਼ਿਆਲ ਹੈ ਇਸ ਪੰਝੀ ਹਜ਼ਾਰ ਆਦਮੀ ਨੂੰ ਹਾਰ ਹੋ ਜਾਵੇਗੀ ਤੇ ਬਾਕੀ ਦੀ ਫ਼ੌਜ ਤਿੱਤਰ ਬਿੱਤਰ ਹੋ ਕੇ ਮੁੜ ਦਰਿਆਓਂ ਪਾਰ ਚਲੀ ਜਾਵੇਗੀ।

ਇਸ ਗੱਦਾਰੀ ਨੇ ਅੰਗ੍ਰੇਜ਼ਾਂ ਨੂੰ ਇਕ ਯਕੀਨੀ ਹਾਰ ਤੋਂ ਬਚਾ ਲਿਆ। 15 ਦਸੰਬਰ ਨੂੰ ਤਿੰਨ ਡਿਵੀਜ਼ਨ ਪਿਆਦਾ ਫ਼ੌਜ 24 ਤੋਪਾਂ, ਚਾਰ ਰਿਸਾਲੇ ਦੀਆਂ ਪਲਟਣਾਂ, ਸਾਰੇ ਹੀ ਬੇਕਾਇਦਾ ਘੋੜ-ਚੜ੍ਹੇ ਅਤੇ ਰਾਜਾ ਲਾਲ ਸਿੰਘ ਦਾ ਭਾਰੀ ਤੋਪਖ਼ਾਨਾ ਉਸ ਦੀ ਕਮਾਨ ਹੇਠਾਂ ਮੁਦਕੀ ਨੂੰ ਤੁਰ ਪਏ ਜੋ ਫ਼ਿਰੋਜ਼ਪੁਰੋਂ 28 ਮੀਲ ਦੇ ਫ਼ਾਸਲੇ ਤੇ ਦੱਖਣ-ਚੜ੍ਹਦੇ ਨੂੰ ਹੈ"।[1]

---

1. Rapport Sur Les Derniers Evenments du Punjab par le Colonel Monton, 1846, p. 5.
On the 12th December the Army forded the Sutlej at a distance of 7 miles from Ferozepore. Raja Lal Singh rushed up and damped the ardour of the Sikhs a great deal by assuring them of the defection of 4 Indian battalions in the English Army which would surely join them. Meanwhile he hastened to send an urgent message to Captain Nicholson, *Charge d' affairs* at Ferozepore, telling him that it was without the orders of his government that the army had crossed the river, and that the generals had been dragged against their wishes; that sixty thousand men were going to march on Ferozepore, which had not even six thousand men to Defend itself, and ended by requesting the Captain to advise him in the matter. Nicholson replied suggesting to Raja Lal Singh to detach from the Army a corps of twenty-five thousand men which he should take to meet the Commander-in-Chief, who was arriving by route of Ambala, and that probably these twenty-five thousand men would be defeated, the rest of the army crossing the river in disorder.

(ਬਾਕੀ ਦੇਖੋ ਪੰਨਾ 113 ਤੇ)

ਆਖ਼ਰ ਨਤੀਜਾ ਉਹ ਹੀ ਹੋਇਆ ਜਿਸ ਲਈ ਕਿ ਇਹ ਫ਼ੌਜ ਮੁਦਕੀ ਲਿਜਾਈ ਗਈ ਸੀ। 18 ਦਸੰਬਰ ਨੂੰ ਸਰ ਹੀਊ ਗੋਫ਼ ਆਪਣੀ ਫ਼ੌਜ ਲੈ ਕੇ ਮੁਦਕੀ ਆ ਪੁੱਜਾ ਤੇ ਦੋਹਾਂ ਦੀ ਲੜਾਈ ਹੋ ਪਈ। ਕਨਿੰਘਮ ਲਿਖਦਾ ਹੈ ਕਿ "ਲਾਲ ਸਿੰਘ ਹਮਲੇ ਦਾ ਮੋਹਰੀ ਸੀ, ਪਰ ਆਪਣੇ ਪਹਿਲੇ ਮਿਥੇ ਮਨੋਰਥ ਅਨੁਸਾਰ ਉਸ ਨੇ ਆਪਣੀ ਫ਼ੌਜ ਨੂੰ ਲੜਾਈ ਵਿਚ ਫਸਾ ਦਿੱਤਾ ਤੇ ਪਿੱਛੋਂ ਉਨ੍ਹਾਂ ਨੂੰ ਬਿਨਾਂ ਕਮਾਨ ਦੇ, ਜਿਵੇਂ ਉਨ੍ਹਾਂ ਦੀ ਬਹਾਦੁਰੀ ਉਨ੍ਹਾਂ ਨੂੰ ਲੜਾ ਸਕੇ, ਲੜਨ ਲਈ ਛੱਡ ਕੇ ਖਿਸਕ ਗਿਆ। ਸਿੱਖਾਂ ਨੂੰ ਹਾਰ ਹੋ ਗਈ ਤੇ ਉਨ੍ਹਾਂ ਦੀਆਂ 17 ਤੋਪਾਂ ਖੁੱਸ ਗਈਆਂ, ਪਰ ਅੰਗ੍ਰੇਜ਼ਾਂ ਦੀ ਫ਼ਤਿਹ ਇਤਨੀ ਮੁਕੰਮਲ ਨਹੀਂ ਸੀ ਜਿਤਨੀ ਕਿ ਬਹੁਤ ਸਾਰੀਆਂ ਲੜਾਈਆਂ ਵਿਚ ਫ਼ਤਿਹ ਪਾਉਣ ਵਾਲਿਆਂ ਦੀ ਹੋਣੀ ਚਾਹੀਦੀ ਸੀ।"

ਇਸ ਲੜਾਈ ਨੇ ਕੰਪਨੀ ਦੇ ਫ਼ੌਜੀ ਅਫ਼ਸਰਾਂ ਨੂੰ ਗਿਆਨ ਕਰਾ ਦਿੱਤਾ ਕਿ ਸਿੱਖ ਨਾ ਤਾਂ ਬੁਜ਼ਦਿਲ ਹੀ ਹਨ ਅਤੇ ਨਾ ਹੀ ਫੋਕੇ ਦਮਗਜੇ ਮਾਰਨ ਵਾਲੇ ਹਨ। ਬਾਵਜੂਦ ਇਸ ਦੇ ਕਿ ਰਾਜਾ ਲਾਲ ਸਿੰਘ ਅੰਗ੍ਰੇਜ਼ਾਂ ਨਾਲ ਰਲਿਆ ਹੋਇਆ ਹੋਣ ਕਰਕੇ ਸਿੰਘਾਂ ਨੂੰ ਲੜਦਿਆਂ ਛੱਡ ਕੇ ਖਿਸਕ ਗਿਆ ਸੀ, ਜਿਸ ਬਹਾਦਰੀ ਨਾਲ ਉਹ ਉਸ ਦੇ ਪਿੱਛੋਂ ਵੀ ਲੜਦੇ ਰਹੇ ਉਸ ਨੇ ਇਹ ਗੱਲ ਸਪਸ਼ਟ ਕਰ ਦਿੱਤੀ ਕਿ ਭਾਵੇਂ ਵੱਡੇ ਅਫ਼ਸਰਾਂ ਨੂੰ ਗੰਢ ਲਿਆ ਗਿਆ

---

(ਪੰਨਾ 112 ਦਾ ਬਾਕੀ)

This treason saved the English from a sure defeat.

On the 15th December, twenty-four pieces of artillery, four regiments of cavalry and, besides, the whole of irregular cavalry and the heavy artillery of Raja Lal Singh, set out under his orders for Munki, a small village situated at a distance of twenty-four miles to the south-east of Ferozepore.

Col. Mouton—*Report on the Recent Occurence in the Punjab* (1845-46), 1846 (translated from French by C. Rawlley), p. 5.

ਇਸ ਦੀ ਹੋਰ ਗਵਾਹੀ ਜੇ. ਐਮ. ਲਡਲੋ ਦੀ ਕਿਤਾਬ British India (1858), volume ii, p. 142 ਤੋਂ ਮਿਲਦੀ ਹੈ। ਉਹ ਲਿਖਦਾ ਹੈ :

Lall Singh, the Vizier,.........wrote to Captain Nicholson, the political agent : "I have crossed with the Sikh Army. You know my friendship for the British. Tell me what to do" Nicholson answered, "Do not attack Ferozepore. Halt as many days as you can, and then march towards the Governor-General." Lall Singh did so, and Ferozepur was saved.........So utterly unprepared were we, that even this treachery of one of our enemies scarcely sufficed to save us.

ਹੋਰ ਦੇਖੋ ਕਨਿੰਘਮ, ਪੰ. 304—

"It was sufficiently certain and notorious as the time that Lall Singh was in communication with Captain Nicholson, the Birtish Agent at Ferozepore, but owing to the untimely death of that officer the details of the overtures made, and expectations held out, cannot now be satisfactorily known.

1. Lall Singh headed the attack, but in accordance with his original design, he involved his followers in an engagement, and then left them to fight us their undirected valour might prompt. *History of the Sikhs* (1849), p. 306.

ਹੈ ਪਰ ਸਿੱਖ ਸਿਪਾਹੀ ਬਿਨਾਂ ਦੋ ਹੱਥ ਕੀਤੇ ਦੇ ਭੱਜ ਨਿਕਲਨ ਵਾਲੇ ਨਹੀਂ ਹਨ। ਇਸ ਲਈ ਉਨ੍ਹਾਂ ਫ਼ੈਸਲਾ ਕੀਤਾ ਕਿ ਜਿਤਨੀ ਦੇਰ ਤਕ ਸਰ ਜੌਨ ਲਿਟਲਰ ਦੀ ਫ਼ੌਜ ਨਾਲ ਮੇਲ ਨਾ ਹੋ ਜਾਏ ਉਤਨੀ ਦੇਰ ਤਕ ਫੇਰੂ ਸ਼ਹਿਰ ਵਾਲੀ ਸਿੱਖ ਫ਼ੌਜ ਨਾਲ ਮੱਥਾ ਨਾ ਲਾਇਆ ਜਾਵੇ।

ਮੁਦਕੀ ਦੀ ਹਾਰ ਪਿੱਛੋਂ ਸਿੰਘਾਂ ਨੇ ਸਤਲੁਜ ਦੇ ਉਰਾਰ ਇਕੱਠ ਕੀਤਾ ਜਿਸ ਵਿਚ ਇਹ ਗੱਲ ਸਪਸ਼ਟ ਹੋ ਗਈ ਕਿ ਵਜ਼ੀਰ ਮਿੱਸਰ ਲਾਲ ਸਿੰਘ ਨੇ ਰਾਜ ਨਾਲ ਧਰੋਹ ਕਮਾਇਆ ਹੈ ਹੇਠੀ ਤੇ ਫ਼ੌਜ ਦਾ ਨੁਕਸਾਨ ਕੀਤਾ ਹੈ, ਇਸ ਲਈ ਇਸ ਨੂੰ ਮੌਤ ਦੀ ਸਜ਼ਾ ਦੇਣੀ ਚਾਹੀਦੀ ਹੈ ਤੇ ਇਸ ਨੂੰ ਜਾਨੋਂ ਮਾਰ ਸੁੱਟਣਾ ਚਾਹੀਦਾ ਹੈ। ਇਸ ਗੱਲ ਦਾ ਜ਼ਿਕਰ ਕਰਦਾ ਹੋਇਆ ਇਕ ਸਮਕਾਲੀ ਤੇ ਵਾਕਿਫਕਾਰ ਲੇਖਕ ਕਵਿ ਮਟਕ ਲਿਖਦਾ ਹੈ ਕਿ ਇਸ ਵੇਲੇ ਤੇਜ ਸਿੰਘ ਤੇ ਬੂੜ ਸਿੰਘ ਨੇ ਸਿੰਘਾਂ ਦੀਆਂ ਬੜੀਆਂ ਮਿੰਨਤਾਂ ਕਰਕੇ ਉਸ ਨੂੰ ਛੁਡਾਇਆ ਤੇ ਉਸ ਦੀ ਜਾਨ ਬਚਾਈ।[1]

---

1. *ਜੰਗ ਸਿੰਘਾਂ ਤੇ ਫਰੰਗੀਆਂ ਦਾ*, ਨੰ. 23.

# ਫੇਰੂ ਸ਼ਹਿਰ ਦੀ ਲੜਾਈ

21 ਦਸੰਬਰ ਦੇ ਲੌਢੇ ਵੇਲੇ ਫੇਰੂ ਸ਼ਹਿਰ ਦੇ ਲਾਗੇ ਸਿੱਖ ਕੰਪੂ ਤੋਂ ਚਾਰ ਕੁ ਮੀਲ ਦੀ ਵਿੱਥ ਉੱਤੇ ਸਰ ਜੌਨ ਲਿਟਲਰ ਦੀ ਫ਼ੌਜ ਸਰ ਹੀਊ ਗੌਫ ਦੀ ਮੁੱਖ ਫ਼ੌਜ ਦਾ ਮੇਲ ਹੋ ਗਿਆ।

ਇਥੇ ਵੀ ਕਮਾਂਡਰ ਰਾਜਾ ਲਾਲ ਸਿੰਘ ਹੀ ਸੀ ਤੇ ਤੇਜ ਸਿੰਘ ਸਹਾਇਕ-ਸੈਨਾ ਦੀ ਕਮਾਨ ਕਰ ਰਿਹਾ ਸੀ। ਸ਼ਾਇਦ ਇਸੇ ਖ਼ਿਆਲ ਨਾਲ ਕਿ ਮੁਕਾਬਲੇ ਉੱਤੇ ਆਪਣੇ ਹੀ ਆਦਮੀ ਹਨ। ਗੌਫ਼ ਨੇ ਤ੍ਰਿਕਾਲਾਂ ਦੇ ਵੇਲੇ, ਜਿਸ ਵੇਲੇ ਕਿ ਸੂਰਜ ਛਿਪਣ ਵਿਚ ਘੰਟਾ ਕੁ ਹੀ ਰਹਿੰਦਾ ਸੀ, ਹੱਲਾ ਬੋਲ ਦਿੱਤਾ ਤੇ ਆਪਣੇ ਮਸ਼ਹੂਰ ਤੋਪਖ਼ਾਨੇ ਨਾਲ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਪਰ ਅੱਗਿਓਂ, ਕਨਿੰਘਮ ਲਿਖਦਾ ਹੈ ਕਿ, "ਸਿੱਖ ਤੋਪਾਂ ਬੜੀ ਤੇਜ਼ੀ ਤੇ ਪੱਕੀ ਨਿਸ਼ਾਨੇਬਾਜ਼ੀ ਨਾਲ ਦਾਗੀਆਂ ਜਾ ਰਹੀਆਂ ਸਨ ਅਤੇ ਪਿਆਦਾ ਸਿਪਾਹੀ ਆਪਣੀ ਜਗਾ ਤੇ ਪੱਕੇ ਤੇ ਬੰਦੂਕਾਂ ਨਾਲ ਤਿਆਰ ਬਾਤਰੀਆਂ ਦੇ ਵਿਚਕਾਰ ਤੇ ਮਗਰ ਖੜੇ ਸਨ। ਇਸ ਤਰ੍ਹਾਂ ਸਾਮ੍ਹਣਿਓਂ ਟਾਕਰਾ ਅੰਗ੍ਰੇਜ਼ਾਂ ਦੀ ਆਸ ਦੇ ਵਿਰੁੱਧ ਸੀ ਤੇ ਉਹ ਸਭ ਹੈਰਾਨ ਸਨ। ਸਿੱਖ ਤੋਪਾਂ ਦੇ ਨਿਸ਼ਾਨਿਆਂ ਨੇ ਅੰਗ੍ਰੇਜ਼ੀ ਤੋਪਾਂ ਨੂੰ ਚਰਖੀਆਂ ਤੋਂ ਲਾਹ ਕੇ ਭੋਂਇ ਮਾਰਿਆ ਤੇ ਬਾਰੂਦ ਫੂਕ ਕੇ ਆਤਸ਼-ਬਾਜ਼ੀ ਵਾਂਙੂ ਹਵਾ ਵਿਚ ਉਡਾ ਦਿੱਤਾ। ਕਈ ਸੁਕਆਡਰਨ ਅੱਧ ਵਿਚੋਂ ਮਰੋੜ ਕੇ ਪਿੱਛੇ ਨੂੰ ਧੱਕ ਦਿੱਤੇ, ਕਈ ਪਲਟਣਾਂ ਨੂੰ ਛਾਨਣੀ ਕਰ ਕੇ ਭਜਾ ਦਿੱਤਾ ਅਤੇ ਮੁਸ਼ਕਲ ਨਾਲ ਅਨ੍ਹੇਰਾ ਹੋਣ ਤੇ ਅੰਗ੍ਰੇਜ਼ੀ ਫ਼ੌਜਾਂ ਸਿੱਖਾਂ ਦੇ ਮੋਰਚਿਆਂ ਦੇ ਕੁਝ ਕੁ ਹਿੱਸੇ ਦਬਾ ਸਕੀਆਂ। ਰਾਤ ਦੇ ਅਨ੍ਹੇਰੇ ਅਤੇ ਹਠੀਲੇ ਟਾਕਰੇ ਨੇ ਅੰਗ੍ਰੇਜ਼ਾਂ ਦੀ ਹੋਸ਼ ਭੁਲਾ ਦਿੱਤੀ। ਸਾਰੀਆਂ ਪਲਟਣਾਂ ਅਤੇ ਸਾਰੀਆਂ ਕਿਸਮਾਂ ਦੇ ਸਿਪਾਹੀ ਆਪਸ ਵਿਚ ਰਲ ਗਏ। ਜਰਨੈਲ ਲੜਾਈ ਵਿਚ ਆਪਣੀਆਂ ਜਿੱਤਾਂ ਸੰਬੰਧੀ ਸ਼ੱਕ ਵਿਚ ਸਨ ਅਤੇ ਕਰਨੈਲਾਂ ਨੂੰ ਇਹ ਨਹੀਂ ਸੀ ਪਤਾ ਕਿ ਉਨ੍ਹਾਂ ਦੀਆਂ ਪਲਟਣਾਂ ਅਤੇ ਜਿਸ ਫ਼ੌਜ ਨਾਲ ਉਹ ਸਨ ਉਨ੍ਹਾਂ ਦਾ ਕੀ ਬਣਿਆ ਹੈ...ਅੰਗ੍ਰੇਜ਼ਾਂ ਦੀ ਪੋਜੀਸ਼ਨ ਇਕ ਸਚ-ਮੁੱਚ ਦੇ ਖ਼ਤਰੇ ਤੇ ਘਬਰਾਹਟ ਵਾਲੀ ਸੀ। ਇਸ ਯਾਦਗਾਰੀ ਰਾਤ ਨੂੰ ਉਹ ਮੁਸ਼ਕਲ ਨਾਲ ਹੀ ਉਸ ਜਗ੍ਹਾ ਦੇ ਮਾਲਕ ਸਨ ਜਿੱਥੇ ਕਿ ਉਹ ਖੜੋਤੇ ਸਨ। ਉਨ੍ਹਾਂ ਪਾਸ ਕੋਈ ਸਹਾਇਕ ਫ਼ੌਜ ਨਹੀਂ ਸੀ ਜਦ ਕਿ ਦੁਸ਼ਮਨ (ਸਿੱਖ) ਇਕ ਹੋਰ ਦੂਸਰੀ ਫ਼ੌਜ ਦੇ ਸਹਾਰੇ ਤੇ ਹੋ ਗਏ ਸਨ ਅਤੇ ਜ਼ਿਆਦਾ ਗਿਣਤੀ ਨਾਲ ਹੱਲਾ ਕਰ ਸਕਦੇ ਸਨ।"[1]

---

1. ਕਨਿੰਘਮ, *ਹਿਸਟਰੀ ਔਫ ਦੀ ਸਿੱਖਸ* (1849), 307-8.

ਕਸਟ ਲਿਖਦਾ ਹੈ ਕਿ "ਸਾਰੀ ਰਾਤ ਤੋਪ ਤੇ ਤੋਪ ਚਲਦੀ ਰਹੀ। ਅਸੀਂ ਜਾਣਦੇ ਸਾਂ ਕਿ ਸਾਡੇ ਬਚਾਓ ਦਾ ਕੋਈ ਢਬ ਨਹੀਂ ਰਿਹਾ, ਅਤੇ ਜਿਤਨੀ ਦੇਰ ਤਕ ਅਸੀਂ ਲੜਾਈ ਨਾ ਜਿੱਤ ਲਈਏ ਸਾਡੇ ਵਿਚੋਂ ਇਕ ਵੀ ਪਿੱਛੇ (ਬਚ ਕੇ) ਨਹੀਂ ਜਾ ਸਕੇਗਾ ਬਲਕਿ ਸਾਰੇ ਦੇ ਸਾਰੇ ਹੀ ਮਾਰ ਮੁਕਾਏ ਜਾਣਗੇ।"[1] ਇਸ ਵੇਲੇ ਮਾਲੂਮ ਹੁੰਦਾ ਹੈ ਕਿ ਸ਼ਾਇਦ ਉਨ੍ਹਾਂ ਨੂੰ ਲਾਲ ਸਿੰਘ ਅਤੇ ਤੇਜ ਸਿੰਘ ਦੀ ਗੱਦਾਰੀ ਉੱਤੇ ਪੂਰਾ ਪੂਰਾ ਯਕੀਨ ਨਹੀਂ ਸੀ ਬੱਝਦਾ। ਭਾਵੇਂ ਅਸਲ ਗੱਲ ਸਾਫ਼ ਇਹ ਦਿਸਦੀ ਹੈ ਕਿ ਇਹ ਅੰਦਰੋਂ ਤਾਂ ਪੱਕੀ ਤਰ੍ਹਾਂ ਉਨ੍ਹਾਂ ਦੇ ਨਾਲ ਸਨ ਪਰ ਡਰਦੇ ਮਾਰੇ ਫ਼ੌਜਾਂ ਉੱਤੇ ਇਹ ਗੱਲ ਜ਼ਾਹਰ ਵੀ ਨਹੀਂ ਸਨ ਹੋਣ ਦੇਣਾ ਚਾਹੁੰਦੇ। ਸਿੱਖ ਸਿਪਾਹੀ ਚੂੰਕਿ ਇਮਾਨਦਾਰੀ ਨਾਲ ਵਤਨ ਦੀ ਆਜ਼ਾਦੀ ਲਈ ਆਪਣੀਆਂ ਜਿੰਦਾਂ ਘੋਲ ਘੁਮਾ ਰਹੇ ਸਨ ਜਿਸ ਭੇਦ ਦਾ ਕਿ ਸ਼ਾਇਦ ਅੰਗ੍ਰੇਜ਼ਾਂ ਨੂੰ ਪਤਾ ਨਹੀਂ ਸੀ ਅਤੇ ਉਹ ਘਬਰਾ ਰਹੇ ਸਨ, ਅਤੇ ਅੰਤ ਵਿਚ ਸਿੱਖ ਮਾਰੇ ਇਸ ਕਰਕੇ ਗਏ ਕਿ ਉਹ ਇਨ੍ਹਾਂ ਅਫ਼ਸਰਾਂ ਨੂੰ ਇਮਾਨਦਾਰ ਸਮਝ ਕੇ ਇਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰਦੇ ਰਹੇ।

ਇਸ ਘਬਰਾਹਟ ਦੀ ਹਾਲਤ ਵਿਚ 21-22 ਦੀ ਰਾਤ ਨੂੰ ਅੰਗ੍ਰੇਜ਼ ਫੇਰੂ ਸ਼ਹਿਰ ਵਿਚ ਠਹਿਰੇ ਰਹਿਣ ਵਿਚ ਆਪਣੀ ਹਾਰ ਯਕੀਨੀ ਦੇਖ ਰਹੇ ਸਨ, ਇਸ ਲਈ ਫ਼ਿਰੋਜ਼ਪੁਰ ਵੱਲ ਨੂੰ ਪਿੱਛੇ ਹਟ ਜਾਣ ਦੀਆਂ ਸਲਾਹਾਂ ਸੋਚਣ ਲਗੇ ਬਲਕਿ ਕਾਇਮ-ਮੁਕਾਮ ਐਡਜੂਟੰਟ ਜਨਰਲ ਕੈਪਟਨ ਲਮਲੀ ਨੇ ਕੁਝ ਰਿਸਾਲੇ ਨੂੰ ਹੁਕਮ ਵੀ ਦੇ ਦਿੱਤਾ ਸੀ ਕਿ ਉਹ ਸਿੱਧਾ ਫ਼ਿਰੋਜ਼ਪੁਰ ਨੂੰ ਕੂਚ ਕਰ ਜਾਏ।[2]

ਇਹ ਹੀ ਨਹੀਂ ਬਲਕਿ ਹਥਿਆਰ ਛੱਡ ਕੇ ਬਿਨਾਂ-ਸ਼ਰਤ ਆਪਣੇ ਆਪ ਨੂੰ ਸਿੱਖਾਂ ਦੇ ਹਵਾਲੇ ਕਰ ਦੇਣ ਦੇ ਉਪਾਓ ਵੀ ਸੋਚੇ ਜਾਣ ਲੱਗ ਪਏ ਅਤੇ ਸਰਕਾਰੀ ਕਾਗਜ਼ਾਂ ਨੂੰ ਅੱਗ ਲਾ ਕੇ ਫੂਕ ਦੇਣ ਦੀਆਂ ਵਿਉਂਤਾਂ ਵੀ ਬਣ ਗਈਆਂ ਸਨ[3] ਅਤੇ ਹਾਲਾਤ ਇਸ ਹੱਦ ਤਕ ਵਿਰੁੱਧ ਜਾਂਦੇ ਦਿਸ ਰਹੇ ਸਨ ਕਿ ਗਵਰਨਰ-ਜਨਰਲ ਨੇ ਆਪਣੇ ਪੁੱਤਰ ਤੇ ਪ੍ਰਾਈਵੇਟ ਸੈਕ੍ਰਿਟਰੀ ਨੂੰ ਕੁਝ ਸਰਕਾਰੀ ਕਾਗਜ਼, ਆਪਣਾ ਸਟਾਰ ਔਫ਼ ਦੀ ਬਾਥ, ਅਤੇ ਆਪਣੀ ਨੈਪੋਲੀਅਨ ਵਾਲੀ ਤਲਵਾਰ ਜੋ ਡੀਊਕ ਔਫ਼ ਵੈਲਿੰਗਟਨ ਵੱਲੋਂ ਤੋਹਫ਼ਾ ਮਿਲੀ ਹੋਈ ਸੀ, ਦੇ ਕੇ ਅੰਬਾਲੇ ਵੱਲ ਨੂੰ ਚਲੇ ਜਾਣ ਦਾ ਹੁਕਮ ਦੇ ਦਿੱਤਾ ਸੀ ਅਤੇ ਕਹਿ ਦਿੱਤਾ ਸੀ ਕਿ ਜੇ ਹਾਰ ਹੋ ਜਾਵੇ ਤਾਂ ਉਹ ਸਰਕਾਰੀ ਕਾਗਜ਼ਾਂ ਨੂੰ ਅੱਗ ਲਾ ਕੇ ਫੂਕ ਦੇਵੇ ਤੇ ਆਪ ਸਿੱਧਾ ਦਿੱਲੀ ਨੂੰ ਚਲਾ ਜਾਵੇ।[4]

---

1. *L. & O. Essays*, part vi, p. 48.
2. *The First and Second Sikh Wars*, p. 25.
3. *L. and O. Essays*, part vi, p. 48. "*December 22.*—News came from the Governor-General that our attack of yesterday had failed, that affairs were desperate, that all the state-papers were to be destroyed, and that if the morning attack failed all would be over; this was kept secret by Mr. Currie, and we were concerting measures to make an unconditional surrender to save the wounded."
4. Knolly, *Life of Sir Hope Grant*, Vol. 172; *Trotter, Life of John Nickolson*, p. 55.

ਪਰ 22 ਦਸੰਬਰ ਦੀ ਸਵੇਰ ਹੁੰਦੇ ਸਾਰ ਹੀ ਪਾਸਾ ਪਲਟ ਗਿਆ। ਅੰਗ੍ਰੇਜ਼ਾਂ ਨੂੰ ਤਾਂ ਐਵੇਂ ਹੀ ਲਾਲ ਸਿੰਘ ਸੰਬੰਧੀ ਸ਼ੱਕ ਪਏ ਹੋਏ ਸਨ। ਲਾਲ ਸਿੰਘ ਤਾਂ ਰਾਤ ਨੂੰ ਹੀ ਆਪਣੇ ਸਾਰੇ ਖੁਲ੍ਹੇ ਘੋੜ-ਚੜ੍ਹਿਆਂ ਅਤੇ ਤੋਪਖ਼ਾਨੇ ਦੀਆਂ ਸੱਠ ਤੋਪਾਂ ਦੇ ਤੋਪਚੀਆਂ ਨੂੰ ਨਾਲ ਲੈ ਅੰਮ੍ਰਿਤਸਰ-ਲਾਹੌਰ ਵੱਲ ਨੂੰ ਭੱਜ ਨਿਕਲਿਆ ਸੀ।[1] ਜਿਸ ਵੇਲੇ ਅੰਗ੍ਰੇਜ਼ਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਬਾਕੀ ਰਹਿੰਦੀ ਸਿੱਖ ਫ਼ੌਜ ਨੂੰ ਹਰ ਥਾਂ ਤੋਂ ਸੁਖਾਲੇ ਹੀ ਪਿੱਛੇ ਹਟਾ ਦਿੱਤਾ ਗਿਆ। ਜਿਉਂ ਹੀ ਦਿਨ ਚੜ੍ਹਿਆ ਅਤੇ ਸਿੱਖ ਫ਼ੌਜ ਦਾ ਦੂਸਰਾ ਹਿੱਸਾ ਪਰ੍ਹਾ ਬੰਨ੍ਹੀ ਨਜ਼ਦੀਕ ਆਇਆ ਤਾਂ ਥੱਕੇ ਟੁੱਟੇ ਤੇ ਭੁੱਖ ਨਾਲ ਚੂਰ ਹੋਏ ਹੋਏ ਅੰਗ੍ਰੇਜ਼ਾਂ ਨੂੰ ਇਕ ਨਿਰਾਸ-ਭਰੀ ਤੇ ਬੇ-ਫ਼ਾਇਦਾ ਹੱਥ ਪੈਰ ਮਾਰਨ ਦੀ ਲੜਾਈ ਸਾਹਮਣੇ ਦਿਸੀ। ਇਹ ਸਹਾਇਕ ਸਿੱਖ ਫ਼ੌਜ ਤੇਜ ਸਿੰਘ ਦੀ ਕਮਾਨ ਹੇਠਾਂ ਸੀ। ਉਸ ਦੇ ਨਿਰਛਲ ਅਤੇ ਉਤਸ਼ਾਹ-ਭਰੇ ਸਿਪਾਹੀਆਂ ਨੇ ਉਸ ਨੂੰ ਬਥੇਰਾ ਆਖਿਆ ਕਿ ਪਹੁ ਫੁਟਦੇ ਸਾਰ ਹੀ ਅੰਗ੍ਰੇਜ਼ਾਂ ਉੱਤੇ ਟੁੱਟ ਪਵੇ। ਪਰ ਉਸ ਦਾ ਤਾਂ ਮਕਸਦ ਸੀ ਭਯੰਕਰ ਖ਼ਾਲਸਾ ਫ਼ੌਜ ਨੂੰ ਹਰਵਾਉਣਾ ਤੇ ਤਿੱਤਰ ਬਿਤਰ ਕਰਵਾਉਣਾ, ਅਤੇ ਅੰਗ੍ਰੇਜ਼ਾਂ ਨਾਲ ਕੀਤੀ ਗੰਢ-ਤੁਪ ਨੂੰ ਸਿਰੇ ਚਾੜ੍ਹਨਾ। ਇਸ ਲਈ ਉਸ ਨੇ ਉਤਨੀ ਦੇਰ ਤਕ ਕੁਝ ਨਾ ਕੀਤਾ ਜਦ ਤਕ ਕਿ ਲਾਲ ਸਿੰਘ ਦੇ ਭੱਜ ਨਿਕਲਣ ਦਾ ਪਤਾ ਨਾ ਲੱਗ ਗਿਆ ਅਤੇ ਅੰਗ੍ਰੇਜ਼ਾਂ ਨੇ ਆਪਣੇ ਆਪ ਨੂੰ ਆਪਣੇ ਝੰਡਿਆਂ ਦੇ ਇਰਦ ਗਿਰਦ ਜਮਾਂ ਨਾ ਕਰ ਲਿਆ। ਆਖ਼ਰੀ ਵੇਲੇ ਵੀ ਦ੍ਰਿੜ੍ਹ ਤੇ ਕਰੜਾ ਹੱਲਾ ਕਰਨ ਦੀ ਥਾਂ ਇਕ ਦਿਖਾਵੇ ਮਾਤਰ ਮਾਮੂਲੀ ਝੜਪ ਹੀ ਲਈ ਤੇ ਕੁਝ ਚਿਰ ਪਿੱਛੋਂ ਆਪਣੇ ਮਾਤਹਿਤਾਂ ਨੂੰ ਕੁਝ ਹੁਕਮ ਦਿੱਤੇ ਬਿਨਾਂ ਹੀ ਐਵੇਂ ਅੰਨ੍ਹੇ-ਵਾਹ ਭੱਜ ਨਿਕਲਿਆ। ਇਹ ਉਹ ਵੇਲਾ ਸੀ ਜਿਸ ਵੇਲੇ ਕਿ ਅੰਗ੍ਰੇਜ਼ਾਂ ਦੇ ਤੋਪਖ਼ਾਨੇ ਦਾ ਬਾਰੂਦ ਮੁਕ ਚੁੱਕਾ ਹੋਇਆ ਸੀ ਅਤੇ ਉਨ੍ਹਾਂ ਦੀ ਫ਼ੌਜ ਦਾ ਇਕ ਹਿੱਸਾ ਮੁੜ ਕੇ ਫ਼ਿਰੋਜ਼ਪੁਰ ਨੂੰ ਹਟਿਆ ਜਾ ਰਿਹਾ ਸੀ। ਇਸ ਵੇਲੇ ਜੇ ਜ਼ਰਾ ਕੁ ਹਿੰਮਤ ਨਾਲ ਅੱਗੇ ਨੂੰ ਦੱਬ ਚਾੜ੍ਹੀ ਜਾਂਦੀ ਤਾਂ ਅੰਗ੍ਰੇਜ਼ਾਂ ਦਾ ਕੋਈ ਵੀ ਪ੍ਰਯਤਨ ਉਨ੍ਹਾਂ ਦੀ ਬਾਕੀ ਫ਼ੌਜ ਨੂੰ ਬਚਾ ਨਹੀਂ ਸੀ ਸਕਦਾ।[2]

ਹਿੰਮਤ ਨਾਲ ਹੱਲਾ ਕਰਨ ਦੀ ਥਾਂ ਤੇਜ ਸਿੰਘ ਭੱਜ ਨਿਕਲਣ ਪਿੱਛੋਂ ਸੁਲਾਹ ਲਈ ਅੰਗ੍ਰੇਜ਼ੀ ਕੈਂਪ ਵਿਚ ਚਲਾ ਗਿਆ ਅਤੇ ਗਵਰਨਰ-ਜਨਰਲ ਸਰ ਹੈਨਰੀ ਹਾਰਡਿੰਗ ਨਾਲ ਜਾ ਮੁਲਾਕਾਤ ਕੀਤੀ। ਕੀ ਗੱਲ-ਬਾਤ ਹੋਈ, ਇਸ ਦਾ ਵੇਰਵਾ ਪ੍ਰਗਟ ਨਹੀਂ ਕੀਤਾ ਗਿਆ ਪਰ ਆਖਿਆ ਇਹ ਜਾਂਦਾ ਹੈ ਕਿ ਗਵੈਰਨਰ-ਜਨਰਲ ਨੇ ਉਤਨੀ ਦੇਰ ਤਕ ਕੋਈ ਗੱਲ-ਬਾਤ ਕਰਨੋਂ ਨਾਂਹ ਕਰ ਦਿੱਤੀ ਜਿਤਨੀ ਦੇਰ ਕਿ ਅੰਗ੍ਰੇਜ਼ੀ ਫ਼ੌਜਾਂ ਲਾਹੌਰ ਦੀਆਂ ਕੰਧਾਂ ਥੱਲੇ ਨਾ ਪਹੁੰਚ ਜਾਣ।[3]

---

1. ਕਰਨਲ ਮੂਤੋਂ ਦੀ ਰਪੋਰਟ, ਪੰਨਾ 6.
2. Cunningham, *History of the Sikhs* (1849), 308-09.
   ਮੂਤੋਂ ਆਪਣੀ ਰਪੋਰਟ (ਪੰਨਾ 6-7) ਵਿਚ ਲਿਖਦਾ ਹੈ ਕਿ ਤੇਜ ਸਿੰਘ 22 ਤਾਰੀਖ਼ ਨੂੰ ਆਇਆ ਅਤੇ ਉਸ ਨੇ ਮਾਮੂਲੀ ਜਿਹੀ ਲੜਾਈ ਪਿੱਛੋਂ ਹੀ ਪਿੱਛੇ ਨੂੰ ਹਟ ਜਾਣ ਦਾ ਹੁਕਮ ਦੇ ਦਿੱਤਾ।
3. *History of the Punjab* (Allen & Co., 1846), ii, 344.

# ਸਰਦਾਰ ਸ਼ਾਮ ਸਿੰਘ ਨੂੰ ਸੱਦਾ

ਜਿਸ ਵੇਲੇ ਫੇਰੂ ਸ਼ਹਿਰ ਦੇ ਮੈਦਾਨੋਂ ਲਾਲ ਸਿੰਘ ਤੇ ਤੇਜ ਸਿੰਘ ਦੇ ਭੱਜ ਨਿਕਲਣ ਦੀ ਖ਼ਬਰ ਲਾਹੌਰ ਮਹਾਰਾਣੀ ਜਿੰਦ ਕੌਰ ਨੂੰ ਪੁੱਜੀ ਤਾਂ ਉਨ੍ਹਾਂ ਨੇ 25 ਦਸੰਬਰ 1845 ਨੂੰ ਦਸ ਸਵਾਰ ਸਰਦਾਰ ਸ਼ਾਮ ਸਿੰਘ ਵੱਲ ਉਨ੍ਹਾਂ ਦੇ ਪਿੰਡ ਅਟਾਰੀ ਭੇਜੇ ਅਤੇ ਉਨ੍ਹਾਂ ਨੂੰ ਜੰਗ ਵਿਚ ਸ਼ਾਮਲ ਹੋਣ ਲਈ ਸੁਨੇਹਾ ਭੇਜਿਆ। ਜਿਵੇਂ ਉੱਪਰ ਦੱਸਿਆ ਜਾ ਚੁੱਕਾ ਹੈ, ਸਰਦਾਰ ਸ਼ਾਮ ਸਿੰਘ ਨਾਲਾਇਕ ਅਤੇ ਬੇਈਮਾਨ ਪੂਰਬੀਏ ਅਫ਼ਸਰ ਦੀ ਕਮਾਨ ਹੇਠਾਂ ਸਿੱਖ ਫ਼ੌਜ ਨੂੰ ਤਬਾਹ ਕਰਨ ਦੀ ਬਦਨੀਯਤ ਨਾਲ ਲੜੀ ਜਾ ਰਹੀ ਲੜਾਈ ਦੇ ਵਿਰੁੱਧ ਸੀ ਪਰ ਜਦ ਮਹਾਰਾਣੀ ਵੱਲੋਂ ਉਪਰੋਂ ਥਲੀ ਤਾਕੀਦੀ ਸੁਨੇਹੇ ਪੁੱਜਣੇ ਸ਼ੁਰੂ ਹੋ ਗਏ ਅਤੇ ਇਹ ਖ਼ਿਆਲ ਪੈਂਦਾ ਦਿਸਿਆ ਕਿ ਉਹ ਸ਼ਾਇਦ ਕਮ-ਦਿਲੀ ਦੇ ਕਾਰਣ ਮੌਤ ਤੋਂ ਡਰ ਕੇ ਪਿੱਛੇ ਹਟਿਆ ਹੋਇਆ ਹੈ ਤਾਂ ਉਸ ਨੇ ਜੰਗ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕਰ ਲਿਆ ਅਤੇ ਨਾਲ ਹੀ ਸੌਂਹ ਖਾ ਲਈ ਕਿ ਲੜਾਈ ਹਾਰੀ ਜਾਣ ਦੀ ਹਾਲਤ ਵਿਚ ਉਹ ਜੀਉਂਦਾ ਨਹੀਂ ਮੁੜੇਗਾ।[1]

ਇਸ ਵੇਲੇ ਲਾਲ ਸਿੰਘ ਤੇ ਤੇਜ ਸਿੰਘ ਆਪਣੀਆਂ ਫ਼ੌਜਾਂ ਨੂੰ ਭਜਾ ਕੇ ਦਰਿਆਉਂ ਪਾਰ ਹੋ ਚੁੱਕੇ ਹੋਏ ਸਨ ਅਤੇ ਸਭਰਾਵਾਂ ਪਿੰਡ ਦੇ ਨਜ਼ਦੀਕ ਇਕੱਠੇ ਹੋ ਗਏ ਸਨ। ਸਰਦਾਰ ਸ਼ਾਮ ਸਿੰਘ 28 ਦਸੰਬਰ ਨੂੰ ਲਸ਼ਕਰ ਵਿਚ ਸ਼ਾਮਲ ਹੋ ਗਿਆ। ਸਿੱਖ ਫ਼ੌਜਾਂ ਜ਼ੋਰ ਦੇ ਰਹੀਆਂ ਸਨ ਕਿ ਮੁੜ ਦਰਿਆਉਂ ਪਾਰ ਹੋ ਕੇ ਝੱਟ ਅੰਗ੍ਰੇਜ਼ਾਂ ਉੱਤੇ ਧਾਵਾ ਬੋਲਿਆ ਜਾਵੇ। ਸਿਰਫ਼ ਦੋ ਸਰਦਾਰਾਂ ਤੋਂ ਬਿਨਾਂ ਸਾਰੇ ਹੀ ਇਸ ਗੱਲ ਦੇ ਹੱਕ ਵਿਚ ਸਨ ਅਤੇ ਸਭਰਾਵਾਂ ਦੇ ਨਜ਼ਦੀਕ ਪੁਲ ਬੰਨ੍ਹਣਾ ਸ਼ੁਰੂ ਕੀਤਾ ਗਿਆ। ਇਹ ਦੋ ਸਰਦਾਰ ਸਨ ਮਿੱਸਰ ਤੇਜ ਸਿੰਘ ਕਮਾਂਡਰ-ਇਨ-ਚੀਫ਼ ਅਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ।[2] ਪਰ ਦੋਹਾਂ ਦਾ ਨੁਕਤਾ-ਨਿਗਾਹ ਵੱਖਰਾ ਵੱਖਰਾ ਜਾਪਦਾ ਹੈ। ਤੇਜ ਸਿੰਘ ਚੂੰਕਿ ਅੰਗ੍ਰੇਜ਼ਾਂ ਨਾਲ ਰਲਿਆ ਹੋਇਆ ਸੀ ਇਸ ਲਈ ਉਹ ਉਨ੍ਹਾਂ ਦੀ ਬੇ-ਬਸੀ ਵੇਲੇ ਹੱਲਾ ਨਹੀਂ ਸੀ ਕਰਨਾ ਚਾਹੁੰਦਾ, ਅਤੇ ਸਰਦਾਰ ਸ਼ਾਮ ਸਿੰਘ ਨੂੰ ਚੂੰਕਿ ਤੇਜ ਸਿੰਘ ਅਤੇ ਲਾਲ ਸਿੰਘ ਦੀ ਨੀਯਤ ਉੱਤੇ ਸ਼ੱਕ ਸੀ ਇਸ ਲਈ ਉਹ ਇਹ ਨਹੀਂ ਸੀ ਚਾਹੁੰਦਾ ਕਿ ਇਹ ਗੱਦਾਰ ਲੋਕ ਸਿੱਖ ਫ਼ੌਜ ਨੂੰ ਕਿਸੇ ਕੁਥਾਂ ਫਸਾ ਕੇ ਆਜਾਈਂ ਮਰਵਾ ਦੇਣ।

ਉਧਰ ਤੋਪਾਂ ਤੇ ਬਾਰੂਦ ਦੇ ਘਾਟੇ ਅਤੇ ਮੁਦਕੀ ਅਤੇ ਫੇਰੂ ਸ਼ਹਿਰ ਵਿਚ ਹੋਏ

---

1. Griffin, *The Punjab Chiefs* (1890), volume ii, 242-43.
2. Mouton, *Rapport* (1846), p. 7; Griffin, *The Punjab Chiefs* (1890), ii, 12.

ਨੁਕਸਾਨ ਦੇ ਕਾਰਣ ਅੰਗ੍ਰੇਜ਼ ਵੀ ਹੱਲਾ ਕਰ ਕੇ ਆਪਣੀ ਜਿੱਤ ਨੂੰ ਸਿਰੇ ਨਾ ਚੜ੍ਹਾ ਸਕੇ ਅਤੇ ਇਸ ਤਰ੍ਹਾਂ ਮਹੀਨਾ ਕੁ ਚੁਪ ਚਾਪ ਨਾਲ ਬੀਤਿਆ। ਜਿਸ ਵੇਲੇ ਸਭਰਾਵਾਂ ਦਾ ਪੁਲ ਤਿਆਰ ਹੋ ਗਿਆ ਤਾਂ 15 ਜਨਵਰੀ 1846 ਨੂੰ ਸਿੱਖ ਫ਼ੌਜਾਂ ਦਰਿਆਓਂ ਪਾਰ ਹੋ ਪਈਆਂ। ਅੰਗ੍ਰੇਜ਼ਾਂ ਵੱਲੋਂ ਕੋਈ ਖ਼ਾਸ ਕਾਮਯਾਬ ਰੁਕਾਵਟ ਨਾ ਪਾਈ ਗਈ, ਅਤੇ ਮਾਮੂਲੀ ਥੋੜ੍ਹੀਆਂ ਜਿਹੀਆਂ ਗੋਲੀਆਂ ਚੱਲਣ ਚਲਾਉਣ ਤੇ ਪਿੱਛੇ ਹਟ ਗਏ। ਸ਼ਾਇਦ ਉਨ੍ਹਾਂ ਦਾ ਇਹ ਖ਼ਿਆਲ ਹੋਵੇ ਕਿ ਫ਼ੌਜ ਦਾ ਕਮਾਂਡਰ-ਇਨ-ਚੀਫ਼ ਤੇਜ ਸਿੰਘ ਤੇ ਵਜ਼ੀਰ ਲਾਲ ਸਿੰਘ ਆਪਣੇ ਹੀ ਆਦਮੀ ਹਨ, ਇਸ ਲਈ ਜਿਸ ਵੇਲੇ ਉਹ ਆਪਣੀ ਸਿੱਖ ਫ਼ੌਜ ਨੂੰ ਹਰਾਉਣ ਵਿਚ ਕਾਮਯਾਬ ਹੋ ਜਾਣਗੇ ਤਾਂ ਅੱਗੇ ਦਰਿਆ ਹੋਣ ਦੇ ਕਾਰਣ ਹਾਰਿਆਂ ਹੋਇਆਂ ਨੂੰ ਜ਼ਿਆਦਾ ਆਸਾਨੀ ਨਾਲ ਤਬਾਹ ਕੀਤਾ ਜਾ ਸਕੇਗਾ ਜਾਂ ਚੂੰਕਿ ਅੰਗ੍ਰੇਜ਼ਾਂ ਪਾਸ ਭਾਰੀ ਤੋਪਾਂ ਹਾਲੇ ਤਕ ਨਹੀਂ ਸਨ ਆਈਆਂ ਇਸ ਲਈ ਉਹ ਕੋਈ ਵੱਡੀ ਲੜਾਈ ਸਹੇੜਨਾ ਨਹੀਂ ਸੀ ਚਾਹੁੰਦੇ। ਜੇ ਸਿੱਖ ਫ਼ੌਜਾਂ ਸਰਦਾਰ ਸ਼ਾਮ ਸਿੰਘ ਦੀ ਸਲਾਹ ਮੰਨਦੀਆਂ ਅਤੇ ਮੁੜ ਦਰਿਆਓਂ ਪਾਰ ਨਾ ਹੁੰਦੀਆਂ ਅਤੇ ਉਥੇ ਹੀ ਅੰਗ੍ਰੇਜ਼ਾਂ ਵੱਲੋਂ ਹੱਲੇ ਦੀ ਉਡੀਕ ਕਰਦੀਆਂ ਤਾਂ ਉਨ੍ਹਾਂ ਵਾਸਤੇ ਆਪਣੀ ਪੋਜ਼ੀਸ਼ਨ ਨੂੰ ਬਚਾਈ ਰੱਖਣਾ ਜ਼ਿਆਦਾ ਆਸਾਨ ਹੁੰਦਾ ਅਤੇ ਜਦ ਵੀ ਅੰਗ੍ਰੇਜ਼ੀ ਫ਼ੌਜਾਂ ਦਰਿਆ ਪਾਰ ਹੋਣ ਦਾ ਯਤਨ ਕਰਦੀਆਂ ਤਾਂ ਉਨ੍ਹਾਂ ਨੂੰ ਨੁਕਸਾਨ ਵੀ ਬਹੁਤ ਪਹੁੰਚਾਇਆ ਜਾ ਸਕਦਾ।

# ਅਲੀਵਾਲ ਦੀ ਝੜਪ

ਮਾਲਵੇ ਦੇ ਸਰਦਾਰਾਂ ਤੇ ਰਾਜਿਆਂ ਵਿਚੋਂ ਲਾਡਵੇ ਦਾ ਸਰਦਾਰ ਰਾਜਾ ਅਜੀਤ ਸਿੰਘ ਹੀ ਇਕ ਉੱਘਾ ਸਰਦਾਰ ਸੀ ਜਿਸ ਨੇ ਇਸ ਜੰਗ ਵਿਚ ਸਰਕਾਰ ਲਾਹੌਰ ਦਾ ਪੱਖ ਲਿਆ ਸੀ। ਉਹ ਲਾਹੌਰ ਸਰਕਾਰ ਦਾ ਜਾਗੀਰਦਾਰ ਸੀ ਤੇ ਲੁਧਿਆਣਾ ਦੇ ਨਜ਼ਦੀਕ ਬੱਦੋਵਾਲ ਵਿਚ ਉਸ ਦਾ ਕਿਲਾ ਸੀ। ਜਿਸ ਵੇਲੇ ਅੰਗ੍ਰੇਜ਼ਾਂ ਦੀ ਲੁਧਿਆਣਾ ਫ਼ੋਰਸ ਬ੍ਰਿਗੇਡੀਅਰ ਵੀਲਰ ਦੀ ਕਮਾਨ ਹੇਠਾਂ ਬਸੀਆਂ ਦੇ ਮੁਕਾਮ ਤੇ ਮੁਖ ਫ਼ੌਜ ਨਾਲ ਮੇਲ ਲਈ ਗਈ ਸੀ ਤਾਂ ਉਨ੍ਹਾਂ ਨੇ ਰਾਹ ਵਿਚ ਸਰਦਾਰ ਅਜੀਤ ਸਿੰਘ ਦੇ ਬੱਦੋਵਾਲ ਦੇ ਕਿਲੇ ਤੇ ਕਬਜ਼ਾ ਕਰ ਲਿਆ। ਜਿਸ ਵੇਲੇ ਮੁਦਕੀ ਤੇ ਫੇਰੂ ਸ਼ਹਿਰ ਨੇ ਅੰਗ੍ਰੇਜ਼ਾਂ ਨੂੰ ਲੁਧਿਆਣੇ ਵੱਲੋਂ ਅਵੇਸਲਾ ਕਰ ਦਿੱਤਾ ਤਾਂ ਸਰਦਾਰ ਅਜੀਤ ਸਿੰਘ ਨੇ ਆ ਕੇ ਮੁੜ ਬੱਦੋਵਾਲ ਉੱਤੇ ਆਪਣਾ ਕਬਜ਼ਾ ਕਰ ਲਿਆ।[1]

17 ਜਨਵਰੀ 1846 ਨੂੰ ਜਦ ਸਰਦਾਰ ਰਣਜੋਧ ਸਿੰਘ ਮਜੀਠੀਆ ਲੁਧਿਆਣੇ ਦੇ ਨਜ਼ਦੀਕੋਂ ਸਤਲੁਜ ਪਾਰ ਹੋਇਆ ਤਾਂ ਸਰਦਾਰ ਅਜੀਤ ਸਿੰਘ ਵੀ ਉਸ ਦੇ ਨਾਲ ਮਿਲ ਗਿਆ। ਇਨ੍ਹਾਂ ਨੇ ਲੁਧਿਆਣੇ ਦੀ ਛਾਉਣੀ ਦੇ ਕੁਝ ਹਿੱਸੇ ਫੂਕ ਦਿੱਤੇ। ਜਿਸ ਵੇਲੇ ਇਹ ਖ਼ਬਰ ਗਵਰਨਰ-ਜਨਰਲ ਲਾਰਡ ਹਾਰਡਿੰਗ ਅਤੇ ਕਮਾਂਡਰ-ਇਨ-ਚੀਫ਼ ਸਰ ਹੀਊ ਗੋਫ਼ ਨੂੰ ਲੱਗੀ ਤਾਂ ਉਨ੍ਹਾਂ ਸਰ ਹੈਰੀ ਸਮਿੱਥ ਨੂੰ ਜੋ 17 ਜਨਵਰੀ ਨੂੰ ਧਰਮਕੋਟ ਅਤੇ ਫ਼ਤਿਹਗੜ੍ਹ ਦੇ ਕਿਲਿਆਂ ਤੇ ਕਬਜ਼ਾ ਕਰਨ ਲਈ ਭੇਜਿਆ ਗਿਆ ਸੀ, ਹੁਕਮ ਭੇਜਿਆ ਕਿ ਉਹ ਲੁਧਿਆਣੇ ਜਾ ਕੇ ਕਰਨਲ ਗੋਡਬੀ ਦੀ ਸਹਾਇਤਾ ਕਰੇ। ਸਰ ਹੈਰੀ ਸਮਿੱਥ ਲੁਧਿਆਣੇ ਵੱਲ ਨੂੰ ਵਧਦਾ ਹੋਇਆ 21 ਜਨਵਰੀ ਨੂੰ ਬੱਦੋਵਾਲ ਕੋਲ ਪਹੁੰਚਿਆ ਹੀ ਸੀ ਕਿ ਸਰਦਾਰ ਰਣਜੋਧ ਸਿੰਘ ਤੇ ਸਰਦਾਰ ਅਜੀਤ ਸਿੰਘ ਨੇ ਅਚਾਨਕ ਧਾਵਾ ਬੋਲ ਦਿੱਤਾ। ਸਰ ਹੈਰੀ ਸਮਿੱਥ ਦੀ ਫ਼ੌਜ ਤਿੱਤਰ ਬਿੱਤਰ ਹੋ ਗਈ ਅਤੇ ਉਸ ਦਾ ਸਾਰਾ ਮਾਲ ਅਸਬਾਬ ਤੇ ਹਸਪਤਾਲੀ ਸਟੋਰ ਸਿੰਘਾਂ ਦੇ ਹੱਥ ਆਇਆ। ਇਸ ਵੇਲੇ ਜੇ ਕਿਧਰੇ ਬ੍ਰਿਗੇਡੀਅਰ ਕਿਉਰਟਨ ਦਾ ਧਰਮਕੋਟ ਵੱਲੋਂ ਆ ਰਿਹਾ ਰਿਸਾਲਾ ਐਨ ਵੇਲੇ ਸਿਰ ਕੁਝ ਸਹਾਇਤਾ ਨਾ ਆ ਕਰਦਾ ਤਾਂ ਸ਼ਾਇਦ ਇਸ ਝੜਪ ਵਿਚ ਅੰਗ੍ਰੇਜ਼ਾਂ ਦਾ ਹੋਰ ਵੀ ਜ਼ਿਆਦਾ ਨੁਕਸਾਨ ਹੁੰਦਾ।[2]

---

1. M'Gregor, *History of the Sikhs* (1846), ii, 132.
2. Gough and Innes, *The Sikhs and the Sikh Wars*, 111-12; Latif, *History of the Punjab*, 544-45; *Autobiography* of Sir Harry Smith, 523-35; Edwards, *Reminiscences of a Bengal Civilian* (1866), p. 98; Cust, *O. & L. Essays*, V. 157.

ਪਰ ਬੱਦੋਵਾਲ ਦੀ ਹਾਰ ਦਾ ਧੋਣਾ ਸਰ ਹੈਰੀ ਸਮਿੱਥ ਨੇ ਲੁਧਿਆਣਿਉਂ ਹਟ ਕੇ ਹਫ਼ਤੇ ਪਿੱਛੋਂ 28 ਜਨਵਰੀ ਨੂੰ ਧੋ ਦਿੱਤਾ ਜਦ ਕਿ ਹੋਰ ਅੰਗ੍ਰੇਜ਼ੀ ਫ਼ੌਜ ਆ ਜਾਣ ਤੇ ਅਲੀਵਾਲ ਦੀ ਝੜਪ ਵਿਚ ਸਰਦਾਰ ਰਣਜੋਧ ਸਿੰਘ ਦਾ ਪਾਸਾ ਢਿੱਲਾ ਪੈ ਗਿਆ ਤੇ ਮਦਦ ਲਈ ਕੋਈ ਤੋਪਾਂ ਨਾ ਪੁੱਜਣ ਤੇ ਉਸ ਨੂੰ ਹਾਰ ਹੋ ਗਈ।[1]

ਅਲੀਵਾਲ ਵਿਚ ਸਿੰਘਾਂ ਦੀ ਬਹਾਦਰੀ ਦਾ ਜ਼ਿਕਰ ਕਰਦਾ ਹੋਇਆ ਥੋਰਨਟਨ ਲਿਖਦਾ ਹੈ ਕਿ ਸਿੱਖ ਬਹੁਤ ਦ੍ਰਿੜ੍ਹਤਾ ਨਾਲ ਲੜੇ ਅਤੇ ਸਾਡੇ ਰਿਸਾਲੇ ਨਾਲ ਕਈ ਵਾਰੀ ਹੱਥੋਂ-ਹੱਥੀਂ ਝੜਪਾਂ ਲਈਆਂ। ਸੋਲ੍ਹਵੇਂ ਲਾਂਸਰ ਰਿਸਾਲੇ ਉੱਤੇ ਸਿੱਖ ਪਿਆਦਿਆਂ ਦੇ ਇਕ ਹੱਲੇ ਵੇਲੇ ਉਨ੍ਹਾਂ (ਸਿੱਖਾਂ) ਨੇ ਆਪਣੀਆਂ ਬੰਦੂਕਾਂ ਪਰੇ ਸੁਟ ਦਿੱਤੀਆਂ ਅਤੇ ਆਪਣੀਆਂ ਤਲਵਾਰਾਂ ਤੇ ਢਾਲਾਂ ਲੈ ਕੇ ਨੇਜ਼ਿਆਂ ਦਾ ਆ ਟਾਕਰਾ ਕੀਤਾ।[2]

ਇਕ ਖ਼ਿਆਲ ਇਹ ਵੀ ਹੈ ਕਿ ਚੂੰਕਿ ਬੱਦੋਵਾਲ ਦੀ ਲੜਾਈ ਵਿਚ ਸਰ ਹੈਰੀ ਸਮਿੱਥ ਦੀ ਹਾਰ ਨੇ ਉਸ ਨੂੰ ਬਦਨਾਮ ਕਰ ਦਿੱਤਾ ਸੀ, ਉਸ ਦੀ ਸਾਰੀ ਉਮਰ ਦੀ ਕਮਾਈ ਰੁੜ੍ਹਦੀ ਜਾ ਰਹੀ ਸੀ ਅਤੇ ਇਸ ਬਦਨਾਮੀ ਨੂੰ ਛੇਤੀ ਹੀ ਨੇਕਨਾਮੀ ਵਿਚ ਬਦਲ ਸਕਣ ਦੀਆਂ ਕੋਈ ਬਹੁਤ ਉਤਸਾਹ-ਦਾਇਕ ਉਮੀਦਾਂ ਵੀ ਨਹੀਂ ਸਨ ਰਹੀਆਂ, ਇਸ ਲਈ ਅਲੀਵਾਲ ਵਿਚ ਹੋਈ ਮਾਮੂਲੀ ਜੇਹੀ ਝੜਪ ਨੂੰ ਮਨਘੜਤ ਬਨਾਵਟਾਂ ਨਾਲ ਬਹੁਤ ਸਾਰਾ ਵਧਾ ਕੇ ਸਰਕਾਰੀ ਡਿਸਪੈਚਾਂ ਵਿਚ ਇਕ ਬੜੀ ਭਾਰੀ ਤਾਰੀਖੀ ਲੜਾਈ ਦੀ ਸ਼ਕਲ ਵਿਚ ਪੇਸ਼ ਕੀਤਾ ਗਿਆ ਹੈ ਤਾਂ ਕਿ ਸਰ ਹੈਰੀ ਸਮਿੱਥ ਦੀ ਬਦਨਾਮੀ ਧੋਤੀ ਜਾ ਸਕੇ। ਇਸ ਖ਼ਿਆਲ ਦੀ ਗਵਾਹੀ ਏ. ਐਲ. ਐਡਮਜ਼ ਦੀ ਪੁਸਤਕ 'ਵਾਂਡਰਿੰਗਜ ਔਫ਼ ਏ ਨੈਚੁਰਲਿਸਟ ਇਨ ਇੰਡੀਆ' ਤੋਂ ਮਿਲਦੀ ਹੈ ਜਿਸ ਵਿਚ ਕਿ ਉਹ ਅਲੀਵਾਲ ਦੇ ਮੈਦਾਨ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ :—

"ਅਲੀਵਾਲ ਸੰਬੰਧੀ ਬਹੁਤ ਕੁਝ ਆਖਿਆ ਜਾ ਚੁੱਕਾ ਹੈ ਪਰ ਸੱਚੇ ਨਿਰਪੱਖ ਗਵਾਹ ਉਸ ਵੇਲੇ ਲਿਖੀਆਂ ਗਈਆਂ ਗੱਲਾਂ ਨਾਲੋਂ ਬਿਲਕੁਲ ਹੀ ਵੱਖਰੀ ਗੱਲ ਦੱਸਦੇ ਹਨ।"

"ਮੈਂ ਉਸ ਰਣ ਭੂਮੀ ਵਿਚ ਇਕ ਐਸੇ ਆਦਮੀ ਦੇ ਨਾਲ ਫਿਰਿਆ ਹਾਂ ਜੋ ਉਸ ਲੜਾਈ ਵਿਚ ਮੌਜੂਦ ਸੀ। ਉਸ ਨੇ ਮੈਨੂੰ ਯਕੀਨ ਦਿਲਾਇਆ ਅਤੇ ਉਸ ਦੀ ਗੱਲ ਦੀ ਹੋਰ ਕਈ ਦੂਸਰਿਆਂ ਨੇ ਸ਼ਾਹਦੀ ਭਰੀ ਹੈ ਕਿ ਜਿਸ ਵੇਲੇ (ਇਸ ਲੜਾਈ ਬਾਬਤ) ਸਰਕਾਰੀ ਬਿਆਨ ਲਿਖਿਆ ਜਾ ਰਿਹਾ ਹੈ ਸੀ ਤਾਂ ਇਕ ਬੜੀ ਕਾਮਯਾਬ ਮਨੋਕਲਪਣਾ ਕੰਮ ਕਰ

---

1. ਪਰ ਰਾਜਾ ਲਾਲ ਸਿੰਘ ਤੇ ਤੇਜ ਸਿੰਘ ਦੀ ਤਰ੍ਹਾਂ ਸਰਦਾਰ ਰਣਜੋਧ ਸਿੰਘ ਦੀ ਨੀਯਤ ਉੱਤੇ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ। ਗ੍ਰਿਫ਼ਿਨ ਲਿਖਦਾ ਹੈ :

   "Ranjodh Singh.........was, if any thing, superior to the other leaders of the Sikh Army, if leaders theyu can be called.........but he was no traitor. He had no confidential agents in the British camp as Raja Lal Singh had, nor did he, like the Raja, pray for and labour for the triumph of the English." *Punjab Chiefs* (1890), i, 272-73.

2. *History of the Punjab,* (1846), ii. 349.

ਰਹੀ ਸੀ। ਉਸ ਦੇ ਲਫ਼ਜ਼ ਸਨ ਕਿ 'ਅਲੀਵਾਲ ਇਕ ਲਿਖਤ ਵਿਚ ਹੀ ਆਈ ਲੜਾਈ ਸੀ ਕਿਉਂਕਿ ਸਾਡੇ ਵਿਚੋਂ ਉਸ ਵੇਲੇ ਤਕ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਅਸੀਂ ਕੋਈ ਲੜਾਈ ਲੜੇ ਹਾਂ ਜਦ ਤਕ ਕਿ ਇਸ ਦੇ ਹਾਲਾਤ ਇਕ ਪੱਤਰ ਵਿਚ ਪ੍ਰਕਾਸ਼ਤ ਨਹੀਂ ਸਨ ਹੋ ਗਏ ਜਿਸ ਨੇ ਸਾਡੇ ਵਿਚੋਂ ਹਰ ਇਕ ਨਾਲ ਇਨਸਾਫ਼ ਤੋਂ ਵੀ ਵੱਧ ਚੰਗਾ ਸਲੂਕ ਕੀਤਾ।'

"ਪਰ ਉਹ ਇਸ ਨੂੰ ਬਿਨਾ ਡਕਾਰ ਪੀ ਗਏ ਅਤੇ ਸਾਡੀਆਂ ਬਹੁਤ ਸਾਰੀਆਂ ਹਿੰਦੁਸਤਾਨੀ ਲੜਾਈਆਂ ਅਤੇ ਹਿੰਦੁਸਤਾਨੀ ਗ਼ਲਤੀਆਂ ਦੀ ਤਰ੍ਹਾਂ ਲੜਾਈ ਦੇ ਆਖ਼ਰੀ ਨਤੀਜੇ ਨੇ ਇਸ ਬਾਬਤ ਨੁਕਤਾ-ਚੀਨੀ ਬੰਦ ਕਰਾ ਦਿੱਤੀ।"

"ਇਕ ਆਇਰਸ਼ ਕਹੇਗਾ ਕਿ ਫ਼ੌਜ ਦਾ ਸਾਮਾਨ ਵੈਰੀ ਦੇ ਹੱਥ ਆ ਜਾਣ ਕਰ ਕੇ 'ਸਾਨੂੰ ਬੱਦੋਵਾਲ ਵਿਚ ਘਾਟਾ ਪਿਆ' ਅਤੇ ਕੋਈ ਵੀ ਮੁਬਾਲਗਾ ਇਸ ਨੂੰ ਜਿੱਤ ਵਿਚ ਨਹੀਂ ਬਦਲ ਸਕੇਗਾ। ਪਰ ਥੋੜ੍ਹੇ ਚਿਰ ਪਿੱਛੋਂ ਨੂੰ ਹਟ ਰਹੇ ਸਿੱਖਾਂ ਦੇ ਇਕ ਦਸਤੇ ਤੇ ਕੁਝ ਗੋਲੀਆਂ ਦੇ ਚੱਲਣ ਅਤੇ ਇਕ ਜਾਂ ਦੋ ਦਸਤਿਆਂ ਦੇ ਹੱਲੇ ਨੂੰ ਵਧਾ ਚੜ੍ਹਾ ਕੇ ਇਕ ਬੜੀ ਵੱਡੀ ਲੜਾਈ ਦੱਸਿਆ ਗਿਆ ਅਤੇ ਇਸ ਤਰ੍ਹਾਂ ਅਲੀਵਾਲ ਦੇ ਮੈਦਾਨ ਨੂੰ ਹਿੰਦੁਸਤਾਨ ਦੇ ਇਕ ਮੈਰੇਥੋਨ ਦਾ ਰਣਖੇਤਰ ਕਰਕੇ ਲਿਖ ਲਿਆ ਗਿਆ।"[1]

---

1. Adams, A.L.—*Wanderings of a Naturalist in India, the Western Himalayas and Kashmere;* Edmonston and DoUglas, Edinburgh, 1867, p. 60-1 :
.........Much has been said of Aliwal. but can did witnesses give a far different account from that written at the time.
I wandered over the field with one who had been present at the engagement he assured me, and his testimony has been corroborated by many others, that a fruitful imagination was at work when the official account was drawn up. His words were :
"Aliwal was *the battle of the despatch,* for none of us knew we had fought a battle until the particulars appeared in a document which did *more* than justice to everyone concerned."
But they gulped it down, and like many of our Indian battles and Indian blunders, the final issue of the struggle disarmed criticism.
An Irishman would say, "We gained a disadvantage at Budiwal." by the baggage of the Army falling into the hands of the enemy; *that* no exaggeration could well turn it into a victory but shortly afterwards, a few shots and the charge of a squadron or two in persuit of a host of retreating Sikhs were magnified into a grand combat and thus the plain of Aliwal has been recorded as the scene of one of India's Marathons.
ਹੋਰ ਵੇਖੋ Cunningham, *History of the Sikhs* (1849), p. 316.

# ਸਭਰਾਵਾਂ ਦੀ ਲੜਾਈ

## ਸਰਦਾਰ ਸ਼ਾਮ ਸਿੰਘ ਦੀ ਸ਼ਹੀਦੀ

### 10 ਫ਼ਰਵਰੀ 1846

ਫੇਰੂ ਸ਼ਹਿਰ ਵਿਚ ਹਾਰ ਦੇ ਪਿੱਛੋਂ ਲਾਹੌਰ ਦਰਬਾਰ ਨੇ ਰਾਜਾ ਗੁਲਾਬ ਸਿੰਘ ਨੂੰ ਜੰਮੂ ਤੋਂ ਲਾਹੌਰ ਬੁਲਾਇਆ। ਮਹਾਰਾਣੀ ਜਿੰਦ ਕੌਰ ਨੂੰ ਸ਼ਾਇਦ ਇਹ ਖਿਆਲ ਹੋਵੇ ਕਿ ਗੁਲਾਬ ਸਿੰਘ ਜੰਗ ਵਿਚ ਦਰਬਾਰ ਦੀ ਸਹਾਇਤਾ ਕਰੇਗਾ। ਜੇ ਉਹ ਚਾਹੁੰਦਾ ਤਾਂ ਲੜਾਈ ਨੂੰ ਲਮਕਾ ਸਕਦਾ ਸੀ। ਪਰ ਉਹ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦਾ ਸੀ, ਇਸ ਲਈ ਉਸ ਨੇ ਜ਼ਾਹਰਾ ਤੌਰ ਤੇ ਕੋਈ ਗੱਲ ਅੰਗ੍ਰੇਜ਼ਾਂ ਦੇ ਵਿਰੁੱਧ ਨਾ ਕੀਤੀ ਬਲਕਿ ਹਾਰ ਖਾ ਚੁੱਕੇ ਹੋਏ ਸਿੱਖਾਂ ਨੂੰ ਹੀ ਉਸ ਨੇ ਕੋਸਨਾ ਸ਼ੁਰੂ ਕਰ ਦਿੱਤਾ ਅਤੇ ਅੰਗ੍ਰੇਜ਼ਾਂ ਨਾਲ ਗੱਲ-ਬਾਤ ਆਰੰਭ ਕਰ ਦਿੱਤੀ।

ਗਵਰਨਰ-ਜਨਰਲ ਵੀ ਇਸ ਗੱਲੋਂ ਖ਼ੁਸ਼ ਸੀ ਕਿ ਲਾਹੌਰ ਦਰਬਾਰ ਈਨ ਮੰਨ ਲੈਣ ਨੂੰ ਤਿਆਰ ਹੈ ਕਿਉਂਕਿ ਉਹ ਸੱਚੇ ਦਿਲੋਂ ਮਹਿਸੂਸ ਕਰ ਰਿਹਾ ਸੀ ਕਿ ਸਾਰੇ ਪੰਜਾਬ ਨੂੰ ਸਰ ਕੀਤੇ ਬਿਨਾ ਇਸ ਲੜਾਈ ਨੂੰ ਕਾਮਯਾਬੀ ਨਾਲ ਖ਼ਤਮ ਨਹੀਂ ਕੀਤਾ ਜਾ ਸਕੇਗਾ ਅਤੇ ਖ਼ਾਲਸਾ ਫ਼ੌਜ ਦੀ ਮੌਜੂਦਗੀ ਵਿਚ ਪੰਜਾਬ ਨੂੰ ਸਰ ਕਰਨ ਲਈ ਪੈਰ ਪੈਰ ਉੱਤੇ ਖ਼ਤਰਾ ਹੈ। ਹਿੰਦੁਸਤਾਨ ਵਿਚ ਅੰਗ੍ਰੇਜ਼ੀ ਹਕੂਮਤ ਦਾ ਆਧਾਰ ਗੋਰਾ ਫ਼ੌਜ ਉੱਤੇ ਹੈ, ਪਰ ਲੜਾਈ ਲੰਬੀ ਹੋ ਜਾਣ ਦੀ ਹਾਲਤ ਵਿਚ ਗਰਮੀ ਦੇ ਮੌਸਮ ਵਿਚ ਗੋਰਿਆਂ ਵਾਸਤੇ ਬੜੀ ਸ਼ਾਮਤ ਹੋਵੇਗੀ ਅਤੇ ਕਿਸੇ ਆਮ ਬੀਮਾਰੀ ਦੇ ਪੈ ਜਾਣ ਨਾਲ ਅਫ਼ਸਰਾਂ ਅਤੇ ਸਿਪਾਹੀਆਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਵੇਗਾ। ਇਹ ਵੀ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਸਾਰੇ ਹਿੰਦੁਸਤਾਨ ਵਿਚ ਲੋਕਾਂ ਦੇ ਮਨ ਡੋਲੇ ਹੋਏ ਹਨ ਅਤੇ ਲੜਾਈ ਲੰਬੀ ਪੈ ਜਾਣ ਦੀ ਹਾਲਤ ਵਿਚ ਉਨ੍ਹਾਂ ਦਾ ਅੰਗ੍ਰੇਜ਼ਾਂ ਦੀ ਫ਼ੌਜ ਦੇ ਅਜਿੱਤ ਹੋਣ ਸੰਬੰਧੀ ਯਕੀਨ ਹੋਰ ਵੀ ਹਿੱਲ ਜਾਏਗਾ ਅਤੇ ਮੁਲਕ ਵਿਚ ਸ਼ੋਰ ਸ਼ਰਾਬਾ ਪੈ ਜਾਏਗਾ। ਦਰਿਆ ਸਿੰਧ ਤਕ ਆਪਣੀ ਫ਼ਤਿਹ ਦੇ ਝੰਡੇ ਝੁਲਾਉਣ ਅਤੇ ਪੰਜਾਬ ਨੂੰ ਅੰਗ੍ਰੇਜ਼ੀ ਹਕੂਮਤ ਹੇਠਾਂ ਲੈ ਆਉਣ ਦਾ ਖ਼ਿਆਲ ਗਵਰਨਰ-ਜਨਰਲ ਦੇ ਮਨ ਨੂੰ ਹੁਲਾਰਾ ਦਿੰਦਾ ਸੀ। ਪਰ ਸਭ ਤੋਂ ਪਹਿਲੀ ਗੱਲ ਖ਼ਾਲਸਾ ਫ਼ੌਜਾਂ ਨੂੰ ਤਲਵਾਰ ਦੇ ਜ਼ੋਰ ਨਾਲ ਜਾਂ ਲਾਹੌਰ ਦਰਬਾਰ ਦੇ ਬਿਨਾ ਸ਼ਰਤ ਈਨ ਮੰਨਣ ਤੇ ਸਤਲੁਜੋਂ ਪਾਰ ਧੱਕਣਾ ਸੀ, ਨਹੀਂ ਤਾਂ ਡਰ ਸੀ ਕਿ ਅੰਗ੍ਰੇਜ਼ੀ ਤਾਕਤ ਨੂੰ ਕਮਜ਼ੋਰ ਹੋ ਗਈ ਸਮਝ ਕੇ ਹਿੰਦੁਸਤਾਨ ਦਾ ਹਰ ਛੋਟਾ ਮੋਟਾ ਸਰਦਾਰ ਮੌਕਾ ਮਿਲਣ ਤੇ ਆਪਣੀ ਆਜ਼ਾਦੀ ਲਈ ਤਿਆਰ ਹੋ ਕੇ

ਹੱਥ ਪੈਰ ਮਾਰਨ ਦੇ ਯਤਨ ਕਰਨ ਲੱਗ ਪਏਗਾ। ਪਰ ਜੇ ਕਿਧਰੇ ਮੁਲਕ ਦੇ ਸਾਰੇ ਸਰਦਾਰ ਸਿਰ-ਲੱਥ ਹੋ ਕੇ ਕਿਸੇ ਇਕ ਯੋਗ ਅਤੇ ਆਪਾ-ਵਾਰੂ ਆਗੂ ਦੇ ਹੁਕਮ ਹੇਠਾਂ ਆਇ ਕੱਠੇ ਹੋਏ ਤਾਂ ਲਾਹੌਰ ਦਰਬਾਰ ਦੀ ਤਿਆਰ-ਬਰ-ਤਿਆਰ ਬਹਾਦੁਰ ਖ਼ਾਲਸਾ ਫ਼ੌਜ ਨੂੰ ਇਕ ਅੱਧੀ ਹੋਰ ਹਾਰ ਨਾਲ ਪੂਰੀ ਤਰ੍ਹਾਂ ਮੁਕਾਇਆ ਨਹੀਂ ਜਾ ਸਕੇਗਾ।

ਇਨ੍ਹਾਂ ਗੱਲਾਂ ਨੂੰ ਸਾਮ੍ਹਣੇ ਰੱਖ ਕੇ ਗਵਰਨਰ-ਜਨਰਲ ਨੇ ਗੁਲਾਬ ਸਿੰਘ ਨੂੰ ਕਹਿ ਭੇਜਿਆ ਕਿ ਖ਼ਾਲਸਾ ਫ਼ੌਜ ਨੂੰ ਤੋੜ ਦਿੱਤੇ ਜਾਣ ਪਿੱਛੋਂ ਸਰਕਾਰ ਵਿਚ ਸਿੱਖ ਬਾਦਸ਼ਹਤ ਨੂੰ ਪ੍ਰਵਾਨ ਕਰ ਲੈਣ ਲਈ ਤਿਆਰ ਹੋਵੇਗੀ। ਪਰ ਗੁਲਾਬ ਸਿੰਘ ਨੇ ਜਵਾਬ ਦਿੱਤਾ ਕਿ ਫ਼ੌਜ ਨੂੰ ਤੋੜ ਦੇਣ ਦਾ ਇਕਰਾਰ ਕਰਨਾ ਉਸ ਦੇ ਅਖ਼ਤਿਆਰ ਤੋਂ ਬਾਹਰ ਹੈ। ਕਨਿੰਘਮ ਲਿਖਦਾ ਹੈ ਕਿ ਆਪਣੇ ਮਤਲਬ ਨੂੰ ਪੂਰਾ ਕਰਨ ਲਈ ਗੁਲਾਬ ਸਿੰਘ ਸਿੱਖ ਫ਼ੌਜ ਸੰਬੰਧੀ ਗੱਲਾਂ ਬਹੁਤ ਵਧਾ ਕੇ ਦੱਸ ਰਿਹਾ ਸੀ। ਅੰਗ੍ਰੇਜ਼ਾਂ ਦੇ ਇਸ ਵੇਲੇ ਕੁਥਾਂਏ ਫਸੇ ਹੋਏ ਹੋਣ ਪਰ ਉਹ ਉਨ੍ਹਾਂ ਨੂੰ ਹੋਰ ਡਰਾ ਤੇ ਯਰਕਾ ਕੇ ਆਪਣੀ ਸੇਵਾ ਦੇ ਬਦਲੇ ਉਨ੍ਹਾਂ ਪਾਸੋਂ ਆਪਣੀਆਂ ਨਿੱਜ ਦੀਆਂ ਗੱਲਾਂ ਮਨਵਾਉਣਾ ਚਾਹੁੰਦਾ ਸੀ ਜਿਸ ਵਿਚ ਕਿ ਅੰਤ ਉਹ ਪੂਰੀ ਤਰ੍ਹਾ ਕ਼ਾਮਯਾਬ ਹੋ ਗਿਆ।

ਓਧਰ ਚੂੰਕਿ ਸਿੱਖਾਂ ਦੀ ਰਾਜਧਾਨੀ ਵਿਚ ਜਾ ਕੇ ਉਨ੍ਹਾਂ ਪਾਸੋਂ ਈਨ ਮਨਵਾਉਣਾ ਅੰਗ੍ਰੇਜ਼ੀ ਹਕੂਮਤ ਦੇ ਰੋਹਬ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੋ ਰਿਹਾ ਸੀ, ਇਸ ਲਈ ਗੁਲਾਬ ਸਿੰਘ ਅਤੇ ਅੰਗ੍ਰੇਜ਼ਾਂ ਵਿਚ ਕੋਈ ਇਹੋ ਜਿਹਾ ਸਲਾਹ ਸਮਝੌਤਾ ਹੋ ਗਿਆ ਕਿ ਅੰਗ੍ਰੇਜ਼ ਸਿੱਖ ਫ਼ੌਜ ਉੱਤੇ ਹੱਲਾ ਕਰਨ ਅਤੇ ਹਾਰ ਹੋ ਜਾਣ ਤੇ ਸਰਕਾਰ ਲਾਹੌਰ (ਜਿਸ ਦੇ ਮੁਖੀਏ ਇਸ ਵੇਲੇ ਰਾਜਾ ਗੁਲਾਬ ਸਿੰਘ ਡੋਗਰਾ, ਮਿੱਸਰ ਲਾਲ ਸਿੰਘ ਵਜ਼ੀਰ ਤੇ ਮਿੱਸਰ ਤੇਜ ਸਿੰਘ ਕਮਾਂਡਰ-ਈਨ-ਚੀਫ਼ ਸਨ) ਉਸ ਨੂੰ ਖੁਲ੍ਹੇ ਤੌਰ ਤੇ ਤਿਆਗ ਦੇਵੇ, ਅਤੇ ਸਤਲੁਜ ਦਰਿਆ ਦਾ ਰਾਹ ਅਤੇ ਲਾਹੌਰ ਤਕ ਸੜਕ ਅੰਗ੍ਰੇਜ਼ਾਂ ਵਾਸਤੇ ਖ਼ਾਲੀ ਛੱਡ ਦਿੱਤੇ ਜਾਣ। ਇਸ ਮੂਰਖਤਾ-ਭਰੀ ਪਾਲਿਸੀ ਅਤੇ ਬੇਸ਼ਰਮਾਂ ਵਾਲੀ ਗੱਦਾਰੀ ਦੇ ਹਾਲਾਤ ਵਿਚ ਸਭਰਾਵਾਂ ਦੀ ਜੰਗ ਹੋਈ।[1] ਇਹ ਸਾਰੀ ਗੱਲ-ਬਾਤ ਫ਼ਰਵਰੀ 1846 ਦੇ ਪਹਿਲੇ ਹਫ਼ਤੇ ਦੀ ਹੈ ਜਦ ਕਿ ਗਵਰਨਰ-ਜਨਰਲ ਸਰ ਹੈਨਰੀ ਹਾਰਡਿੰਗ ਦਾ ਕੈਂਪ ਫ਼ਿਰੋਜ਼ਪੁਰ ਸੀ।

ਗਵਰਨਰ-ਜਨਰਲ ਦਾ ਕੈਂਪ ਅਜੇ ਫ਼ਿਰੋਜ਼ਪੁਰ ਹੀ ਸੀ ਕਿ 7 ਫ਼ਰਵਰੀ ਨੂੰ ਅੰਗ੍ਰੇਜ਼ਾਂ ਦੀਆਂ ਵੱਡੀਆਂ ਤੋਪਾਂ, ਜਿਨ੍ਹਾਂ ਦੀ ਹਫ਼ਤਿਆਂ ਤੋਂ ਉਡੀਕ ਲੱਗੀ ਹੋਈ ਸੀ, ਪੁੱਜਣੀਆਂ ਸ਼ੁਰੂ ਹੋ ਗਈਆਂ ਤੇ ਦੂਸਰੇ ਦਿਨ ਤਕ ਸਾਰਾ ਤੋਪਖਾਨਾ ਪੁੱਜ ਗਿਆ। ਇਸੇ ਦਿਨ 7 ਫ਼ਰਵਰੀ ਨੂੰ ਮਿੱਸਰ ਲਾਲ ਸਿੰਘ ਵਜ਼ੀਰ ਨੇ ਆਪਣੇ ਆਦਮੀ ਫ਼ਿਰੋਜ਼ਪੁਰ ਗਵਰਨਰ-ਜਨਰਲ ਪਾਸ ਭੇਜੇ ਅਤੇ ਆਪਣੀਆਂ ਲਾਹੌਰ ਦਰਬਾਰ ਦੀਆਂ ਫ਼ੌਜਾਂ ਦੀ ਪਰ੍ਹੇਬੰਦੀ ਤੋਂ ਹੋਣ ਵਾਲੀ ਲੜਾਈ ਦਾ ਨਕਸ਼ਾ ਉਸ ਨੂੰ ਭੇਜ ਦਿੱਤਾ।[2] ਜਿਸ ਫ਼ੌਜ ਦੇ ਅਫ਼ਸਰ ਹੀ ਦੁਸ਼ਮਨ ਨਾਲ ਰਲੇ ਹੋਏ ਹੋਣ ਤੇ

---

1. ਕਨਿੰਘਮ, *ਹਿਸਟਰੀ ਔਫ਼ ਦੀ ਸਿੱਖਸ* (1849) 219-21 : ਮਰੇ, ਬ੍ਰਿਟਿਸ਼ ਇੰਡੀਆ, 713-15.
2. ਥੌਰਨਟਨ, *ਹਿਸਟਰੀ ਔਫ਼ ਦੀ ਪੰਜਾਬ*, 315; ਵਾਈਕਾਊਂਟ ਹਾਰਡਿੰਗ (*ਰੂਲਰਜ਼ ਔਫ਼ ਇੰਡੀਆ*), 113; ਐਡਵਰਡਜ਼, ਬੈਂਗਾਲ ਸਿਵਿਲੀਅਨ, 99; ਕਨਿੰਘਮ (1918), 192.

ਆਪਣੀ ਲੜਾਈ ਦਾ ਨਕਸ਼ਾ ਪਹਿਲਾਂ ਹੀ ਵੈਰੀ ਨੂੰ ਦੇ ਦੇਣ, ਉਸ ਦੇ ਹਾਰਨ ਵਿਚ ਕਿਸੇ ਨੂੰ ਕੀ ਸ਼ੱਕ ਹੋਣਾ ਹੋਇਆ?

ਇਕ ਪਾਸੇ ਅਫਸਰਾਂ ਦੀ ਬੇਈਮਾਨੀ ਦੀ ਇਸ ਤਰ੍ਹਾਂ ਹੱਦ ਹੋਈ ਹੋਈ ਸੀ, ਦੂਸਰੇ ਪਾਸੇ ਸਿੱਖ ਸਿਪਾਹੀ ਸਨ ਕਿ ਜਾਨਾਂ ਵਾਰਨ ਲਈ ਤਿਆਰ ਬੈਠੇ ਸਨ। ਮੈਗ੍ਰੈਗਰ ਲਿਖਦਾ ਹੈ ਕਿ ਇਕ ਅੰਗ੍ਰੇਜ਼ ਅਫ਼ਸਰ ਨੂੰ ਛੋਟੀਆਂ ਸਭਰਾਵਾਂ ਦੇ ਸਾਮ੍ਹਣੇ ਕੁਝ ਸਿੱਖ ਸਵਾਰ ਨਜ਼ਰ ਪਏ। ਇਨ੍ਹਾਂ ਵਿਚੋਂ ਇਕ ਨੂੰ ਉਸ ਨੇ ਬੁਲਾਇਆ। ਇਹ ਸਿੱਖ ਘੋੜ-ਚੜ੍ਹਾ ਬੜੀ ਖ਼ੁਸ਼ੀ ਨਾਲ ਉਸ ਕੋਲ ਚਲਾ ਗਿਆ ਅਤੇ ਉਸ ਦੇ ਨਾਲ ਹੀ ਅੰਗ੍ਰੇਜ਼ੀ ਕੈਂਪ ਨੂੰ ਤੁਰ ਪਿਆ ਜਿਥੇ ਕਿ ਇਸ ਦੀ ਮੁਲਾਕਾਤ ਅੰਗ੍ਰੇਜ਼ੀ ਕਮਾਂਡਰ-ਇਨ-ਚੀਫ਼ ਲਾਰਡ ਹੀਊ ਗੋਫ਼ ਨਾਲ ਕਰਾਈ ਗਈ। ਗੱਲ-ਬਾਤ ਕਰਦੇ ਹੋਏ ਸਿੰਘ ਜੀ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਖ਼ਾਲਸਿਆਂ ਨੂੰ ਕਈ ਵਾਰ ਹਾਰ ਹੋ ਚੁੱਕੀ ਹੈ, ਪਰ ਉਹ ਲੜਨ ਲਈ ਫਿਰ ਤਿਆਰ ਬਰ ਤਿਆਰ ਡਟੇ ਹੋਏ ਹਨ ਅਤੇ ਇਹ ਗੱਲ ਦਿਲ ਵਿਚੋਂ ਉੱਕੀ ਹੀ ਕੱਢ ਦਿੱਤੀ ਜਾਏ ਕਿ ਸਿੰਘ ਆਪਣੀ ਸਰਕਾਰ ਨਾਲ ਲੂਣ ਹਰਾਮੀ ਕਰਨਗੇ ਜਾਂ ਛੱਡ ਕੇ ਭੱਜ ਨਿਕਲਣਗੇ।[1]

9 ਫ਼ਰਵਰੀ ਨੂੰ ਗਵਰਨਰ-ਜਨਰਲ ਫ਼ਿਰੋਜ਼ਪੁਰੋਂ ਕਮਾਂਡਰ-ਇਨ-ਚੀਫ਼ ਦੇ ਕੈਂਪ ਵਿਚ ਆ ਗਿਆ ਅਤੇ ਦੂਸਰੇਂ ਦਿਨ 10 ਫ਼ਰਵਰੀ ਨੂੰ ਸਵੇਰੇ ਹੀ ਸਿੰਘਾਂ ਉੱਤੇ ਹੱਲਾ ਕਰਨ ਦਾ ਫ਼ੈਸਲਾ ਹੋਇਆ। ਮਾਲੂਮ ਹੁੰਦਾ ਹੈ ਕਿ ਤੇਜ ਸਿੰਘ ਨੂੰ ਅੰਗ੍ਰੇਜ਼ਾਂ ਵੱਲੋਂ ਹੋਣ ਵਾਲੇ ਹੱਲੇ ਦੇ ਵਕਤ ਦਾ ਪਤਾ ਸੀ। ਅੰਗ੍ਰੇਜ਼ਾਂ ਨਾਲ ਚੂੰਕਿ ਇਸ ਗੱਲ ਦਾ ਅੰਦਰੋਂ ਅੰਦਰ ਫ਼ੈਸਲਾ ਹੋ ਚੁੱਕਾ ਹੋਇਆ ਸੀ ਕਿ ਸਿੱਖ ਫ਼ੌਜ ਨੂੰ ਉਨ੍ਹਾਂ ਦੇ ਅਫ਼ਸਰ ਛੱਡ ਜਾਣਗੇ, ਇਸ ਲਈ ਤੇਜ ਸਿੰਘ ਚਾਹੁੰਦਾ ਸੀ ਕਿ ਕਿਸੇ ਪਾਸਿਓਂ ਵੀ ਅੰਗ੍ਰੇਜ਼ਾ ਦਾ ਡਟਵਾਂ ਟਾਕਰਾ ਨਾ ਹੋਵੇ। ਲਾਲ ਸਿੰਘ ਤਾਂ ਉਸ ਦੀ ਜੁੰਡੀ ਦਾ ਯਾਰ ਸੀ ਅਤੇ ਉਹ ਖ਼ੁਦ ਵੀ ਅੰਗ੍ਰੇਜ਼ਾਂ ਨਾਲ ਰਲਿਆ ਹੋਇਆ ਸੀ ਇਸ ਲਈ ਉਸ ਉੱਤੇ ਤੇਜ ਸਿੰਘ ਨੂੰ ਪੂਰਾ ਭਰੋਸਾ ਸੀ। ਤੇਜ ਸਿੰਘ ਨੂੰ ਜੇਕਰ ਡਰ ਸੀ ਤਾਂ ਸਰਦਾਰ ਸ਼ਾਮ ਸਿੰਘ ਦਾ, ਜਿਸ ਨੇ ਕਿ ਸੌਂਹ ਖਾ ਲਈ ਹੋਈ ਸੀ ਕਿ ਉਹ ਇਸ ਜੰਗ ਵਿਚ ਜਾਨ ਤਕ ਕੁਰਬਾਨ ਕਰ ਦੇਵੇਗਾ ਅਤੇ ਜੇ ਸਿੰਘਾਂ ਨੂੰ ਹਾਰ ਹੋ ਗਈ ਤਾਂ ਮੈਦਾਨ ਵਿਚੋਂ ਜੀਊਂਦਾ ਨਹੀਂ ਮੁੜੇਗਾ। ਗ੍ਰਿਫ਼ਿਨ ਲਿਖਦਾ ਹੈ ਕਿ ਆਖਿਆ ਜਾਂਦਾ ਹੈ ਕਿ ਸਭਰਾਵਾਂ ਦੀ ਲੜਾਈ ਤੋਂ ਪਹਿਲੀ ਰਾਤ (9 ਫ਼ਰਵਰੀ 1846) ਨੂੰ ਤੇਜ ਸਿੰਘ ਨੇ ਸਰਦਾਰ ਸ਼ਾਮ ਨੂੰ ਵੀ ਆਪਣੀ ਗੱਦਰਾਨਾ ਸਾਜਸ਼ ਵਿਚ ਸ਼ਾਮਲ ਕਰਨ ਦਾ ਨਿਸ਼ਫਲ ਯਤਨ ਕੀਤਾ ਹੈ ਤੇ ਉਨ੍ਹਾਂ ਨੂੰ ਆਖਿਆ ਕਿ ਉਹ ਵੀ ਅੰਗ੍ਰੇਜ਼ਾਂ ਦੇ ਪਹਿਲੇ ਹੱਲੇ ਵੇਲੇ ਉਸ ਦੇ ਨਾਲ ਹੀ ਨਿਕਲ ਚਲਣ, ਪਰ ਸਰਦਾਰ ਸ਼ਾਮ ਸਿੰਘ ਇਕ ਵੱਖਰੀ ਮਿੱਟੀ ਦਾ ਬਣਿਆ ਹੋਇਆ ਸੀ। ਉਹ

---

1. ਮੈਗ੍ਰੇਗਰ, *ਹਿਸਟਰੀ ਔਫ਼ ਦੀ ਸਿੱਖਸ*, ਜਿਲਦ ਦੂਸਰੀ, ਪੰ. 146.
"He said that Khalsa had no doubt been beaten several times; but they were determined to fight again; and it must not be supposed they would prove unfaithful to their employers and desert their cause."
ਹੋਰ ਵੇਖੋ ਸਮਿੱਥ, ਰੇਨਿੰਗ ਫ਼ੈਮਿਲੀ, 180-81.

ਇਨ੍ਹਾਂ ਟਕਾ-ਪੰਥੀ ਭਾੜੇ ਦੇ ਟਟੂ ਨਮਕ-ਹਰਾਮੀਆਂ ਵਿਚੋਂ ਨਹੀਂ ਸੀ। ਉਹ ਉਸ ਆਪਾ-ਵਾਰੂ ਸਰਦਾਰ ਨਿਹਾਲ ਸਿੰਘ ਦਾ ਅਣਖੀਲਾ ਪੁੱਤਰ ਸੀ ਜਿਸ ਨੇ ਕਿ ਮਹਾਰਾਜਾ ਰਣਜੀਤ ਸਿੰਘ ਦੇ ਸ਼ਰੀਰਕ ਕਸ਼ਟ ਨੂੰ ਨਿਵਾਰਨ ਲਈ ਹਸੂੰ ਹਸੂੰ ਕਰਦੇ ਆਪਣੀ ਜਾਨ ਵਾਰ ਦਿੱਤੀ ਸੀ। ਉਸ ਨੂੰ ਸਿੰਘਾਂ ਦੀ ਹਾਰ ਵਿਚ ਆਪਣੇ ਵਤਨ ਦੀ ਆਜ਼ਾਦੀ ਖੁੱਸਦੀ ਨਜ਼ਰ ਆ ਰਹੀ ਸੀ। ਉਹ ਇਸ ਦੇ ਪਿੱਛੋਂ ਜੀਊਣਾ ਆਪਣੀ ਅਣਖ ਨੂੰ ਵੱਟਾ ਲੱਗਣਾ ਸਮਝ ਕੇ ਇਸ ਦੇ ਨਾਲ ਹੀ ਤੁਰ ਜਾਣ ਨੂੰ ਤਿਆਰ ਹੋਈ ਬੈਠਾ ਸੀ। ਉਸ ਨੇ ਤੇਜ਼ ਸਿੰਘ ਦੀ ਇਸ ਨਿੰਦਨੀਯ ਕਾਲੀ ਕਰਤੂਤ ਉੱਤੇ ਘਿਰਣਾ ਪ੍ਰਗਟ ਕਰਦੇ ਹੋਏ ਉਸ ਦੇ ਨਾਲ ਸ਼ਾਮਲ ਹੋਣੋਂ ਇਨਕਾਰ ਕਰ ਦਿੱਤਾ। ਇਸ ਪਰ ਤੇਜ ਸਿੰਘ ਨੇ ਗੁਸੇ ਨਾਲ ਆਖਿਆ "ਜੇ ਤੂੰ ਐਡਾ ਹੀ ਬਹਾਦੁਰ ਹੈਂ ਤਾਂ ਇਕ ਵਾਰੀ ਖਾਹ ਤਾਂ ਸੁਗੰਦ, ਕਿਉਂਕਿ ਮੈਂ ਸਮਝਦਾ ਹਾਂ ਕਿ ਅੰਤ ਤੂੰ ਮੇਰੇ ਨਾਲ ਹੀ ਆ ਜਾਣਾ ਹੈ।" ਸਰਦਾਰ ਸ਼ਾਮ ਸਿੰਘ ਉਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹਾਜ਼ਰ ਹੋਏ ਅਤੇ ਗੁਰੂ ਨੂੰ ਹਾਜ਼ਰ ਨਾਜ਼ਰ ਕਰ ਕੇ ਬਚਨ ਕੀਤਾ ਕਿ ਸਿੰਘਾਂ ਨੂੰ ਹਾਰ ਹੋ ਗਈ ਤਾਂ ਮੈਂ ਮੈਦਾਨ 'ਚੋਂ ਜੀਊਂਦਾ ਨਹੀਂ ਨਿਕਲਾਂਗਾ।[1]

10 ਫ਼ਰਵਰੀ ਨੂੰ ਸਵੇਰੇ ਹੀ ਅੰਗ੍ਰੇਜ਼ਾਂ ਨੇ ਹੱਲਾ ਕਰ ਦਿੱਤਾ ਅਤੇ ਸਿੰਘ ਵੀ ਅੱਗਿਓਂ ਤਿਆਰ ਹੋ ਪਏ। ਸਵੇਰੇ ਹੀ ਸਰਦਾਰ ਸ਼ਾਮ ਸਿੰਘ ਨੇ ਚਿੱਟਾ ਬਾਣਾ ਸਜਾ ਲਿਆ ਅਤੇ ਆਪਣੀ ਖ਼ਾਸ ਸਵਾਰੀ ਦੀ ਚੀਨੀ ਘੋੜੀ ਤੇ ਸਵਾਰ ਹੋ ਕੇ ਨਿਕਲ ਪਏ। ਸਰਦਾਰ ਸ਼ਾਮ ਸਿੰਘ ਦੀ ਚੜ੍ਹਤਲ ਦਾ ਜ਼ਿਕਰ ਕਰਦਾ ਹੋਇਆ ਮਟਕ ਲਿਖਦਾ ਹੈ :—

*ਪਹਿਰ ਰਾਤ ਸਮੇਂ ਇਸ਼ਨਾਨ ਸ਼ਾਮ ਸਿੰਘ ਵਿਚ ਨਦੀ ਦੇ ਵੜਿਆ*
*ਜਪੁਜੀ ਪੜ੍ਹਿਆ।*
*ਪੁੰਨ ਦਾਨ ਬਹੁ ਕੀਏ ਮਰਦੁ ਨੇ, ਧਿਆਨ ਗੁਰਾਂ ਕਾ ਧਰਿਆ*
*ਭੈਜਲੁ ਤਰਿਆ।*
*ਨਿਮਸਕਾਰ ਕਰਿ ਸ਼ਸਤਰ ਪਹਿਰੇ, ਤੋੜਾ ਬੰਦੂਕੀਂ ਜੜਿਆ।*
*ਜਰਾ ਨਾ ਡਰਿਆ।*
*ਕਹਿਤ ਮਟਕ ਅਬ ਜੁਧ ਧਰਮ ਕਾ ਸਿਆਮ ਸਿੰਘ ਰਣ ਚੜ੍ਹਿਆ*
*ਖੰਡਾ ਫੜਿਆ ॥ ੨੮ ॥*
*ਦੋਹੀਂ ਧਿਰੀਂ ਤੰਬੂਰ ਖੜਕਦੇ, ਜੁੱਧ ਦੀ ਭਈ ਤਿਆਰੀ*
*ਲਸ਼ਕਰ ਭਾਰੀ।*
*ਵੱਜਨ ਤਮੁਰਜ਼ਾਂ ਔਰ ਮੁਰਲੀਆਂ, ਸੁਥਰੀ ਰਣਿ ਕੇ ਸਾਰੀ*
*ਅਧਿਕ ਪਿਆਰੀ।*
*ਚੜ੍ਹੇ ਰਸਾਲੇ ਔਰ ਪੜਤਲਾਂ ਗੋਰਾ ਬੇ ਸ਼ੁਮਾਰੀ*
*ਗਰਦ ਗੁਬਾਰੀ।*

1. *ਪੰਜਾਬ ਚੀਫ਼ਸ* (1890), ਜਿਲਦ 1, ਪੰ. 243; ਚੋਪੜਾ, *ਦੀ ਪੰਜਾਬ ਐਜ਼ ਏ ਸੋਵਰਨ ਸਟੇਟ*, 164.

*ਕਹਿਤ ਮਟਕ ਅਬ ਪੰਥ ਕੇ ਉਪਰ, ਝੁਕ ਰਹੀ ਨੰਦਨ ਸਾਰੀ*
*ਲਸ਼ਕਰ ਭਾਰੀ ॥੨੯॥*
*ਦੋਹੀਂ ਧਿਰੀਂ ਤੰਬੂਰ ਖੜਕਦੇ, ਲੜਦੇ ਨਦੀ ਕਿਨਾਰੇ*
*ਮੁਲਖਾਂ ਵਾਰੇ।*
*ਚਲਨ ਬੰਦੂਕਾਂ ਔਰ ਰਹਿਕਲੇ, ਤੇਗੇ ਚਮਕਣਿ ਭਾਰੇ*
*ਬਣੇ ਦੁਧਾਰੇ।*
*ਗੱਜਣਿ ਸੂਰਮੇ ਸਨਮੁਖ ਹੋ ਕੇ, ਰਣਿ ਦੇ ਵਿਚ ਪੁਕਾਰੇ*
*ਲੈਣਿ ਹੁਲਾਰੇ।*
*ਕਹਿਤ ਮਟਕ ਗੋਲਾ ਪਿਆ ਵਰਸੇ, ਵਗਦੇ ਰੁਦ੍ਰ ਪ੍ਰਨਾਰੇ।*
*ਲੈਣਿ ਹੁਲਾਰੇ ॥ ੩੦ ॥*

ਕੁੰਡਲੀਆਂ ਛੰਦ

*ਸ਼ਾਮ ਸਿੰਘ ਸਰਦਾਰ ਨੇ ਕੀਆ ਤੀਰਥ ਇਸ਼ਨਾਨ।*
*ਗਊਆਂ ਹਾਥੀ ਮਣਸ ਕੇ ਸਨਮੁਖ ਚਲਾ ਜੁਆਨ।*
*ਸਨਮੁਖ ਚਲਾ ਜੁਆਨ ਜੁੱਧ ਦੀ ਭਈ ਤਿਆਰੀ।*
*ਅੰਗਰੇਜ਼ ਸਾਥ ਲੜਾ ਸੂਰਮਾ ਆਪ ਦੀਦਾਰੀ।*
*ਮਟਕਾ ਗੋਰੇ ਮਰਦ ਨੇ ਮਾਰੇ ਬੀਚ ਮਦਾਨ।*
*ਫੜਿ ਖੰਡਾ ਹੱਥ ਗਰਜਿਆ ਸ਼ਾਮ ਸਿੰਘ ਬਲਵਾਨ ॥੩੧॥*

ਲੜਾਈ ਤੇ ਜਾਣ ਤੋਂ ਪਹਿਲਾਂ ਸਰਦਾਰ ਸ਼ਾਮ ਸਿੰਘ ਨੇ ਸਿਪਾਹੀਆਂ ਨੂੰ ਵਿਆਖਿਆਨ ਦਿੱਤਾ ਤੇ ਸਮਝਾਇਆ ਕਿ ਅੱਜ ਤੁਹਾਡੀ ਕੌਮੀ ਅਣਖ ਦੀ ਪਰਖ ਦਾ ਸਮਾਂ ਆ ਪਿਆ ਹੈ, ਜੇ ਤੁਸੀਂ ਖ਼ਾਲਸੇ ਦੇ ਸੱਚੇ ਸਪੁੱਤਰ ਹੋ ਤਾਂ ਆਪਣੇ ਸਿੰਘ ਨਾਮ ਤੇ ਦਾਹੜੀਆਂ ਨੂੰ ਲਾਜ ਨਾ ਲੱਗਣ ਦੇਣੀ, ਪੁਰਜ਼ਾ ਪੁਰਜ਼ਾ ਹੋ ਕੇ ਕਟ ਮਰਨਾ ਅਤੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਿੰਦਾਂ ਕੁਰਬਾਨ ਕਰ ਦੇਣਾ ਪਰ ਜੰਗ ਵਿਚ ਵੈਰੀ ਨੂੰ ਪਿੱਠ ਨਾ ਵਿਖਾਉਣਾ।[1]

ਸਿੱਖ ਫ਼ੌਜ ਜੀ ਕਮਾਨ ਦੀ ਤਰਤੀਬ ਇਸ ਤਰ੍ਹਾਂ ਸੀ। ਮਿੱਸਰ ਤੇਜ ਸਿੰਘ ਇਸ ਜੰਗ ਦਾ ਕਮਾਂਡਰ-ਇਨ-ਚੀਫ਼ ਸੀ, ਜਿਸ ਨੇ ਖ਼ਾਸ ਆਪਣੇ ਬਚਾਓ ਲਈ ਇਕ ਬੁਰਜ ਬਣਵਾਇਆ ਹੋਇਆ ਸੀ ਤਾਂਕਿ ਖ਼ਤਰੇ ਵੇਲੇ ਉਸ ਵਿਚ ਲੁਕ ਸਕੇ। ਸੱਜੇ ਪਾਸੇ ਸਰਦਾਰ ਅਤਰ ਸਿੰਘ ਕਾਲਿਆਂਵਾਲਾ ਸੀ ਜੋ ਖੁਲ੍ਹੇ ਘੋੜ-ਚੜ੍ਹਿਆਂ ਦੀ ਕਮਾਨ ਕਰ ਰਿਹਾ ਸੀ। ਖੱਬੇ ਪਾਸੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਅਤੇ ਜਰਨੈਲ ਮੇਵਾ ਸਿੰਘ ਮਜੀਠੀਏ ਦਾ ਬ੍ਰਿਗੇਡ ਸੀ। ਵਿਚਕਾਰ ਸਰਦਾਰ ਕਾਨ੍ਹ ਸਿੰਘ ਮਾਨ ਅਤੇ ਜਰਨੈਲ ਅਵੀਤਾਬਿਲੇ ਦੇ ਬ੍ਰਿਗੇਡ ਅਤੇ ਜਰਨੈਲ ਮਹਿਤਾਬ ਸਿੰਘ ਮਜੀਠੀਆ ਤੇ ਜਰਨੈਲ ਗੁਲਾਬ ਸਿੰਘ ਪੋਹੂਵਿੰਡੀਆ ਸੀ। ਇਥੇ ਹੀ ਮਿੱਸਰ ਤੇਜ ਸਿੰਘ ਦਾ ਬ੍ਰਿਗੇਡ ਤੇ ਬੁਰਜ ਸੀ।[2] ਰਾਜਾ ਲਾਲ ਸਿੰਘ ਸਹਾਇਕ ਫ਼ੌਜ ਦੀ

---

1. ਹਾਦੀ ਹਸਨ ਤੇ ਰੱਜਬ ਅਲੀ, *ਰਈਸਾਨਿ ਪੰਜਾਬ*, 66; *ਪੰਥ ਪ੍ਰਕਾਸ਼*, ਦੂਜੀ ਵਾਰ, 837.
2. ਗ੍ਰਿਫ਼ਿਨ, *ਪੰਜਾਬ ਚੀਫਸ* (1890), ਜਿਲਦ 1, ਪੰ. 12.

ਕਮਾਨ ਤੇ ਇਕ ਪਾਸੇ ਵੱਖਰਾ ਖੜਾ ਸੀ।[1]

ਅੰਗ੍ਰੇਜ਼ਾਂ ਆਪਣਾ ਵੱਡਾ ਤੋਪਖਾਨਾ ਡਾਹਿਆ ਤੇ ਤੋਪ ਉੱਤੇ ਤੋਪ ਚਲਣ ਲੱਗੀ। ਰਾਜਾ ਲਾਲ ਸਿੰਘ ਨੇਂ ਅੰਗ੍ਰੇਜ਼ਾਂ ਨੂੰ ਇਤਲਾਹ ਦਿੱਤੀ ਹੋਈ ਸੀ ਕਿ ਸਿੰਘਾਂ ਦਾ ਸੱਜਾ ਪਾਸਾ, ਜਿੱਥੇ ਸਰਦਾਰ ਅਤਰ ਸਿੰਘ ਕਾਲਿਆਂਵਾਲੇ ਦੇ ਖਲ੍ਹੋ ਘੋੜ-ਚੜ੍ਹੇ ਸਨ, ਕਮਜ਼ੋਰ ਹੈ। ਇਸ ਲਈ ਜਰਨੈਲ ਡਿੱਕ ਦਾ ਡਿਵੀਜ਼ਨ ਸੁਖਾਲੇ ਹੀ ਅੱਗੇ ਵੱਧਦਾ ਚਲਾ ਗਿਆ। ਇਸ ਵੇਲੇ ਕਰਨਲ ਮੂਤੋਂ ਨੇ ਤੇਜ ਸਿੰਘ ਨੂੰ ਸਲਾਹ ਦਿੱਤੀ ਕਿ ਹੁਣ ਆਪਣੇ ਰਸਾਲਿਆਂ ਨੂੰ ਅੱਗੇ ਕਰਨ ਦਾ ਵੇਲਾ ਹੈ, ਕਿਉਂਕਿ ਪਿੱਛੇ ਨੂੰ ਹਟਾਏ ਜਾ ਚੁੱਕੇ ਅੰਗ੍ਰੇਜ਼ੀ ਡਿਵੀਜ਼ਨਾਂ ਨੂੰ ਰਿਸਾਲ ਦੀ ਸਹਾਇਤਾ ਨਾਲ ਭਾਂਜ ਦਿੱਤੀ ਜਾ ਸਕਦੀ ਹੈ। ਪਰ ਤੇਜ ਸਿੰਘ ਤਾਂ ਇਹ ਕਰਨਾ ਹੀ ਨਹੀਂ ਚਾਹੁੰਦਾ ਸੀ। ਇਸ ਲਈ ਉਸ ਨੇ ਇਹ ਗੱਲ ਪ੍ਰਵਾਨ ਨਾ ਕੀਤੀ ਅਤੇ ਮੂਤੋਂ ਆਪਣੇ ਰਿਸਾਲਿਆਂ ਪਾਸ ਨੂੰ ਮੁੜ ਗਿਆ। ਪਰ ਜਿਸ ਵੇਲੇ ਸਿੰਘਾਂ ਨੂੰ ਡਿੱਕ ਦੇ ਵਧੇ ਚਲੇ ਆਉਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਕਰਨਲ ਮੂਤੋਂ ਅਤੇ ਹੋਰ ਅਫ਼ਸਰਾਂ ਦੀ ਕਮਾਨ ਹੇਠਾਂ ਹੱਲਾ ਕਰ ਕੇ ਇਸ ਨੂੰ ਪਿੱਛੇ ਨੂੰ ਧੱਕ ਦਿੱਤਾ ਤੇ ਖ਼ੁਦ ਜਨਰਲ ਡਿੱਕ ਨੂੰ ਇਕ ਮਾਰੂ ਜ਼ਖ਼ਮ ਆ ਗਿਆ। ਇਸ ਦੀ ਮਦਦ ਲਈ ਜਨਰਲ ਗਿਲਬਰਟ ਭੇਜਿਆ ਗਿਆ, ਪਰ ਉਹ ਵੀ ਕੁਝ ਨਾ ਬਣਾ ਸਕਿਆ ਤੇ ਸਿੰਘਾਂ ਨੇ ਪਿੱਛੇ ਹਟਾ ਦਿੱਤਾ ਅਤੇ ਇਹੋ ਹਾਲ ਸਰ ਹੈਰੀ ਸਮਿੱਥ ਦੇ ਡਿਵੀਜ਼ਨ ਦਾ ਹੋਇਆ ਅਤੇ ਸਖ਼ਤ ਨੁਕਸਾਨ ਉਠਾ ਕੇ ਇਸ ਨੂੰ ਵੀ ਪਿੱਛੇ ਮੁੜਨਾ ਪਿਆ। ਇਸ ਵੇਲੇ ਲੜਾਈ ਦੇ ਆਰੰਭ ਵਿਚ ਸਰਦਾਰ ਸ਼ਾਮ ਸਿੰਘ ਹਰ ਥਾਂ ਪਹੁੰਚ ਕੇ ਸਿੰਘਾਂ ਨੂੰ ਡਟ ਕੇ ਸੂਰਬੀਰਾਂ ਵਾਂਗ ਲੜਨ ਲਈ ਹੱਲਾ-ਸ਼ੇਰੀ ਤੇ ਹੌਸਲਾ ਦੇ ਰਿਹਾ ਸੀ।[2]

ਅੰਗ੍ਰੇਜ਼ੀ ਤੋਪਾਂ ਦੇ ਹੱਲੇ ਦਾ ਵੀ ਸਿੰਘਾਂ ਖ਼ੂਬ ਡੱਟ ਕੇ ਮੁਕਾਬਲਾ ਕੀਤਾ ਅਤੇ ਇਲਾਹੀ ਬਖਸ਼ ਤੇ ਮਾਖੇ ਖ਼ਾਨ ਨੇ ਅੱਗਿਓਂ ਉਹ ਅੱਗ ਵਰ੍ਹਾਈ ਕਿ ਅੰਗ੍ਰੇਜ਼ੀ ਤੋਪਾਂ ਇਨ੍ਹਾਂ ਨੂੰ ਚੁੱਪ ਨਾ ਕਰਾ ਸਕੀਆਂ ਅਤੇ ਅੰਗ੍ਰੇਜ਼ਾਂ ਨੂੰ ਇਹ ਪ੍ਰਤੀਤ ਹੁੰਦਾ ਸੀ ਕਿ ਇਸ ਤਰ੍ਹਾਂ ਵਰ੍ਹ ਰਹੀ ਅੱਗ ਵਿਚ ਉਨ੍ਹਾਂ ਨੂੰ ਕਾਮਯਾਬੀ ਹੋ ਸਕਣੀ ਅਸੰਭਵ ਹੈ।[3]

ਇਸ ਵੇਲੇ ਦੀ ਸਿੰਘਾਂ ਦੀ ਲੜਾਈ ਦਾ ਜ਼ਿਕਰ ਕਰਦਾ ਹੋਇਆ ਸ਼ਾਮ ਮੁਹੰਮਦ ਲਿਖਦਾ ਹੈ :

*ਆਈਆਂ ਪੜਤਲਾਂ ਬੀੜ ਕੇ ਤੋਪਖਾਨੇ*
*ਅੱਗੋਂ ਸਿੰਘਾਂ ਨੇ ਪਾਸੜੇ ਮੋੜ ਸੁੱਟੇ।*
*ਮੇਵਾ ਸਿੰਘ ਤੇ ਮਾਖੇ ਖ਼ਾਂ ਹੋਏ ਸਿੱਧੇ।*
*ਹੱਲੇ ਤਿੰਨ ਫ਼ਰੰਗੀ ਦੇ ਤੋੜ ਸੁੱਟੇ।*

---

1. ਕਨਿੰਘਮ, *ਹਿਸਟਰੀ ਔਫ਼ ਦੀ ਸਿੱਖਸ* (1849), 322, 324.
2. ਐਡਵਰਡਜ, *ਬੰਗਾਲ ਸਿਵਿਲੀਅਨ*, 99-100; ਮਰੇ, *ਬਰਿਟਿਸ਼ ਇੰਡੀਆ*, 718; ਮੂਤੋਂ, *ਰਪੋਰਟ* (1846), 8; *ਪੰਥ ਪ੍ਰਕਾਸ਼* (ਦੂਜੀ ਵਾਰ), 837; ਗ੍ਰਿਫ਼ਿਨ, *ਪੰਜਾਬ ਚੀਫ਼ਸ* (1890), 243.
3. ਥੋਰਨਟਨ, *ਹਿਸਟਰੀ ਔਫ਼ ਦੀ ਪੰਜਾਬ* (1846), 352; ਬਰਟਨ, *ਫ਼ਸਟ ਐਂਡ ਸੈਕੰਡ ਸਿੱਖ ਵਾਰਜ਼*, 39-40.

*ਸ਼ਾਮ ਸਿੰਘ ਸਰਦਾਰ ਅਟਾਰੀਵਾਲੇ*
*ਬੰਨ੍ਹ ਸ਼ਸਤ੍ਰੀਂ ਜੋੜ ਵਿਛੋੜ ਸੁੱਟੇ।*
*ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ*
*ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ। ੯੦।*
... ... ... ...
*ਜੰਗ ਹਿੰਦ ਪੰਜਾਬ ਦਾ ਹੋਣ ਲੱਗਾ*
*ਦੋਵੇਂ ਬਾਦਸ਼ਾਹੀ ਫ਼ੌਜਾਂ ਭਾਰੀਆਂ ਨੀ।*
*ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ*
*ਜੇਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।*
*ਸਣੇ ਆਦਮੀ ਗੋਲਿਆਂ ਨਾਲ ਉੱਡਣ*
*ਹਾਥੀ ਢਾਹਿੰਦੇ ਸਣੇ ਅੰਬਾਰੀਆਂ ਨੀ।*
*ਸ਼ਾਹ ਮੁਹੰਮਦਾ ਇਕ ਸਰਕਾਰ ਬਾਝੌਂ*
*ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ। ੯੨।*

ਖੁਲ੍ਹੇ ਘੋੜ-ਚੜ੍ਹਿਆਂ ਵੱਲ ਅੰਗ੍ਰੇਜ਼ਾਂ ਨੇ ਮੁੜ ਕੇ ਇਕ ਹੱਲਾ ਫੇਰ ਕੀਤਾ ਜਿਸ ਨਾਲ ਮੂਤੋਂ ਦੇ ਰਿਸਾਲੇ ਦੇ ਕੁਝ ਕੁ ਪੈਰ ਨਿਕਲ ਗਏ ਅਤੇ ਕੁਝ ਕੁ ਸਰਦਾਰ ਅਤਰ ਸਿੰਘ ਕਾਲਿਆਂਵਾਲੇ ਦੇ ਘੋੜ-ਚੜ੍ਹੇ ਹਿੱਲ ਗਏ। ਖੱਬੇ ਪਾਸੇ ਦੇ ਸਿੰਘਾਂ ਨੇ, ਜਿੱਥੇ ਕਿ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਤੇ ਜਰਨਲ ਮੇਵਾ ਸਿੰਘ ਮਜੀਠੀਆ ਕਮਾਨ ਕਰ ਰਹੇ ਸਨ, ਕਮਾਲ ਦੀ ਬਹਾਦੁਰੀ ਵਿਖਾਈ ਤੇ ਕਈ ਵਾਰੀ ਸਿੰਘ ਤਲਵਾਰਾਂ ਹੱਥੀਂ ਲੈ ਕੇ ਅੰਗ੍ਰੇਜ਼ੀ ਫ਼ੌਜਾਂ ਦੇ ਵਿਚਲੇ ਹਿੱਸੇ ਉੱਤੇ ਸਿਰ-ਤੋੜ ਟੁੱਟ ਪਏ ਤੇ ਉਨ੍ਹਾਂ ਵਿਚ ਗੜ-ਬੜ ਮਚਾ ਦਿੱਤੀ। ਵਿਚਾਲੇ ਵੀ ਜਰਨੈਲ ਕੋਰਟ ਦੀਆਂ ਪੁਰਾਣੀਆਂ ਫ਼ੌਜਾਂ ਅਤੇ ਜਰਨੈਲ ਮਹਿਤਾਬ ਸਿੰਘ ਦੀਆਂ ਫ਼ੌਜਾਂ ਨੇ ਬੜੀ ਬਹਾਦੁਰੀ ਨਾਲ ਆਪਣੇ ਮੋਰਚਿਆਂ ਦੀ ਰੱਖਿਆ ਕੀਤੀ। ਇਸ ਵੇਲੇ ਸਿੰਘਾਂ ਨੇ ਬਹਾਦੁਰੀ ਦੇ ਉਹ ਜੋਹਰ ਵਿਖਾਏ ਕਿ ਵੈਰੀ ਵੀ ਅਸ਼ ਅਸ਼ ਕਰ ਉਠਿਆ। ਪਰ ਇਸ ਵੇਲੇ ਲੜਾਈ ਸਾਰੀ ਪਾਸੀਂ ਗਹਿ-ਗੱਚ ਹੋ ਰਹੀ ਸੀ, ਕਮਾਂਡਰ-ਇਨ-ਚੀਫ਼ ਤੇਜ ਸਿੰਘ ਤੇ ਲਾਲ ਸਿੰਘ ਅੰਗ੍ਰੇਜ਼ਾਂ ਨਾਲ ਪਹਿਲੇ ਕੀਤੇ ਗਏ ਸਮਝੌਤੇ ਅਨੁਸਾਰ ਵਿਚੋਂ ਭੱਜ ਨਿਕਲੇ ਅਤੇ ਆਪ ਦਰਿਆਉਂ ਪਾਰ ਹੋ ਕੇ ਵਿਚੋਂ ਇਕ ਬੇੜੀ ਖੁਲਾ ਕੇ ਜਾਂ ਡੁਬਵਾ ਕੇ ਸਤਲੁਜ ਦਾ ਪੁਲ ਤੁੜਵਾ ਦਿੱਤਾ ਤਾਂ ਕਿ ਜਿੱਥੇ ਤਕ ਹੋ ਸਕੇ ਖ਼ਾਲਸਾ ਫ਼ੌਜ ਤਬਾਹ ਤੇ ਬਰਬਾਦ ਹੋ ਜਾਏ।[1] ਭੱਜਣ ਵੇਲੇ ਤੇਜ ਸਿੰਘ ਨੇ ਆਪਣੇ ਡਵੀਜ਼ਨ ਦੇ ਬਾਕੀ ਸਾਰੇ ਸਰਦਾਰਾਂ ਨੂੰ ਵੀ ਹੁਕਮ ਭੇਜ ਦਿੱਤਾ ਕਿ ਉਹ ਵੀ ਫ਼ੌਜਾਂ ਨੂੰ ਛੱਡ ਕੇ ਭੱਜ ਨਿਕਲਣ, ਪਰ ਮੂਤੋਂ ਲਿਖਦਾ ਹੈ ਕਿ ਕੇਵਲ ਇਕ ਨੇ ਹੀ ਉਸ ਦਾ ਹੁਕਮ ਮੰਨਿਆ ਅਤੇ ਹੋਰ ਸਾਰੇ ਆਪਣੀਂ ਆਪਣੀਂ ਥਾਈਂ ਅਖ਼ੀਰ ਦਮ ਤਕ ਡਟੇ ਰਹੇ। ਉਸ ਦੇ ਨਾਲ ਰਲਣ ਵਾਲਾ ਇਹ ਇਕ ਉਸ ਦਾ ਜੁੰਡੀ

---

1. ਮੂਤੋਂ, *ਰਪੋਰਟ*, 8-9; ਐਡਵਰਡਜ, *ਬੰਗਾਲ ਸਿਵਿਲੀਅਨ*, 100; ਕਨਿੰਘਮ, 327; ਮੈਗਰੈਗਰ, ਜਿਲਦ ਦੂਸਰੀ 176, ਮਰੇ, *ਬਰਿਟਿਸ਼ ਇੰਡੀਆ* 718; *ਪੰਥ ਪ੍ਰਕਾਸ਼* (ਦੂਜੀ ਵਾਰੀ), 839.

ਦਾ ਯਾਰ ਮਿੱਸਰ ਲਾਲ ਸਿੰਘ ਹੀ ਸੀ।

ਕਾਰਮਾਈਕਲ ਸਮਿੱਥ ਲਿਖਦਾ ਹੈ ਕਿ ਜਿਸ ਵੇਲੇ ਤੇਜ ਸਿੰਘ ਫ਼ੌਜ ਨੂੰ ਛੱਡ ਕੇ ਦੌੜ ਜਾਣ ਦੀ ਤਿਆਰੀ ਕਰ ਰਿਹਾ ਸੀ, ਕੁਝ ਘੋੜੇ-ਚੜ੍ਹੇ ਸਰਪਟ ਲਾ ਕੇ ਉਸ ਦੇ ਬੁਰਜ ਪਾਸ ਪੁੱਜੇ ਤੇ ਉਸ ਨੂੰ ਕਿਹਾ ਕਿ ਉਹ ਜਲਦੀ ਹੀ ਉਸ ਥਾਂ ਪੁੱਜੇ ਜਿੱਥੇ ਕਿ ਸਰਦਾਰ ਸ਼ਾਮ ਸਿੰਘ ਦੇ ਸਿਪਾਹੀ ਹਿੱਲਣੇ ਸ਼ੁਰੂ ਹੋ ਪਏ ਹਨ ਤਾਂ ਕਿ ਉਹ ਉਸ ਨੂੰ ਸਹਾਇਤਾ ਲਈ ਆ ਪੁੱਜਾ ਜਾਣ ਕੇ ਖੜੇ ਜਾਣ। ਪਰ ਤੇਜ ਸਿੰਘ ਨੇ ਉਨ੍ਹਾਂ ਨੂੰ ਇਹ ਕਹਿ ਕੇ ਮੋੜ ਦਿੱਤਾ ਕਿ ਸਰਦਾਰ ਸ਼ਾਮ ਸਿੰਘ ਨੂੰ ਕਹੋ ਕਿ ਉਹ ਡਟੇ ਰਹਿਣ ਅਤੇ ਮੈਂ ਪੁਲ ਦੀ ਪਕਿਆਈ ਦਾ ਪ੍ਰਬੰਧ ਕਰ ਕੇ ਛੇਤੀ ਹੀ ਉਨ੍ਹਾਂ ਦੀ ਸਹਾਇਤਾ ਨੂੰ ਆਉਂਦਾ ਹਾਂ। ਪਰ ਪੁਲ ਉੱਤੇ ਪੁੱਜਦੇ ਸਾਰ ਹੀ ਉਹ ਦਰਿਆਉਂ ਪਾਰ ਚਲਾ ਗਿਆ। ਇਹ ਵੀ ਆਖਿਆ ਜਾਂਦਾ ਹੈ ਕਿ ਉਸ ਨੇ ਆਪ ਦਰਿਆਉਂ ਪਾਰ ਹੋ ਕੇ ਅੱਠ ਦਸ ਤੋਪਾਂ ਆਪਣੀ ਵੱਲ ਦੇ ਕੰਢੇ ਉੱਤੇ ਬੀੜ ਦਿੱਤੀਆਂ ਜਿਨ੍ਹਾਂ ਦਾ ਮਕਸਦ ਹਾਰੇ ਹੋਏ ਸਿੰਘਾਂ ਦੇ ਦਰਿਆਉਂ ਪਾਰ ਹੋਣ ਦੀ ਕੋਸ਼ਿਸ਼ ਵਿਚ ਰੋਕ ਪਾਉਣਾ ਤੇ ਉਨ੍ਹਾਂ ਨੂੰ ਤਬਾਹ ਕਰਨਾ ਪ੍ਰਤੀਤ ਹੁੰਦਾ ਸੀ।[1] ਮਟਕ ਕਹਿੰਦਾ ਹੈ ਕਿ :—

*ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ।*
*ਰਣ ਵਿਚ ਪਿੱਠ ਦਿਖਾਇ ਕੇ ਮੋਢਾ ਆਏ ਫੇਰ।*
*ਮੋਢਾ ਆਏ ਫੇਰ ਮੂਜ਼ੀ ਮੁਰਦਾਰ ਸਦਾਵਨ।*
*ਦੂਸ਼ਾਲੇ ਹੰਢਾਏ ਗਾਦੀਆਂ ਮੁਫ਼ਤ ਗਵਾਵਨ।*
*ਕਹਿਤ ਮਟਕ ਵਿਚ ਜਗਤ ਦੇ ਹੋਤੀ ਚਰਚ ਵਿਚਾਰ।*
*ਲਾਲੂ ਤੇਜੂ ਨੱਠ ਕੇ ਆਏ ਪੀਠ ਦਿਖਾਰ ॥੩੪॥*

ਤੇਜ ਸਿੰਘ ਤੇ ਲਾਲ ਸਿੰਘ ਦੇ ਭੱਜ ਨਿਕਲਣ ਨਾਲ ਸਿੰਘਾਂ ਦੀ ਲਾਈਨ ਦਾ ਵਿਚਾਲਾ ਬਹੁਤ ਸਾਰਾ ਖਾਲੀ ਹੋ ਗਿਆ, ਇਸ ਲਈ ਉਨ੍ਹਾਂ ਦਾ ਬਹੁਤ ਸਾਰਾ ਧਿਆਨ ਇੱਧਰ ਹੋ ਗਿਆ ਅਤੇ ਪੁਲ ਤੋੜ ਦਿੱਤੇ ਜਾਣ ਦੀ ਖ਼ਬਰ ਨਾਲ ਸਾਰੀ ਪਾਸੀਂ ਘਬਰਾਹਟ ਵੱਧ ਗਈ। ਇਸ ਵੇਲੇ ਦੀ ਹੀ ਤਾਂ ਅੰਗ੍ਰੇਜ਼ ਤਾੜ ਵਿਚ ਸਨ। ਉਨ੍ਹਾਂ ਨੇ ਇਕ ਦਮ ਸਿੰਘਾਂ ਦੇ ਸੱਜੇ ਪਾਸੇ ਖੁਲ੍ਹੇ ਘੋੜ-ਚੜ੍ਹਿਆਂ ਵੱਲ ਇਕ ਬੜੇ ਜ਼ੋਰ ਦਾ ਹੱਲਾ ਬੋਲ ਦਿੱਤਾ। ਇਕ ਤਾਂ ਇਹ ਪਾਸਾ ਅੱਗੇ ਹੀ ਜ਼ਰਾ ਹੋਲਾ ਸੀ ਦੂਸਰੇ ਪੁਲ ਦੇ ਟੁੱਟ ਜਾਣ ਨੇ ਸੱਟ ਮਾਰੀ, ਇਸ ਲਈ ਇਨ੍ਹਾਂ ਦੇ ਪੈਰ ਥਿੜਕ ਗਏ।

ਹੁਣ ਲੜਾਈ ਦਾ ਸਾਰਾ ਜ਼ੋਰ ਖੱਬੇ ਪਾਸੇ ਸਰਦਾਰ ਸ਼ਾਮ ਸਿੰਘ ਅਤੇ ਜਰਨੈਲ ਮੇਵਾ ਸਿੰਘ ਵੱਲ ਪੈ ਗਿਆ। ਅੰਗ੍ਰੇਜ਼ਾਂ ਦੀ ਬੇਸ਼ੁਮਾਰ ਤਾਕਤ ਇੱਧਰ ਟੁੱਟ ਪਈ। ਜਿਸ ਵੇਲੇ ਸਰਦਾਰ ਸ਼ਾਮ ਸਿੰਘ ਨੂੰ ਤੇਜ ਸਿੰਘ ਤੇ ਲਾਲ ਸਿੰਘ ਦੀ ਗੱਦਾਰੀ ਅਤੇ ਦਰਿਆ ਦੇ ਪੁਲ ਤੁੜਵਾ ਦੇਣ ਦੀ ਖ਼ਬਰ ਪਹੁੰਚੀ ਤਾਂ ਉਹ ਗੁੱਸੇ ਨਾਲ ਖਿੱਝਰੇ ਤੇ ਝੁੰਜਲਾਏ ਹੋਏ ਸ਼ੇਰ ਦੀ ਤਰ੍ਹਾਂ ਮਾਰੋ ਮਾਰ ਕਰਦਾ ਅੱਗੇ ਵਧਿਆ। ਇਸ ਵੇਲੇ ਉਸ ਨੇ ਚਿੱਟਾ ਬਾਣਾ ਪਹਿਨਿਆ ਹੋਇਆ ਸੀ ਅਤੇ ਆਪਣੀ ਖ਼ਾਸ ਅਸਵਾਰੀ ਦੀ ਚੀਨੀ ਘੋੜੀ ਉੱਤੇ ਸਵਾਰ ਸੀ। ਹੁਣ ਉਹ

1. *ਰੇਨਿੰਗ ਫ਼ੈਮਿਲੀ ਔਫ਼ ਲਾਹੌਰ*, 183-84.

ਵੇਖ ਰਿਹਾ ਸੀ ਕਿ ਖ਼ਾਲਸੇ ਦੀ ਜਿੱਤ ਹੋ ਸਕਣ ਦੀ ਕੋਈ ਆਸ ਨਹੀਂ ਰਹੀ। ਵਿਚਾਲਾ ਗ਼ੱਦਾਰਾਂ ਨੇ ਖਾਲੀ ਕਰ ਦਿੱਤਾ ਹੈ ਅਤੇ ਸੱਜਾ ਪਾਸਾ ਉਂਜ ਕਮਜ਼ੋਰ ਹੋਣ ਕਰਕੇ ਵਿੜਕ ਗਿਆ ਅਤੇ ਖੱਬੇ ਪਾਸੇ ਵੈਰੀ ਦਾ ਜ਼ੋਰ ਆ ਪੈਣ ਕਰਕੇ ਜ਼ਿਆਦਾ ਠਹਿਰ ਨਹੀਂ ਸਕੇਗਾ। ਪਰ ਇਸ ਢੈਂਦੀ ਜਾ ਰਹੀ ਹਾਲਤ ਵਿਚ ਵੀ ਸਰਦਾਰ ਸ਼ਾਮ ਸਿੰਘ ਨੇ ਦਿਲ ਨਾ ਛੱਡਿਆ, ਬਲਕਿ ਹਰ ਥਾਂ ਪਹੁੰਚ ਕੇ ਸਿੰਘਾਂ ਨੂੰ ਸੂਰਬੀਰਾਂ ਵਾਂਙੂ ਲੜਨ ਅਤੇ ਸੱਚੇ ਦੇਸ਼-ਭਗਤਾਂ ਦੀ ਤਰ੍ਹਾਂ ਕੁਰਬਾਨ ਹੋ ਜਾਣ ਲਈ ਹੱਲਾ ਸ਼ੇਰੀ ਦਿੰਦਾ ਰਿਹਾ। ਜਿੱਥੇ ਮੋਰਚਾ ਟੁੱਟਦਾ ਜਾਂ ਫ਼ੌਜ ਥਿੜਕਦੀ ਦਿਸਦੀ ਉੱਥੇ ਆਪ ਪਹੁੰਚਦਾ ਤੇ ਕਹਿੰਦਾ ਕਿ ਖ਼ਾਲਸਾ ਜੀ ਕੀ ਅਸੀਂ ਇਹ ਦਾੜ੍ਹੀਆਂ ਲੈ ਕੇ ਪੰਜਾਬ ਵਿਚ ਹਾਰ ਕੇ ਜਾਵਾਂਗੇ? ਹੁਣ ਵੇਲਾ ਸਨਮੁਖ ਸ਼ਹੀਦ ਹੋਣ ਦਾ ਹੈ। ਇਸ ਵੇਲੇ ਸਰਦਾਰ ਦੀ ਘੋੜੀ ਗੋਲੀ ਨਾਲ ਮਾਰੀ ਗਈ। ਸਾਈਸ ਵਹਾਬੀ ਆਪ ਦੇ ਨਾਲ ਸੀ। ਉਸ ਨੇ ਝੱਟ ਦੂਸਰੀ ਘੋੜੀ ਹਾਜ਼ਰ ਕਰ ਦਿੱਤੀ। ਦੂਸਰੀ ਘੋੜੀ ਲੈ ਕੇ ਸਰਦਾਰ ਨੇ ਵਹਾਬੀ ਨੂੰ ਪਿੱਛੇ ਭੇਜ ਦਿੱਤਾ ਤੇ ਜਾਣ ਲੱਗੇ ਨੂੰ ਕਿਹਾ "ਤੂੰ ਜਾਹ, ਤੇ ਅਟਾਰੀ ਨੂੰ ਕਹਿ ਦੇਵੀਂ ਕਿ ਅਸੀਂ ਹੁਣ ਨਹੀਂ ਆਉਣਾ।" ਅੰਤ ਵੇਲੇ ਲੜਾਈ ਹਾਰੀ ਜਾਂਦੀ ਦਿਸੀ ਤਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਤੇ ਪ੍ਰਣ ਨੂੰ ਕੇਸੀਂ ਸੁਆਸੀ ਨਿਭਾ ਵਿਖਾਉਣ ਲਈ ਸਰਦਾਰ ਸ਼ਾਮ ਸਿੰਘ ਅੱਗੇ ਵਧਿਆ। ਇਸ ਵੇਲੇ ਅੰਗ੍ਰੇਜ਼ਾਂ ਦੀ 50 ਨੰਬਰ ਗੋਰਾ ਪਲਟਣ ਅੱਗੇ ਵਧੀ ਆ ਰਹੀ ਸੀ। ਸਰਦਾਰ ਸ਼ਾਮ ਸਿੰਘ ਨੇ ਆਪਣੇ ਚੋਣਵੇਂ ਜਵਾਨਾਂ ਨੂੰ ਗੁਰੂ ਦੇ ਨਾਮ ਉੱਤੇ ਕੁਰਬਾਨ ਹੋਣ ਲਈ ਲਲਕਾਰਾ ਮਾਰਿਆ। ਪੰਜਾਹ ਕੁ ਸੂਰਮੇ ਛਾਲਾਂ ਮਾਰਦੇ ਸਰਦਾਰ ਦੇ ਮਗਰ ਨਿਕਲ ਪਏ। ਹੁਣ ਸਰਦਾਰ ਸ਼ਾਮ ਸਿੰਘ ਆਪਣੀ ਚਮਕਦੀ ਸ਼ਮਸ਼ੀਰ ਲੈ ਕੇ ਗੋਰਾ ਪਲਟਣ ਉੱਤੇ ਟੁੱਟ ਪਿਆ ਅਤੇ ਕਈਆਂ ਦੇ ਆਹੂ ਲਾਹ ਦਿੱਤੇ।

ਮਟਕ ਲਿਖਦਾ ਹੈ :—

*ਸ਼ਾਮ ਸਿੰਘ ਸਰਦਾਰ ਨੇ ਤੇਗ ਫੜੀ*
*ਅੰਗਰੇਜ਼ ਕੇ ਸੀਸ ਪੈ ਜਾਇ ਜੜੀ ਹੈ।*
*ਮੁੰਡ ਕਾਟ ਕੇ ਜਾਟ ਨੇ ਝਾਟ ਕੀਓ*
*ਦਮਕੀ ਦਲਿ ਮੈ ਰਣਿ ਹੋਈ ਕਰੀ ਹੈ।*
*ਚਮਕੀ ਚੜ੍ਹਿ ਊਪਰ ਗੋਰਨ ਕੇ*
*ਤਨ ਕਾਟਿ ਕੇ ਬਸਤ੍ਰ ਰੁਦ੍ਰ ਭਰੀ ਹੈ।*
*ਮਟਿ ਰਾਇ ਜੁਆਨ ਮਦਾਨ ਲੜਾ*
*ਪਰਕਾਰ ਕੇ ਨਿਮਕ ਕੀ ਲਾਜ ਪੜੀ ਹੈ ॥੩੨॥*

ਪਰ ਅੱਗੋਂ ਗੋਰਿਆਂ ਦੀ ਗੋਲੀ ਮੀਂਹ ਵਾਂਗ ਵਰ੍ਹ ਰਹੀ ਸੀ। ਸੱਤ ਗੋਲੀਆਂ ਸਰਦਾਰ ਦੀ ਛਾਤੀ ਤੇ ਸਰੀਰ ਨੂੰ ਛਾਨਣੀ ਕਰ ਗਈਆਂ ਅਤੇ ਉਹ ਸੱਚੇ ਦੇਸ਼-ਭਗਤਾਂ ਤੇ ਸੂਰਬੀਰਾਂ ਦੀ ਤਰ੍ਹਾਂ ਆਪਣੇ ਵਤਨ ਦੀ ਆਜ਼ਾਦੀ ਲਈ ਲੜਦਾ ਹੋਇਆ ਸ਼ਹੀਦ ਹੋ ਗਿਆ। ਸਰਦਾਰ ਦੇ ਸਾਥੀ ਵੀ ਉਨ੍ਹਾਂ ਦੇ ਨਾਲ ਢੈ ਢੇਰੀ ਹੋ ਗਏ ਅਤੇ ਸਰਦਾਰ ਮੇਵਾ ਸਿੰਘ ਮਜੀਠੀਆ ਵੀ ਆਖ਼ੀਰ ਦਮ ਤਕ ਆਪਣੇ ਮੋਰਚਿਆਂ ਦੀ ਰਾਖੀ ਕਰਦਾ ਤੇ ਸਿੰਘਾਂ ਨੂੰ

ਹੱਲਾ-ਸ਼ੇਰੀ ਦਿੰਦਾ ਹੋਇਆ ਹੁਕਮ-ਸਤਿ ਹੋ ਗਿਆ।

ਮੂਤੋਂ ਲਿਖਦਾ ਹੈ ਕਿ ਭਾਵੇਂ ਖੱਬੇ ਪਾਸੇ ਉੱਤੇ ਜਿੱਥੇ ਸਰਦਾਰ ਸ਼ਾਮ ਸਿੰਘ ਕਮਾਨ ਕਰ ਰਿਹਾ ਸੀ, ਅੰਗ੍ਰੇਜ਼ਾਂ ਨੇ ਨਾ-ਯਕੀਨ-ਆਉਣ-ਵਾਲੇ ਹੱਲੇ ਕੀਤੇ ਪਰ ਇਨ੍ਹਾਂ ਅਖ਼ੀਰ ਦਮ ਤਕ ਉਨ੍ਹਾਂ ਨੂੰ ਰੋਕੀ ਰੱਖਿਆ ਅਤੇ ਅੰਗ੍ਰੇਜ਼ ਕੇਵਲ ਉਸ ਵੇਲੇ ਇਨ੍ਹਾਂ ਦੀਆਂ ਬਾਤਰੀਆਂ ਤਕ ਪੁੱਜ ਸਕੇ ਜਦ ਕਿ ਬਹਾਦੁਰ ਜਰਨੈਲ ਸਰਦਾਰ ਸ਼ਾਮ ਸਿੰਘ ਤੇ ਉਸ ਦੇ ਸਾਰੇ ਸਾਥੀ ਸ਼ਹੀਦ ਹੋ ਚੁੱਕੇ ਸਨ। ਸਰਦਾਰ ਮੇਵਾ ਸਿੰਘ ਨੇ ਵੀ ਬੜੀ ਮਜ਼ਬੂਤੀ ਨਾਲ ਆਪਣੇ ਮੋਰਚਿਆਂ ਨੂੰ ਬਚਾਈ ਰੱਖਿਆ, ਪਰ ਜਦ ਉਸ ਦੀ ਛਾਤੀ ਵਿਚ ਦੋ ਗੋਲੀਆਂ ਆ ਵੱਜੀਆਂ ਅਤੇ ਉਹ ਪਿੱਛੇ ਹਟਿਆ ਤਾਂ ਥੋੜ੍ਹੀ ਦੇਰ ਪਿੱਛੋਂ ਹੀ ਲਗ ਭਗ ਸਾਰਾ ਮੋਰਚਾ ਵੈਰੀ ਦੇ ਹੱਥ ਆ ਗਿਆ। ਇਸੇ ਵੇਲੇ ਦੀ ਗੱਲ ਹੈ ਕਿ ਹੁਕਮ ਸਿੰਘ ਦਾ ਚੋਹਾਂ ਪਾਸਿਆਂ ਤੋਂ ਅੰਗ੍ਰੇਜ਼ੀ ਪਲਟਣਾਂ ਨਾਲ ਘਿਰਿਆ ਹੋਇਆ ਡਵੀਜ਼ਨ ਉਨ੍ਹਾਂ ਦੀਆਂ ਭਿਆਨਕ ਸੰਗੀਨਾਂ ਨੂੰ ਚੀਰਦਾ ਹੋਇਆ ਆਪਣੀ ਤਰਤੀਬ ਨੂੰ ਕਾਇਮ ਰੱਖ ਕੇ ਦਰਿਆ ਦੇ ਕਿਨਾਰੇ ਤਕ ਪਹੁੰਚ ਗਿਆ। ਮੂਤੋਂ ਕਹਿੰਦਾ ਹੈ ਨਮਸਕਾਰ ਹੈ ਉਸ ਨੌਜਵਾਨ ਸੂਰਬੀਰ ਜਰਨੈਲ ਨੂੰ ਜੋ ਇਨ੍ਹਾਂ ਦੀ ਕਮਾਨ ਕਰ ਰਿਹਾ ਸੀ। ਅੰਤ ਵੈਰੀ ਦੀਆਂ ਤਿੰਨਾਂ ਗੋਲੀਆਂ ਨਾਲ ਇਹ ਵੀ ਸ਼ਹੀਦ ਹੋ ਗਿਆ।[1]

ਸਿੰਘਾਂ ਦੀ ਬਹਾਦਰੀ ਦਾ ਜ਼ਿਕਰ ਕਰਦਾ ਹੋਇਆ ਕਨਿੰਘਮ ਲਿਖਦਾ ਹੈ ਕਿ ਭਾਵੇਂ ਅੰਗ੍ਰੇਜ਼ਾਂ ਦੇ ਘੋੜ-ਚੜ੍ਹੇ ਰਿਸਾਲੇ ਅਤੇ ਪੈਦਲ ਪਲਟਣਾਂ ਸਿੰਘਾਂ ਉੱਤੇ ਹਰ ਪਾਸਿਉਂ ਚੜ੍ਹੀਆਂ ਆ ਰਹੀਆਂ ਅਤੇ ਹੱਲੇ ਕਰ ਰਹੀਆਂ ਸਨ ਪਰ ਕਿਸੇ ਸਿੱਖ ਨੇ ਈਨ ਮੰਨਣੀ ਪ੍ਰਵਾਣ ਨਾ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਦੇ ਕਿਸੇ ਇਕ ਵੀ ਨਾਮ-ਲੇਵਾ ਨੇ ਪਨਾਹ ਨਾ ਮੰਗੀ। ਹਰ ਥਾਂ ਤੇ ਉਨ੍ਹਾਂ ਨੇ ਵਿਜਈਆਂ ਦਾ ਸਨਮੁਖ ਟਾਕਰਾ ਕੀਤਾ ਅਰਥਾਤ ਕਿਤੇ ਪਿੱਠ ਨਹੀਂ ਵਿਖਾਈ ਅਤੇ ਬੜੇ ਦੁਖੀ ਹਿਰਦੇ ਨਾਲ ਹੌਲੀ ਹੌਲੀ ਪਿੱਛੇ ਹਟੇ ਅਤੇ ਕਈ ਇਕੱਲੇ ਇਕੱਲੇ ਹੀ ਅਨੇਕਾਂ ਨਾਲ ਜੂਝ ਕੇ ਸਾਮ੍ਹਣੇ ਖੜੀ ਦਿਸ ਰਹੀ ਮੌਤ ਦਾ ਸੁਆਗਤ ਕਰਨ ਲਈ ਕੁੱਦ ਪਏ। ਵਿਜਈ ਇਨ੍ਹਾਂ ਹਾਰਿਆਂ ਹੋਇਆਂ ਦੀ ਇਕ ਨਾ-ਜਿੱਤੀ-ਜਾ ਸਕਣ ਵਾਲੀ ਦਲੇਰੀ ਨੂੰ ਦੇਖ ਕੇ ਅਜੀਬ ਤਰ੍ਹਾਂ ਹੈਰਾਨ ਹੋ ਰਹੇ ਸਨ ਅਤੇ ਜਦ ਉਹ ਬੇ-ਬਸ ਤੇ ਮਰ ਰਹੇ ਸੀ (ਵੈਰੀ ਅੱਗੇ ਰਹਿਮ ਲਈ ਲਿਲਕੜੀਆਂ ਕੱਢਣ ਦੀ ਥਾਂ) ਨਫ਼ਰਤ ਦੀਆਂ ਤੀਊੜੀਆਂ ਵਟਦੇ ਸਨ ਤਾਂ ਵਿਜਈ (ਹੈਰਾਨੀ ਦੇ ਕਾਰਣ) ਉਨ੍ਹਾਂ ਤੇ ਵਾਰ ਕਰਨੋਂ ਰੁਕ ਜਾਂਦੇ ਸਨ।[2]

ਵਾਈਕਾਊਂਟ ਹਾਰਡਿੰਗ ਦੀ ਲਿਖਤ ਅਨੁਸਾਰ ਸ਼ਾਇਦ ਕਦੀ ਵੀ ਕਿਧਰੇ ਅੰਤ

---

1. ਮੂਤੋਂ, *ਰਪੋਰਟ*, ਪੰ. 9.
2. Although, assalied on either side by squadron of horse and battalions of foot, no Sikh offered to submit, and no disciple of Govind asked for quarter. They everywhere showed a front to the victors, and stalked slowly and sullenly away, while many rushed singly forth to meet assured death by contending with a multitude. The victors looked with stolid wonderment upon the indomitable courage of the vanquished and forebore to strike when the helpless and dying frowned unavailing hatred-Cunnigham, *History of the Sikhs.* (1849), p. 328.

ਤਕ ਇਤਨਾ ਡਟ ਕੇ ਮੁਕਾਬਲਾ ਨਾ ਹੋਇਆ ਹੋਵੇ ਅਤੇ ਨਾ ਹੀ ਅੱਗੇ ਕਦੀ ਖ਼ਾਲਸਾ ਫ਼ੌਜ ਦੇ ਸਿਪਾਹੀਆਂ ਨੇ ਆਪਸ ਵਿਚ ਇਤਨਾ ਗੂੜ੍ਹਾ ਜਮਾਓ ਦੱਸਿਆ ਹੈ। ਪਿੱਛੇ ਮੁੜਨ ਉੱਤੇ ਮਜਬੂਰ ਹੋਏ ਹੋਏ ਵੀ ਇਹ ਇਸ ਪ੍ਰਸੰਸ਼ਨੀਯ ਤਰੀਕੇ ਨਾਲ ਹਟੇ ਕਿ ਗੋਰੇ ਸਿਪਾਹੀ ਵੀ ਵਾਹ ਵਾਹ ਕਰ ਉੱਠੇ।[1]

ਹੀਊ ਮਰੇ ਕਹਿੰਦਾ ਹੈ ਕਿ ਇਸ ਤੋਂ ਪਹਿਲਾਂ ਕਦੀ ਵੀ ਕਿਸੇ ਨੇ ਇਸ ਤਰ੍ਹਾਂ ਦੀ ਡਟਵੀਂ ਬਹਾਦੁਰੀ ਤੇ ਯੋਗਤਾ ਨਾਲ ਅੰਗ੍ਰੇਜ਼ੀ ਫ਼ੌਜਾਂ ਦਾ ਟਾਕਰਾ ਨਹੀਂ ਸੀ ਕੀਤਾ ਜਿਵੇਂ ਕਿ ਇਸ (ਸਭਰਾਵਾਂ ਦੇ) ਖ਼ੂਨੀ ਮੈਦਾਨ ਵਿਚ ਉਨ੍ਹਾਂ ਨਾਲ ਹੋਇਆ। ਅਫ਼ਗ਼ਾਨਿਸਤਾਨ ਦੇ ਦੱਰਿਆਂ ਵਿਚ ਜਿਸ ਮਾਰੂ ਲੜਾਈ ਦੇ ਕਾਰਨ ਕੁਝ ਚਿਰ ਲਈ ਅੰਗ੍ਰੇਜ਼ੀ ਝੰਡਿਆਂ ਦੀ ਹੇਠੀ ਹੋ ਗਈ ਸੀ, ਉਸ ਦੇ ਭੈ ਦਾ ਕਾਰਨ ਹਠੀਲੀ ਪਰ ਬੇ-ਤਰਤੀਬ ਫ਼ੌਜਾਂ ਦੀ ਬਹਾਦੁਰੀ ਨਹੀਂ ਬਲਕਿ ਮੁਲਕ ਦੀ ਕੁਦਰਤੀ ਬਨਾਵਟ ਸੀ। ਪਰ ਇਥੇ ਉਨ੍ਹਾਂ (ਅੰਗ੍ਰੇਜ਼ੀ ਫ਼ੌਜਾਂ) ਦਾ ਮੁਕਾਬਲਾ ਖੁਲ੍ਹੇ ਮੈਦਾਨ ਵਿਚ ਇਕ ਐਸੇ ਵੈਰੀ (ਸਿੰਘਾਂ) ਨੇ ਕੀਤਾ ਜੋ ਉਨ੍ਹਾਂ ਦੀਆਂ ਤੋਪਾਂ ਦੀ ਗਰਜ ਸੁਣ ਕੇ ਭੈ-ਭੀਤ ਨਹੀਂ ਸੀ ਹੁੰਦਾ ਅਤੇ ਜੋ ਹਮਲੇ ਲਈ ਚੜ੍ਹਾਈਆਂ ਹੋਈਆਂ ਉਨ੍ਹਾਂ ਦੀਆਂ ਸੰਗੀਨਾਂ ਦੀਆਂ ਚਮਕਦੀਆਂ ਨੋਕਾਂ ਦੇ ਸਾਮ੍ਹਣੇ ਅਡੋਲ ਖੜੋਤਾ ਰਹਿੰਦਾ ਸੀ... ਅਤੇ ਜਦ ਸੰਗੀਨਾਂ ਦੇ ਜ਼ੋਰ ਨਾਲ ਸਿੰਘਾਂ ਦੇ ਮੋਰਚਿਆਂ ਦੇ ਕੁਝ ਹਿੱਸਿਆਂ ਉੱਤੇ ਕਬਜ਼ਾ ਹੋ ਜਾਂਦਾ ਤਾਂ ਉਹ ਤਲਵਾਰਾਂ ਹੱਥ ਵਿਚ ਲੈ ਕੇ ਉਨ੍ਹਾਂ ਨੂੰ ਮੁੜ ਲੈ ਲੈਣ ਲਈ ਬੜਾ ਭਿਆਨਕ ਸੰਗ੍ਰਾਮ ਆ ਮਚਾਉਂਦੇ ਸਨ।[2]

ਹਾਰ ਹੋ ਜਾਣ ਪਿੱਛੋਂ ਜਿਸ ਵੇਲੇ ਸਿੰਘ ਦਰਿਆ ਵੱਲ ਨੂੰ ਮੁੜੇ ਤਾਂ ਇਕ ਬੜਾ ਭਿਆਨਕ ਤੇ ਦਰਦਨਾਕ ਨਜ਼ਾਰਾ ਸੀ। ਗ਼ੱਦਾਰ ਤੇਜ ਸਿੰਘ ਤੇ ਲਾਲ ਸਿੰਘ ਨੇ, ਜਿਵੇਂ ਉੱਪਰ ਦੱਸਿਆ ਜਾ ਚੁੱਕਾ ਹੈ, ਦਰਿਆ ਦਾ ਪੁਲ ਤੁੜਵਾ ਦਿੱਤਾ ਹੋਇਆ ਸੀ। ਇਕ ਪਾਸੇ ਅੰਗ੍ਰੇਜ਼ਾਂ ਦੀਆਂ ਤੋਪਾਂ ਅੱਗ ਵਰ੍ਹਾ ਰਹੀਆਂ ਸਨ ਅਤੇ ਦੂਸਰੇ ਪਾਸੇ ਸਾਮ੍ਹਣੇ ਦਰਿਆ ਸੀ, ਅਤੇ ਦਰਿਆ ਵਿਚ ਠਿਲ੍ਹ ਰਿਹਾਂ ਦੇ ਉੱਤੇ ਵੀ ਤੋਪ ਤੇ ਤੋਪ ਚਲ ਰਹੀ ਸੀ। "ਪਰ ਸਿੱਖ

1. Never perhaps was so obstinate a contest carried on to the end; never before was such cohesion displayed in the ranks of the Khalsa Army. Compelled to retire, they gave way in such admirable order as to excite the admiration of the British soldiers. —*Viscount Hardinge* (Rulers of India), p. 118.
2. Never before had the British arms been opposed to such determined bravery and skill, as strove with them on that bloodly plain. The deadly struggle which had hung disgrace for a time on the British banners in the passes of Afghanistan, owed their fatal terrors to the natural character of the country, far more than to the bravery of its hardy but indisciplined forces. But here they were withstood on a fair field by a foe that listened unappalled to the thunders of their carnnon, and stood unmoved before the glittering points of their bayonets when laid to the charge.
   The Seiks, even when at particular points their entrenchments were mastered with the bayonet, strove to regain them by the fiercest conflict sword in hand —Murray, *British India and Its Races* (1850), p. 720-1.

ਦੌੜੇ ਨਹੀਂ ਬਲਕਿ ਆਖ਼ੀਰ ਦਮ ਤਕ ਆਪਣੀਆਂ ਤਲਵਾਰਾਂ ਨਾਲ ਲੜਦੇ ਰਹੇ ਤੇ ਅੰਤ ਵਿਜਈਆਂ ਵੱਲੋਂ ਸਾਰਿਆਂ ਪਾਸਿਆਂ ਤੇ ਜ਼ੋਰ ਪੈ ਜਾਣ ਤੇ ਭਾਰੀ ਨੁਕਸਾਨ ਹੋਣ ਤੇ ਹੌਲੀ ਹੌਲੀ ਪਿੱਛੇ ਨੂੰ ਦਰਿਆ ਦੇ ਕੰਢੇ ਵੱਲ ਪੁਲ ਉੱਤੇ ਨੂੰ ਧਕੀਂਦੇ ਗਏ ਜਿੱਥੇ ਕਿ ਅਚਾਨਕ ਸੱਤ ਇੰਚ ਪਾਣੀ ਚੜ੍ਹ ਜਾਣ ਨਾਲ ਪੈਰੀਂ ਲੰਘਣਾ ਮੁਸ਼ਕਲ ਹੋ ਗਿਆ ਸੀ ਇਸ ਲਈ ਬੇਸ਼ੁਮਾਰ ਸਿੱਖ ਸਤਲੁਜ ਦੇ ਰੋੜ੍ਹ ਵਿਚ ਡੁਬ ਗਏ।[1]

ਰੋਬਰਟ ਕਸਟ ਲਿਖਦਾ ਹੈ ਕਿ ਗਵਰਨਰ-ਜਨਰਲ ਨੇ ਮੈਨੂੰ ਜਲਦੀ ਦਰਿਆ ਵੱਲ ਜਾਣ ਲਈ ਕਿਹਾ ਤੇ ਮੈਂ ਚਲਾ ਗਿਆ। ਮੈਂ ਕੀ ਵੇਖਦਾ ਹਾਂ ਕਿ ਦਰਿਆ ਮੁਰਦਿਆਂ ਤੇ ਮਰ ਰਿਹਾਂ ਨਾਲ ਬੰਦ ਹੋਇਆ ਪਿਆ ਸੀ, ਰੇਤਲੇ ਕੰਢੇ ਢੱਕੇ ਹੋਏ ਸਨ ਅਤੇ ਮੁਰਦੇ ਹੌਲੀ ਹੌਲੀ ਰੁੜ੍ਹਦੇ ਜਾ ਰਹੇ ਸਨ। ਇਸ ਲੋਥਾਂ ਦੇ ਭਿਆਨਕ ਦੰਦੇ ਨੂੰ ਲੰਘਾਉਣ ਲਈ ਫ਼ਿਰੋਜ਼ਪੁਰ ਦਾ ਬੇੜੀਆਂ ਦਾ ਪੁਲ ਖੋਲ੍ਹਣਾ ਪਿਆ ਹੋਵੇਗਾ। ਸਾਡੀਆ ਪਲਟਣਾਂ ਅੱਡੋ ਅੱਡ ਪਾਸਿਆਂ ਤੇ ਕਤਾਰਾਂ ਵਿਚ ਖੜੀਆਂ ਸਨ ਅਤੇ ਸਾਡਾ ਤੋਪਖਾਨਾ ਉੱਚੇ ਉੱਚੇ ਮੋਰਚਿਆਂ ਦੇ ਨਾਲ ਹੀ ਬਾਹਰੋਂ ਦਰਿਆਉਂ ਪਾਰਲੇ ਕੰਢੇ ਤੇ ਦੌੜ ਕੇ ਜਾ ਚੁੱਕੇ ਹੋਇਆਂ ਉੱਤੇ ਗੋਲੇ ਵਰ੍ਹਾ ਰਿਹਾ ਸੀ। ਇਹ ਇਕ ਡਰਾਉਣਾ ਨਜ਼ਾਰਾ ਤੇ ਭਿਆਨਕ ਕਤਲਾਂ ਦਾ ਘਮਸਾਨ ਸੀ[2], ਜਿਸ ਨਾਲ ਕਿ ਸਭਰਾਵਾਂ ਦੀ ਜੰਗ, ਪੰਜਾਬ ਦੀ ਆਜ਼ਾਦੀ ਅਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੇ ਜੀਵਨ ਦਾ ਅੰਤ ਹੋ ਗਿਆ।

---

1. **The Sikhs did not run, but fought to the last with their swords until, pressed by the victors on every side, slowly and with heavy loss they were driven back to the river and precipitated in masses over the bank and over the bridge where many were drowned in the waters of the Sutlej which a sudden rise of seven inches had rendered scarcely fordable. —Col. Burton, *The First and the Second Sikh Wars,* p. 41.**
2. *ਓਰੀਐਂਟਲ ਐਂਡ ਲਿੰਗੁਇਸਟਿਕ ਐਸੇਜ਼*, ਹਿੱਸਾ 6, ਪੰਨਾ 59.

# ਸਰਦਾਰ ਸ਼ਾਮ ਸਿੰਘ ਦਾ ਸੰਸਕਾਰ

ਲੜਾਈ ਦੇ ਥਮ ਜਾਣ ਪਿੱਛੋਂ ਉਸੇ ਦਿਨ ਲੌਢੇ ਵੇਲੇ ਸਰਦਾਰ ਸ਼ਾਮ ਸਿੰਘ ਦੇ ਨੌਕਰ ਦਰਿਆ ਤਰ ਕੇ ਮੁੜ ਰਣ-ਭੂਮੀ ਵਿਚ ਪਹੁੰਚੇ ਅਤੇ ਸਰਦਾਰ ਦੀ ਲੋਥ ਦੀ ਭਾਲ ਕਰਨ ਲਈ ਆਗਿਆ ਮੰਗੀ। ਅੰਗ੍ਰੇਜ਼ੀ ਕਮਾਂਡਰ-ਇਨ-ਚੀਫ਼ ਲਾਰਡ ਹੀਊ ਗੋਫ਼ ਨੇ ਸਰਦਾਰ ਸ਼ਾਮ ਸਿੰਘ ਅਤੇ ਦੂਸਰੇ ਉੱਘੇ ਸਰਦਾਰਾਂ ਦੀਆਂ ਲੋਥਾਂ ਲੈ ਜਾਣ ਦੀ ਆਗਿਆ ਦੇ ਦਿੱਤੀ। ਚੋਖੀ ਢੂੰਡ ਤੋਂ ਬਾਅਦ ਸਰਦਾਰ ਦੀ ਲੋਥ ਇਕ ਐਸੀ ਥਾਂ ਤੋਂ ਲੱਭੀ ਜਿੱਥੇ ਕਿ ਸਿੰਘਾਂ ਦੀਆਂ ਲੋਥਾਂ ਦਾ ਦੰਦਾ ਲੱਗਾ ਹੋਇਆ ਸੀ। ਸਰਦਾਰ ਦੇ ਨੌਕਰਾਂ ਨੇ ਇਕ ਤੁਲਾ ਬਣਾ ਕੇ ਉਨ੍ਹਾਂ ਦੇ ਸਰੀਰ ਨੂੰ ਉਸ ਉੱਪਰ ਪਾ ਲਿਆ ਅਤੇ ਤਰ ਕੇ ਦਰਿਆਉਂ ਪਾਰ ਹੋਏ।

ਤੀਸਰੇ ਦਿਨ 12 ਫ਼ਰਵਰੀ 1846 ਨੂੰ ਸਰਦਾਰ ਦਾ ਮ੍ਰਿਤਕ ਸਰੀਰ ਉਨ੍ਹਾਂ ਦੇ ਪਿੰਡ ਅਟਾਰੀ ਪਹੁੰਚਾ। ਇਸ ਵੇਲੇ ਉਨ੍ਹਾਂ ਦੀ ਸਿੰਘਣੀ ਮਾਈ ਦਾਸੀ ਸਤੀ ਹੋ ਚੁੱਕੀ ਸੀ। ਸਰਦਾਰ ਦੀ ਸ਼ਹੀਦੀ ਦੀ ਖ਼ਬਰ ਉਨ੍ਹਾਂ ਦੇ ਮ੍ਰਿਤਕ ਸਰੀਰ ਤੋਂ ਪਹਿਲਾਂ ਹੀ ਅਟਾਰੀ ਪਹੁੰਚ ਚੁੱਕੀ ਹੋਈ ਸੀ। ਉਨ੍ਹਾਂ ਦੀ ਸਿੰਘਣੀ ਨੂੰ ਸਰਦਾਰ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲਏ ਪ੍ਰਣ ਦਾ ਪਤਾ ਹੀ ਸੀ ਕਿ ਜੇ ਸਿੰਘ ਜੰਗ ਵਿਚ ਹਾਰ ਗਏ ਤਾਂ ਸਰਦਾਰ ਜੀ ਜੀਉਂਦੇ ਪਿੱਛੇ ਨਹੀਂ ਮੁੜਨਗੇ, ਇਸ ਲਈ ਉਨ੍ਹਾਂ ਦੀ ਸਿੰਘਣੀ ਸਰਦਾਰ ਦੇ ਵਿਆਹ ਵਾਲੇ ਦਿਨ ਪਹਿਨੇ ਪੁਸ਼ਾਕੇ ਨਾਲ ਸਤੀ ਹੋ ਗਈ। ਇਹ ਪੰਜਾਬ ਵਿਚ ਆਖ਼ਰੀ ਸਤੀ ਸੀ ਅਤੇ ਹੁਣ ਤਕ ਉਸ ਅਸਥਾਨ ਉੱਤੇ ਅਟਾਰੀ ਪਿੰਡ ਤੋਂ ਬਾਹਰ ਇਕ ਯਾਦਗਾਰੀ ਸਮਾਧ ਖੜੀ ਹੈ।[1] ਇਸ ਦੇ ਲਾਗੇ ਹੀ ਸਰਦਾਰ ਸ਼ਾਮ ਸਿੰਘ ਦੇ ਸਰੀਰ ਦਾ ਸੰਸਕਾਰ ਕੀਤਾ ਗਿਆ। ਇਸ ਸੰਸਕਾਰ-ਅਸਥਾਨ ਤੇ ਉਨ੍ਹਾਂ ਦੀ ਸਮਾਧ ਬਣੀ ਹੋਈ ਹੈ ਜਿੱਥੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ।

ਗ੍ਰਿਫ਼ਿਨ ਲਿਖਦਾ ਹੈ ਕਿ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਜੱਟ ਬੰਸ ਦੇ ਸਭ ਤੋਂ ਚੰਗੇ ਪ੍ਰਤਿਨਿਧਾਂ ਵਿਚੋਂ ਇਕ ਸੀ, ਜੋ ਮਰਦਊਪਣੇ, ਈਮਾਨਦਾਰੀ, ਹਿੰਮਤ ਤੇ ਦਲੇਰੀ ਵਿਚ ਦੁਨੀਆਂ ਵਿਚ ਕਿਸੇ ਨਾਲੋਂ ਘੱਟ ਨਹੀਂ ਹਨ। ਉਨ੍ਹਾਂ ਦੀ ਮੌਤ ਨਾਲ ਇਕ ਬੜਾ ਭਾਰੀ ਘਾਟਾ ਪਿਆ ਕਿਉਂਕਿ ਕੋਈ ਵੀ ਆਦਮੀ ਐਸਾ ਨਹੀਂ ਸੀ ਜੋ ਉਨ੍ਹਾਂ ਦੀ ਥਾਂ ਪੂਰੀ ਕਰ ਸਕਦਾ। ਇਹ ਠੀਕ ਹੈ ਕਿ ਗੁਜਰਾਂਵਾਲਾ, ਲਾਹੌਰ, ਅਤੇ ਅੰਮ੍ਰਿਤਸਰ ਦੇ ਆਲੇ ਦੁਆਲੇ

1. ਗ੍ਰਿਫ਼ਿਨ, *ਪੰਜਾਬ ਚੀਫ਼ਸ* (1890), ਜਿਲਦ ਦੂਸਰੀ, ਪੰ. 243; ਮੈਗਰੈਗਰ, *ਹਿਸਟਰੀ ਔਫ਼ ਦੀ ਸਿੱਖਸ* (1846), ਜਿਲਦ ਦੂਸਰੀ, ਪੰ. 177.

ਦੇ ਪਿੰਡਾਂ ਵਿਚ ਘੱਟ ਦਰਜੇ ਦੇ ਸਿੰਘਾਂ ਵਿਚੋਂ ਬਹੁਤ ਐਸੇ ਸਨ ਜੋ ਦਲੇਰੀ, ਸਾਦਗੀ ਅਤੇ ਦੇਸ਼ ਦੇ ਲਾਭ ਲਈ ਲਗਨ ਵਿਚ ਉਨ੍ਹਾਂ ਦੇ ਬਰਾਬਰ ਸਨ ਪਰ ਦਰਬਾਰ ਲਾਹੌਰ ਦੇ ਸਾਜ਼ਸ਼ੀ ਸਰਦਾਰਾਂ ਵਿਚੋਂ ਇਕ ਵੀ ਸਰਦਾਰ ਸ਼ਾਮ ਸਿੰਘ ਦੇ ਤੁੱਲ ਦਾ ਨਹੀਂ ਸੀ। ਜੇ ਕੁਝ ਹੋਰ ਸਰਦਾਰ ਵੀ ਇਨ੍ਹਾਂ ਵਰਗੇ ਹੁੰਦੇ ਤਾਂ ਸਤਲੁਜ ਦੀ ਲੜਾਈ ਕਦੀ ਨਾ ਲਗਦੀ ਅਤੇ ਸਿੱਖ ਕੌਮ ਆਪਣੀ ਆਜ਼ਾਦੀ ਨੂੰ ਬਚਾਈ ਰਖਦੀ।[1]

ਇਹ ਗੱਲ ਠੀਕ ਹੈ ਕਿ ਸ਼ੁਰੂ ਵਿਚ ਸਰਦਾਰ ਸ਼ਾਮ ਸਿੰਘ ਅੰਗ੍ਰੇਜ਼ਾਂ ਨਾਲ ਲੜਨ ਦੇ ਵਿਰੁੱਧ ਸੀ ਕਿਉਂਕਿ ਉਸ ਨੂੰ ਇਸ ਦੇ ਨਤੀਜੇ ਚੰਗੇ ਨਹੀਂ ਸਨ ਦਿਸ ਰਹੇ। ਜਿਸ ਫ਼ੌਜ ਦੇ ਵੱਡੇ ਅਫ਼ਸਰ ਤੇ ਹਾਕਮ ਹੀ ਵੈਰੀ ਨਾਲ ਰਲੇ ਹੋਏ ਹੋਣ ਉਸ ਦੇ ਜਿੱਤਣ ਦੀ ਕੀ ਆਸ ਹੋਣੀ ਹੋਈ ਤੇ ਉਸ ਦੀ ਤਬਾਹੀ ਵਿਚ ਕੀ ਸ਼ੱਕ? ਸਰਦਾਰ ਸ਼ਾਮ ਸਿੰਘ ਨੂੰ ਦਿਸ ਰਿਹਾ ਸੀ ਕਿ ਵੱਡਾ ਵਜ਼ੀਰ ਮਿੱਸਰ ਲਾਲ ਸਿੰਘ ਤੇ ਵੱਡਾ ਫ਼ੌਜੀ ਅਫ਼ਸਰ ਕਮਾਂਡਰ-ਇਨ-ਚੀਫ਼ ਮਿੱਸਰ ਤੇਜ ਸਿੰਘ ਈਸਟ ਇੰਡੀਆ ਕੰਪਨੀ ਦੇ ਪੋਲੀਟੀਕਲ ਅਫ਼ਸਰਾਂ ਨਾਲ ਸਾਜ਼ ਬਾਜ਼ ਕਰ ਕੇ ਖ਼ਾਲਸਾ ਫ਼ੌਜ ਨੂੰ ਤਬਾਹ ਤੇ ਬਰਬਾਦ ਕਰਨ ਉੱਤੇ ਤੁਲੇ ਹੋਏ ਹਨ, ਪਰ ਕੋਈ ਬਸ ਨਾ ਚਲਣ ਕਰਕੇ ਮਜਬੂਰ ਸੀ ਅਤੇ ਆਪਣੇ ਪਿੰਡ ਅਟਾਰੀ ਬੈਠਾ ਸੀ, ਪਰ ਅੰਤ ਫ਼ੇਰੂ ਸ਼ਹਿਰ ਦੀ ਹਾਰ ਪਿੱਛੋਂ ਜਦ ਮਹਾਰਾਣੀ ਜਿੰਦ ਕੌਰ ਨੇ ਉਸ ਨੂੰ ਤਾਕੀਦੀ ਸੁਨੇਹੇ ਭੇਜਣੇ ਸ਼ੁਰੂ ਕਰ ਦਿੱਤੇ ਅਤੇ ਉਸ ਦੀ ਅਣਖ ਨੂੰ ਵੰਗਾਰਿਆ ਤੇ ਹਲੂਣਾ ਦਿੱਤਾ ਤਾਂ ਉਹ ਸੱਚੇ ਸਿੰਘ ਸੂਰਮਿਆਂ ਵਾਂਙੂ ਮੈਦਾਨ ਵਿਚ ਆ ਨਿੱਤਰਿਆ। ਸਭ ਸੋਚਾਂ ਵਿਚਾਰਾਂ ਮੈਦਾਨ ਵਿਚ ਉਤਰਨ ਤੋਂ ਪਹਿਲਾਂ ਹੁੰਦੀਆਂ ਹਨ ਪਰ ਜਦ ਸੂਰਮਾ ਮੈਦਾਨ ਵਿਚ ਆ ਉਤਰਦਾ ਹੈ ਤਾਂ ਉਹ ਦਲੀਲਾਂ ਤੇ ਗਿਣਤੀਆਂ ਵਿਚ ਨਹੀਂ ਪੈਂਦਾ ਬਲਕਿ ਆਪਣੀ ਜਿੰਦ ਹਥੇਲੀ ਉੱਤੇ ਲਈ ਕੁਰਬਾਨ ਕਰਨ ਨੂੰ ਤਿਆਰ ਰਹਿੰਦਾ ਹੈ। ਇਸੇ ਸੂਰਮਗਤੀ ਦਾ ਇਕ ਨਮੂਨਾ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਸੀ ਤੇ ਅਜਿਹੇ ਸੂਰਮਿਆਂ ਸੰਬੰਧੀ ਹੀ ਸ਼ਾਹ ਮੁਹੰਮਦ ਨੇ ਕਿਹਾ ਹੈ ਕਿ :

*ਸ਼ਾਹ ਮੁਹੰਮਦ ਸਿਰਾਂ ਦੀ ਲਾ ਬਾਜ਼ੀ*
*ਨਹੀਂ ਮੋੜਦੇ ਸੂਰਮੇ ਅੰਗ ਮੀਆਂ।*

---

1. ਹਾਦੀ ਹਸਨ ਤੇ ਰਜੱਬ ਅਲੀ, *ਰਈਸਾਨਿ ਪੰਜਾਬ*, 67; ਗ੍ਰਿਫ਼ਿਨ, *ਪੰਜਾਬ ਚੀਫ਼ਸ* (1890), ਪੰ. 244.


Sardar Sham Singh was one of the best representatives of the Jat race, which, for manliness, honesty, strength and courage, is second to none in the world. His death was a great loss, for there was none to take his place. There were, it is true, many of humble rank in the villages round Gujranwala, Lahore and Amritsar, of equal courage, simplicity and devotion to the interest of the country, but none among the intriguing Sardars at the Court. Had there been more chiefs like him, the Satlaj Campaign would never have been undertaken, and the Sikh nation would have preserved the independence. *Punjab Chiefs* (1890). Vol. ii, 244.

ਹੋਰ ਦੇਖੋ ਹਾਦੀ ਹਸਨ ਤੇ ਰੱਜਬ ਅਲੀ, *ਰਈਸਾਨਿ ਪੰਜਾਬ*, 67.

# ਸਰਦਾਰ ਸ਼ਾਮ ਸਿੰਘ ਦਾ ਬੰਸ

ਸਰਦਾਰ ਸ਼ਾਮ ਸਿੰਘ ਦੇ ਦੋ ਪੁੱਤਰ ਸਨ, ਸਰਦਾਰ ਠਾਕਰ ਸਿੰਘ ਤੇ ਸਰਦਾਰ ਕਾਨ੍ਹ ਸਿੰਘ। ਸਰਦਾਰ ਠਾਕਰ ਸਿੰਘ ਤਾਂ ਆਪਣੇ ਪਿਤਾ ਦੀ ਜ਼ਿੰਦਗੀ ਵਿਚ ਹੀ ਸੰਨ 1842 ਵਿਚ ਗੁਜ਼ਰ ਗਿਆ ਸੀ। ਸਰਦਾਰ ਕਾਨ੍ਹ ਸਿੰਘ ਸੰਨ 1873 ਤਕ ਜੀਉਂਦਾ ਰਿਹਾ ਪਰ ਉਸ ਦੇ ਘਰ ਕੋਈ ਔਲਾਦ ਨਹੀਂ ਸੀ। ਇਸ ਲਈ ਸਰਦਾਰ ਸ਼ਾਮ ਸਿੰਘ ਦਾ ਬੰਸ਼ ਵੱਡੇ ਪੁੱਤਰ ਸਰਦਾਰ ਠਾਕਰ ਸਿੰਘ ਤੋਂ ਚਲਦਾ ਹੈ ਜਿਸ ਦੇ ਤਿੰਨ ਪੁੱਤਰ ਸਨ, ਸਰਦਾਰ ਜੀਵਨ ਸਿੰਘ, ਸਰਦਾਰ ਹਰੀ ਸਿੰਘ ਤੇ ਸਰਦਾਰ ਅਜੀਤ ਸਿੰਘ। ਸਰਦਾਰ ਕਾਨ੍ਹ ਸਿੰਘ ਦੇ ਪਿੱਛੋਂ ਸਰਦਾਰ ਅਜੀਤ ਸਿੰਘ ਖ਼ਾਨਦਾਨ ਦੇ ਮੁੱਖੀ ਮੰਨੇ ਗਏ ਸਨ ਤੇ 1888 ਵਿਚ ਸੁਰਗਬਾਸ ਹੋਏ। ਇਨ੍ਹਾਂ ਦੇ ਪੰਜ ਪੁੱਤਰ ਸਨ, ਸਰਦਾਰ ਬਲਵੰਤ ਸਿੰਘ, ਹਰਬੰਸ ਸਿੰਘ, ਜਸਵੰਤ ਸਿੰਘ, ਕੁਲਵੰਤ ਸਿੰਘ ਤੇ ਬਸੰਤ ਸਿੰਘ। ਇਨ੍ਹਾਂ ਵਿਚੋਂ ਖ਼ਾਨਦਾਨ ਦੇ ਮੁੱਖੀ ਸਰਦਾਰ ਬਲਵੰਤ ਸਿੰਘ ਹੋਏ, ਪਰ ਪੰਥਕ ਕੰਮਾਂ ਵਿਚ ਹਿੱਸਾ ਲੈਣ ਦੇ ਕਾਰਨ ਸਭ ਤੋਂ ਉੱਘੇ ਸਰਦਾਰ ਹਰਬੰਸ ਸਿੰਘ ਜੀ ਸਨ। ਸਰਦਾਰ ਹਰਬੰਸ ਸਿੰਘ ਸਿੱਖੀ ਭਾਵ, ਅਣਖ ਤੇ ਨਿਰਭੈਤਾਂ ਆਦਿ ਸੁਭ ਗੁਣਾਂ ਵਿਚ ਆਪਣੇ ਪੜਦਾਦਾ ਸਰਦਾਰ ਸ਼ਾਮ ਸਿੰਘ ਦੀ ਹੀ ਝਲਕ ਨਜ਼ਰ ਆਉਂਦੇ ਸਨ। ਆਪ ਨੂੰ ਸਿੱਖੀ-ਪ੍ਰਚਾਰ ਨਾਲ ਅਗਾਧ ਪ੍ਰੇਮ ਸੀ ਅਤੇ ਇਸੇ ਮਿਸ਼ਨ ਉੱਤੇ ਗਏ ਹੋਏ ਪੁਣਛ ਵਿਚ 24 ਮਈ 1936 ਨੂੰ ਗੁਰੂ ਅਰਜਨ ਸਾਹਿਬ ਦੇ ਜੋਤੀ ਜੋਤ ਸਮਾਉਣ ਵਾਲੇ ਗੁਰਪੁਰਬ ਦੇ ਦਿਨ ਐਤਵਾਰ ਜੇਠ ਸੁਦੀ 4 ਸੰਮਤ 1893 ਬਿਕ੍ਰਮੀ ਨੂੰ ਚੜ੍ਹਾਈ ਕਰ ਗਏ। ਇਸ ਵੇਲੇ ਆਪ ਦੇ ਪੁੱਤਰ ਸਰਦਾਰ ਜਸਬੀਰ ਸਿੰਘ ਹਨ। ਬਾਕੀ ਖ਼ਾਨਦਾਨ ਦਾ ਵੇਰਵਾ ਕੁਰਸੀ-ਨਾਮੇ ਵਿਚ ਦਿੱਤਾ ਗਿਆ ਹੈ।

# ਕੁਰਸੀ-ਨਾਮਾ


ਕਾਹਨ ਚੰਦ
ਗੋਰ ਸਿੰਘ
ਕੌਰ ਸਿੰਘ
ਦਲ ਸਿੰਘ
ਦਿਆਲ ਸਿੰਘ
ਸਰਦਾਰ ਨਿਹਾਲ ਸਿੰਘ
ਸਰਦਾਰ ਸ਼ਾਮ ਸਿੰਘ
ਠਾਕਰ ਸਿੰਘ
ਕਾਹਨ ਸਿੰਘ
ਬੀਬੀ ਨਾਨਕੀ
ਜੀਵਨ ਸਿੰਘ
ਹਰੀ ਸਿੰਘ
ਅਜੀਤ ਸਿੰਘ
ਪ੍ਰਤਾਪ ਸਿੰਘ
ਛਾਂਗਾ ਸਿੰਘ
ਜਸਵੰਤ ਸਿੰਘ
ਚੰਦਾ ਸਿੰਘ
ਸੂਰਤ ਸਿੰਘ
ਬਲਵੰਤ ਸਿੰਘ
ਹਰਬੰਸ ਸਿੰਘ
ਜਸਵੰਤ ਸਿੰਘ
ਕੁਲਵੰਤ ਸਿੰਘ
ਬਸੰਤ ਸਿੰਘ
ਜਸਬੀਰ ਸਿੰਘ
ਗੁਰਚਰਨ ਸਿੰਘ
ਮ੍ਰਿ. 1910
ਮਹਿੰਦਰ ਸਿੰਘ
ਜਗਬੀਰ ਸਿੰਘ
ਬਲਬੀਰ ਸਿੰਘ
ਕੁਲਦੀਪ ਸਿੰਘ
ਅਪਜੀਤ ਸਿੰਘ
ਰਾਜਵੰਤ ਸਿੰਘ
ਕੁਲਦੀਪ ਸਿੰਘ
ਮ੍ਰਿ. 1899
ਮਹਿੰਦਰ ਸਿੰਘ
ਅਮਰ ਸਿੰਘ
ਮ੍ਰਿ. 1932
ਸ਼ਮਦੂਰ ਸਿੰਘ

# ਆਧਾਰ ਸੂਚੀ

## ਫ਼ਾਰਸੀ, ਉਰਦੂ ਤੇ ਪੰਜਾਬੀ


ਅਹਿਮਦ ਸ਼ਾਹ, ਸੱਯਦ, ਬਟਾਲੀਆ—*ਤਾਰੀਖ਼ਿ ਹਿੰਦ ਦਰ ਬਿਆਨਿ ਮੁਲਕਿ ਹਿੰਦ ਵਾ ਮਲੂਕਿ ਆਂ*; ਫ਼ਾਰਸੀ, ਲਿਖਤੀ, 1233 ਹਿਜਰੀ। ਖ਼ਾਲਸਾ ਕਾਲਜ ਅੰਮ੍ਰਿਤਸਰ। ਇਸ ਦਾ ਸਿੰਘਾਂ ਦੇ ਇਤਿਹਾਸ ਸੰਬੰਧੀ ਹਿੱਸਾ ਮੁਨਸ਼ੀ ਸੋਹਨ ਲਾਲ ਦੀ ਉਮਦਾਤੁ-ਤਵਾਰੀਖ਼, ਦੇ 'ਤਤਿੰਮਾ ਦਫ਼ਤਰ ਅਵੱਲ ਵਾ ਦੋਮ' ਦੇ ਤੌਰ ਤੇ 'ਜ਼ਿਕਰਿ ਗੁਰੂਆਂ ਵਾ ਇਬਤਿਦਾਇ ਸਿੰਘਾਂ ਵਾ ਮਜ਼ਹਬਿ ਏਸ਼ਾਂ' ਦੇ ਸਿਰ ਲੇਖ ਹੇਠਾਂ ਛਪਿਆ ਹੋਇਆ ਹੈ।

ਅਮਰਨਾਥ—*ਜ਼ਫ਼ਰ-ਨਾਮਾਇ ਰਣਜੀਤ ਸਿੰਘ*, ਲਾਹੌਰ, 1928, ਫ਼ਾਰਸੀ।

ਅਲੀ-ਉ-ਦੀਨ, ਮੁਫ਼ਤੀ—ਇਬਰਤ ਨਾਮਾ, *ਤਵਾਰੀਖ਼ਿ-ਪੰਜਾਬ*; ਫ਼ਾਰਸੀ, ਲਿਖਤੀ, ਸੰਨ 1854। ਖ਼ਾਲਸਾ ਕਾਲਜ ਅੰਮ੍ਰਿਤਸਰ।

ਸ਼ਾਹ ਮੁਹੰਮਦ—ਕਿੱਸਾ ਲੜਾਈ ਸਿੰਘਾਂ ਤੇ ਫ਼ਰੰਗੀਆਂ ਦਾ, ਗੁਰਮੁਖੀ।

ਸੋਹਨ ਲਾਲ—ਉਮਦਾਤੁ-ਤਵਾਰੀਖ਼, ਪੰਜ ਜਿਲਦਾਂ, ਲਾਹੌਰ, 1885-89 ਫ਼ਾਰਸੀ।

ਹਾਦੀ ਹੁਸੈਣ, ਸੱਯਦ ਤੇ ਸੱਯਦ, ਰੱਜਬ ਅਲੀ-ਰਈਸਾਨਿ-ਪੰਜਾਬ, ਲਾਂਹੌਰ, ਉਰਦੂ।

ਹੈਰਤ, ਮਿਰਜ਼ਾ—ਹਯਾਤਿ ਤੱਈਯੱਬਾ; ਮੌਲਾਨਾ ਸ਼ਾਹ ਮੁਹੰਮਦ ਇਸਮਾਈਲ ਸ਼ਹੀਦ ਕੀ ਸੁਾਨਿਹ-ਉਮਰੀ। ਫ਼ਾਰੂਕੀ ਪ੍ਰੈਸ ਦਿੱਲੀ, ਉਰਦੂ।

ਕਨ੍ਹਈਆ ਲਾਲ—ਤਾਰੀਖ਼ਿ ਲਾਹੌਰ; ਲਾਹੌਰ, 1884, ਉਰਦੂ। ਤਾਰੀਖ਼ਿ-ਪੰਜਾਬ, ਮਤਬਾ-ਇ-ਵਿਕਟੋਰੀਆ, ਲਾਹੌਰ, 1881, ਉਰਦੂ।

ਕਿਰਪਾ ਰਾਮ, ਦੀਵਾਨ—ਗੁਲਾਬ ਨਾਮਾ; ਮਤਬਾ ਤੋਹਫ਼ਾ-ਇ-ਕਸ਼ਮੀਰ, ਸ੍ਰੀਨਗਰ, ਸੰਮਤ 1932, ਸੰਨ 1875, ਫ਼ਾਰਸੀ।

ਗਣੇਸ਼ ਦਾਸ ਬਡੇਹਰਾ—ਰਿਸਾਲਾ-ਇ-ਸਾਹਿਬ ਨੁਮਾ, ਚਹਾਰ ਗੁਲਸ਼ਨਿ ਪੰਜਾਬ; ਫ਼ਾਰਸੀ, ਲਿਖਤੀ, ਸੰਮਤ 1912 ਬਿਕ੍ਰਮੀ, ਸੰਨ 1855 ਪ੍ਰੋ. ਗੰਡਾ ਸਿੰਘ।

ਗਿਆਨ ਸਿੰਘ, ਗਿਆਨੀ—ਸ੍ਰੀ ਗੁਰੂ ਪੰਥ ਪ੍ਰਕਾਸ਼, ਦੂਜੀ ਵਾਰ, ਮਤਬਾ ਚਸ਼ਮੈ ਨੂਰ, ਅੰਮ੍ਰਿਤਸਰ, ਸੰਮਤ 1946 ਬਿਕ੍ਰਮੀ, ਸੰਨ 1889; ਛੇਵੀਂ ਵਾਰ, ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ, 1923 ਈਸਵੀ, ਗੁਰਮੁਖੀ।

ਗੁਲਾਮ ਮੁਹੱਈ-ਯੁ-ਦੀਨ ਉਰਫ਼ ਬੂਟੇ ਸ਼ਾਹ, ਤਾਰੀਖ਼ਿ-ਪੰਜਾਬ; ਫ਼ਾਰਸੀ, ਲਿਖਤੀ, ਦੋ ਜਿਲਦਾਂ, ਖ਼ਾਲਸਾ ਕਾਲਜ ਅੰਮ੍ਰਿਤਸਰ।

ਗੰਡਾ ਸਿੰਘ—ਸਿੱਖ ਇਤਿਹਾਸ ਬਾਰੇ; ਪੰਜ ਦਰਿਆ, ਲਾਹੌਰ, 1942, ਦੂਜੀ ਐਡੀਸ਼ਨ, 1946।

—ਸਿੱਖ ਇਤਿਹਾਸ ਵੱਲ; ਪੰਜ ਦਰਿਆ, ਲਾਹੌਰ, 1946।

—*ਪੰਜਾਬ ਦੀਆਂ ਇਤਿਹਾਸਕ ਵਾਰਾਂ*, ਅੰਮ੍ਰਿਤਸਰ, 1946।

ਦਾਨਿਸ਼ਵਰ, ਮੁਨਸ਼ੀ ਅਤੇ ਟੌਮਸ ਬੀਲ-ਮਿਫ਼ਤਾਹ ਉ-ਤਵਾਰੀਖ਼, ਕਾਨ੍ਹਪੁਰ, ਸੰਨ 1867 ਫ਼ਾਰਸੀ।

ਨਿਹਾਲ ਸਿੰਘ, *ਬੈਂਤਾਂ ਸ਼ੇਰ ਸਿੰਘ ਕੀਆਂ*, ਸੰਪਾਦਿਤ ਪ੍ਰੋ. ਗੰਡਾ ਸਿੰਘ, ਫ਼ਰਵਰੀ, 1938 ਗੁਰਮੁਖੀ।

ਬਰੋਡਫੁਟ—*ਜੌਰਜ ਬਰੋਡਫੁਟ ਕੀ ਡਾਇਰੀ* (1 ਮਾਰਚ-31 ਜੁਲਾਈ 1845), ਉਰਦੂ, ਲਿਖਤੀ, ਪ੍ਰੋ. ਗੰਡਾ ਸਿੰਘ।

ਪ੍ਰੇਮ ਸਿੰਘ, ਬਾਬਾ—*ਮਹਾਰਾਜਾ ਰਣਜੀਤ ਸਿੰਘ*, ਤੀਸਰੀ ਐਡੀਸ਼ਨ, 1931, ਗੁਰਮੁਖੀ।

—*ਕੰਵਰ ਨੌਂ ਨਿਹਾਲ ਸਿੰਘ*, 1927, ਗੁਰਮੁਖੀ।

—*ਬਾਬਾ ਫੂਲਾ ਸਿੰਘ ਅਕਾਲੀ*, ਗੁਰਮੁਖੀ।

ਮਟਕ, ਕਵੀ, *ਜੰਗ ਸਿੰਘਾਂ ਤੇ ਫ਼ਰੰਗੀਆਂ ਦਾ*, ਸੰਪਾਦਿਤ ਪ੍ਰੋ. ਗੰਡਾ ਸਿੰਘ, ਗੁਰਮੁਖੀ।

## ਅੰਗਰੇਜ਼ੀ

Barr, Lt. Wm. Journal of a March from Delhi to Peshawar and from thence to Cabul with the Mission of Lt. -Cot. Sir C. M. Wade. James Madden and Co, London, 1844.

Broadfoot, W. *The Career of Major George*, Broadfoot in Afghanistan and the Punjab. John Murray London, 1888.

Burnes, Ale. Travels into Bukhara...also Narrative of a Voyage on the Indus from Sea to Lahore, etc. John Murray London, 1834. Vol. III.

Burton, R G. *The First and the Second Sikh Wars*, complied for the General Staff. India. Simla, 1911.

Golchester, Lord. History of the Indian Administration of Lord Ellenborough. Richard Bentley, London, 1874.

Cunningham, Joseph Davy. A History of the Sikhs from the Origin of the Nation of the Battles of the Sutlej. John Murray, London, 1849.

Cust, Robert Needham. Oriental and Linguistic Essays. Part V and VI, 1898.

Edwards, William. Reminiscences of a Bengal Civilian, Smith, Elder and Co., London, 1866.

Fane H. E. Five Years in India. London, 1842.

Fraser, J. Baillie. Military Memoir of Lieut.-Col. James Skinner, C. B. Smith, Elder and Co., London. 1851. 2 vols.

Ganda Singh, Maharaja Ranjit Singh, Khalsa College, Amritsar, 1939.

—Bibliography of Sikh History.

—Maharani Jind Kaur of Lahore. *The Illustrated Weekly of India.* Bombay, January, 22, 1939.

—Some New Light on the Treaty of Bharowal, December, 1846. *Proceed. of I. H. R. Comm.* 1940. Vol. VII.

Griffin, Lepel. Punjab Chiefs. Lahore, 1890, 2 Vols.

Honighberger, John Martin. Thirty-five Years in the East. London, 1852.

Jacquemont, Victor. Letters from India, describing a Journey in the British Dominions of India, Tibet Lahore and Kashmere, during the years 1828,

1829, 1830, 1831. Edward Churton, London, 1834, 2 vols.

Kaye, J. W. Selections from the Papers of Lord Metcalf. Smith, Elder and Co., London, 1855.

Latif, Syed Muhammad. History of the Punjab. Calcutta, 1891.

Ludlow, J. M. British India : Its Races and Its History Macmillan & Co., Cambridge, 1858.

Masson, Charles. Narrative of Various Journeys in Balochistan, Afghanistan, and the Punjab. Richard Bentley, London, 1842. Vol. III.

M' Gregor, W. L. The History of the Sikhs, containing an Account of the War between the Sikhs and the British in 1846. James Madden, London, 1846, 2 vols.

Mohan Lal. Travels in the Punjab, Afghanistan and Turkistan etc. Allen and Co., London, 1846.

Pearse, Major High. Memoirs of Alexander Gardner, Colonel in the Artillery of Maharaja Ranjit Singh. Blackwood and Sons, London, 1898.

Prinsep, H. T. Origin of the Sikh Power in the Punjab and Political Life of Muha-Raja Runjeet Singh. Calcutta, 1834.

Schonberg, The Baron Erich Von. Travels in India and Kashmir. Hurst and Blacket, London, 1858.

Shahamat Ali. The Sikhs and Afghans......immediately before and after the death of Ranjit Singh. John Murray, London, 1847.

Smith G. C. The Autobiography of Lt-General Sir Harry Smith, Baronet of Aliwal on the Sutlej, G. C. B. John Murry, London, 1903.

Smyth, G. C. A History of the Reigning Family of Lahore, etc. Thacker and Co., Calcutta, 1847.

Steinbach, Lt.-Col. The Punjab : being a brief Account of the Country of the Sikhs Smith, Elder and Co., London, 1846.

(Thornton). History of the Punjab and of the Rise, Progress, and Present Condition of the Sect and Nation of the Sikhs. Allen & Co., London, 1846, 2 vols.